Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444

Vol. 19, Issue- 914, 09 to 15 July, 2026, Ph: 916-320-9444, E-mail: punjabmailusa@yahoo.com, Web: punjabmailusa.com

## ਟਰੈਵਲ ਏਜੰਟਾਂ ਬਾਰੇ ਕਾਨੂੰਨ ਸਖਤੀ ਨਾਲ ਲਾਗੂ ਕੀਤੇ ਜਾਣ : ਪੰਜਾਬ ਤੇ ਹਰਿਆਣਾ ਹਾਈ ਕੋਰਟ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਹ 'ਉਮੀਦ ਅਤੇ ਆਸ' ਪ੍ਰਗਟਾਈ ਹੈ ਕਿ ਪੰਜਾਬ ਤੇ ਹਰਿਆਣਾ ਰਾਜ ਟਰੈਵਲ ਏਜੰਟਾਂ ਨੂੰ ਨਿਯਮਤ ਕਰਨ ਵਾਲੇ ਮੌਜੂਦਾ ਕਾਨੂੰਨਾਂ ਨੂੰ 'ਗੰਭੀਰਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ' ਲਾਗੂ ਕਰਨਗੇ, ਤਾਂ ਜੋ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਹੋਣ ਤੋਂ ਬਚਾਇਆ ਜਾ ਸਕੇ। ਹਾਈ ਕੋਰਟ ਨੇ ਇਹ ਟਿੱਪਣੀ ਉਦੋਂ ਕੀਤੀ, ਜਦ ਅਦਾਲਤ ਤੋਂ ਮੰਗ ਕੀਤੀ ਗਈ ਕਿ ਵੀਜ਼ਾ ਸਲਾਹਕਾਰਾਂ ਲਈ ਵਿਦੇਸ਼ੀ ਸਰਕਾਰ ਦੀ ਸਰਟੀਫਿਕੇਸ਼ਨ ਲਾਜ਼ਮੀ ਕਰਨ ਬਾਰੇ ਹੋਰ ਨਿਰਦੇਸ਼ ਜਾਰੀ ਕੀਤੇ ਜਾਣ; ਹਾਲਾਂਕਿ ਅਜਿਹਾ ਕਰਨ ਤੋਂ ਹਾਈ ਕੋਰਟ ਨੇ ਇਨਕਾਰ ਕਰ ਦਿੱਤਾ। ਇਹ ਮੰਗ ਇਕ ਲੋਕ ਹਿੱਤ ਪਟੀਸ਼ਨ ਰਾਹੀਂ ਕੀਤੀ ਗਈ ਸੀ।

ਬੈਂਚ ਨੇ ਦੇਖਿਆ ਕਿ ਦੋਵਾਂ ਰਾਜਾਂ ਨੇ ਟਰੈਵਲ ਏਜੰਟਾਂ ਨੂੰ ਨਿਯਮਤ ਕਰਨ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਵਿਆਪਕ ਕਾਨੂੰਨ ਬਣਾ ਕੇ ਪਹਿਲਾਂ ਹੀ ਪ੍ਰਭਾਵਸ਼ਾਲੀ ਕਦਮ ਚੁੱਕ



ਲਏ ਹਨ, ਜਿਸ ਨਾਲ ਅਦਾਲਤ ਕੋਲ ਪਟੀਸ਼ਨਾਂ 'ਚ ਮੰਗੇ ਗਏ ਨਿਰਦੇਸ਼ ਜਾਰੀ ਕਰਨ ਦੀ ਕੋਈ ਗੁੰਜਾਇਸ਼ ਨਹੀਂ ਬਚੀ। ਬੈਂਚ ਨੇ ਕਿਹਾ, 'ਅਜਿਹਾ ਜਾਪਦਾ ਹੈ ਕਿ ਪੰਜਾਬ ਅਤੇ ਹਰਿਆਣਾ ਰਾਜਾਂ ਨੇ ਅਜਿਹੇ ਅਣਅਧਿਕਾਰਤ ਟਰੈਵਲ ਏਜੰਟਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਪੰਜਾਬ ਪ੍ਰੀਵੈਨਸ਼ਨ ਆਫ ਹਿਊਮਨ ਸਮੱਗਲਿੰਗ ਐਕਟ-2012 ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ, ਭਾਵ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਰੂਲਜ਼-2013 ਅਤੇ ਹਰਿਆਣਾ ਰਜਿਸਟ੍ਰੇਸ਼ਨ ਐਂਡ ਰੈਗੂਲੇਸ਼ਨ ਆਫ ਟਰੈਵਲ ਏਜੰਟ ਐਕਟ-2025 ਨੂੰ ਲਾਗੂ ਕਰ ਕੇ ਪ੍ਰਭਾਵਸ਼ਾਲੀ ਕਦਮ ਚੁੱਕੇ ਹਨ।'

ਪਟੀਸ਼ਨਕਰਤਾਵਾਂ ਨੇ ਪੰਜਾਬ ਅਤੇ ਹਰਿਆਣਾ ਰਾਜਾਂ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ ਕਿ ਭਾਰਤ ਵਿਚ ਵੀਜ਼ਾ ਸਲਾਹਕਾਰਾਂ ਲਈ ਸਬੰਧਤ ਵਿਦੇਸ਼ੀ ਸਰਕਾਰ ਤੋਂ ਲਾਇਸੰਸ ਜਾਂ ਪ੍ਰਮਾਣੀਕਰਨ ਪ੍ਰਾਪਤ ਕਰਨਾ ਲਾਜ਼ਮੀ ਕੀਤਾ ਜਾਵੇ। ਪਟੀਸ਼ਨਰ ਨੇ ਲੋਕਾਂ ਨੂੰ ਅਣਅਧਿਕਾਰਤ ਵੀਜ਼ਾ ਸਲਾਹਕਾਰਾਂ ਦੁਆਰਾ ਕੀਤੀਆਂ ਜਾ ਰਹੀਆਂ ਠੱਗੀਆਂ ਤੋਂ ਬਚਾਉਣ ਲਈ ਅਜਿਹੇ ਅਧਿਕਾਰਤ ਵੀਜ਼ਾ ਸਲਾਹਕਾਰਾਂ ਦੀ ਸੂਚੀ ਪ੍ਰਕਾਸ਼ਿਤ ਕਰਨ ਦੀ ਵੀ ਮੰਗ ਕੀਤੀ ਸੀ। ਪੰਜਾਬ ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਟਰੈਵਲ ਏਜੰਟਾਂ ਨੂੰ ਲਾਇਸੈਂਸ ਸਬੰਧਤ ਜ਼ਿਲ੍ਹਿਆਂ ਦੇ ਜ਼ਿਲ੍ਹਾ ਮੈਜਿਸਟਰੇਟਾਂ ਅਤੇ ਵਧੀਕ ਜ਼ਿਲ੍ਹਾ ਮੈਜਿਸਟਰੇਟਾਂ ਦੁਆਰਾ ਜਾਰੀ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ 3 ਸਤੰਬਰ 2013 ਦੇ ਨੋਟੀਫਿਕੇਸ਼ਨ ਤਹਿਤ ਸਮਰੱਥ ਅਥਾਰਿਟੀ ਵਜੋਂ ਨਾਮਜ਼ਦ ਕੀਤਾ ਗਿਆ ਹੈ। ਹਾਈ ਕੋਰਟ ਨੇ ਪੰਜਾਬ ਦੇ ਡੀ.ਜੀ.ਪੀ. ਵੱਲੋਂ ਦਾਇਰ ਇੱਕ ਵੱਖਰੇ ਹਲਫਨਾਮੇ ਦਾ ਵੀ ਨੋਟਿਸ ਲਿਆ।

## ਅਮਰੀਕਾ, ਕੈਨੇਡਾ ਤੇ ਯੂਰਪ ਤੋਂ 24 ਗੈਂਗਸਟਰ ਗ੍ਰਿਫ਼ਤਾਰ!

**ਲਾਸ ਏਂਜਲਸ, (ਪੰਜਾਬ ਮੇਲ)-** ਅਮਰੀਕੀ ਨਿਆਂ ਵਿਭਾਗ (ਡੀ.ਓ.ਜੇ.), ਐੱਫ.ਬੀ.ਆਈ. ਅਤੇ ਕੈਨੇਡਾ ਸਮੇਤ ਕਈ ਅੰਤਰਰਾਸ਼ਟਰੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ "ਆਪਰੇਸ਼ਨ ਹਾਰਡ ਬਾਲ" ਦੇ ਤਹਿਤ ਭਾਰਤ-ਆਧਾਰਿਤ ਸੰਗਠਿਤ ਅਪਰਾਧਿਕ ਗਿਰੋਹਾਂ ਖ਼ਿਲਾਫ਼ ਵੱਡੀ ਕਾਰਵਾਈ ਕੀਤੀ ਹੈ। ਇਸ ਕਾਰਵਾਈ ਵਿਚ 37 ਵਿਅਕਤੀਆਂ ਖ਼ਿਲਾਫ਼ ਤਿੰਨ ਵੱਖ-ਵੱਖ ਫੈਡਰਲ ਇਲਜ਼ਾਮਨਾਮੇ ਦਾਇਰ ਕੀਤੇ ਗਏ ਹਨ, ਜਦਕਿ 24 ਮੁਲਜ਼ਮਾਂ ਨੂੰ ਅਮਰੀਕਾ, ਕੈਨੇਡਾ ਅਤੇ ਯੂਰਪ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਅਮਰੀਕੀ ਅਧਿਕਾਰੀਆਂ ਅਨੁਸਾਰ ਇਹ ਗਿਰੋਹ ਕਤਲ, ਕਤਲ ਦੀਆਂ ਸਾਜ਼ਿਸ਼ਾਂ, ਫਿਰੌਤੀ, ਧਮਕੀਆਂ, ਨਸ਼ਿਆਂ ਦੀ ਤਸਕਰੀ, ਹਥਿਆਰਾਂ ਦੀ ਤਸਕਰੀ, ਮਨੀ ਲਾਂਡਰਿੰਗ ਅਤੇ ਸਰਹੱਦ ਪਾਰ ਸੰਗਠਿਤ ਅਪਰਾਧਾਂ ਵਿਚ ਸ਼ਾਮਲ ਸਨ। ਜਾਂਚ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਨੈੱਟਵਰਕ ਉੱਤਰੀ ਅਮਰੀਕਾ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਨੂੰ

■ **37 ਦੋਸ਼ੀਆਂ ਖਿਲਾਫ ਫੈਡਰਲ ਇਲਜ਼ਾਮਨਾਮੇ ਦਾਇਰ**



ਨਿਸ਼ਾਨਾ ਬਣਾਉਂਦੇ ਅਤੇ ਡਰ ਦਾ ਮਾਹੌਲ ਪੈਦਾ ਕਰਦੇ ਸਨ।

ਜਾਂਚ ਏਜੰਸੀਆਂ ਨੇ ਦੱਸਿਆ ਕਿ ਇਸ ਕੇਸ ਵਿਚ ਭਾਰਤ ਦੀ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਕਰੀਬੀ ਸਾਥੀ ਗੋਲਡੀ ਬਰਾੜ ਉੱਤੇ ਵੀ ਗੰਭੀਰ ਦੋਸ਼ ਲਗਾਏ ਗਏ ਹਨ। ਅਮਰੀਕੀ ਇਲਜ਼ਾਮਨਾਮੇ ਮੁਤਾਬਕ ਦੋਵਾਂ ਨੇ ਜੂਨ 2023 ਵਿਚ ਕੈਨੇਡਾ ਦੇ ਸਰੀ ਸ਼ਹਿਰ ਵਿਚ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਕਰਵਾਉਣ ਦੇ ਹੁਕਮ ਦਿੱਤੇ ਸਨ। ਇਹ ਦੋਸ਼ ਅਦਾਲਤ ਵਿਚ ਸਾਬਤ ਹੋਣੇ ਬਾਕੀ ਹਨ। ਅਮਰੀਕੀ ਨਿਆਂ ਵਿਭਾਗ ਦੇ ਅਨੁਸਾਰ ਇਸ ਅੰਤਰਰਾਸ਼ਟਰੀ ਕਾਰਵਾਈ ਦੌਰਾਨ ਕੈਲੀਫੋਰਨੀਆ ਵਿਚ 50 ਤੋਂ ਵੱਧ ਛਾਪੇ ਮਾਰੇ ਗਏ। ਸਿਰਫ਼ ਸੈਕਰਾਮੈਂਟੋ ਖੇਤਰ ਵਿਚ 23 ਅਤੇ ਲਾਸ ਏਂਜਲਸ ਖੇਤਰ ਵਿਚ 11 ਸਰਚ ਵਾਰੰਟ ਲਾਗੂ ਕੀਤੇ ਗਏ। ਕਾਰਵਾਈ ਦੌਰਾਨ ਲਗਭਗ 1,000 ਕਿਲੋਗ੍ਰਾਮ ਕੋਕੇਨ, 1 ਕਿਲੋਗ੍ਰਾਮ ਹੈਰੋਇਨ, 12 ਹਥਿਆਰ ਅਤੇ ਕਰੀਬ 40,000 ਡਾਲਰ ਨਕਦ ਵੀ ਬਰਾਮਦ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ 24 ਗ੍ਰਿਫ਼ਤਾਰੀਆਂ ਵਿਚੋਂ 11 ਕੈਲੀਫੋਰਨੀਆ, ਇੱਕ ਇੰਡੀਆਨਾ, ਇੱਕ ਜਾਰਜੀਆ, ਤਿੰਨ ਕੈਨੇਡਾ ਅਤੇ ਇੱਕ ਸਪੇਨ ਤੋਂ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਸੱਤ ਦੋਸ਼ੀ ਪਹਿਲਾਂ ਹੀ ਹਿਰਾਸਤ ਵਿਚ ਸਨ, ਜਦਕਿ 10 ਹੋਰ ਫਰਾਰ ਮੁਲਜ਼ਮਾਂ ਦੀ ਭਾਲ ਜਾਰੀ ਹੈ।

■ ਬਾਕੀ ਖਬਰ ਸਫਾ 19 'ਤੇ

## ਅਮਰੀਕੀ ਨਾਗਰਿਕਾਂ ਦੇ ਜੀਵਨ ਸਾਥੀਆਂ ਲਈ ਗ੍ਰੀਨ ਕਾਰਡ ਪ੍ਰਕਿਰਿਆ 'ਤੇ ਟਰੰਪ ਪ੍ਰਸ਼ਾਸਨ ਦੀ ਸਖਤੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਨਾਗਰਿਕ ਨਾਲ ਵਿਆਹ ਦੇ ਆਧਾਰ 'ਤੇ ਗ੍ਰੀਨ ਕਾਰਡ ਹਾਸਲ ਕਰਨ ਦਾ ਰਸਤਾ ਅਜੇ ਵੀ ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਤਹਿਤ ਜਾਰੀ ਹੈ, ਪਰ ਟਰੰਪ ਪ੍ਰਸ਼ਾਸਨ ਨੇ ਇਸ ਪ੍ਰਕਿਰਿਆ ਵਿਚ ਜਾਂਚ-ਪੜਤਾਲ ਅਤੇ ਸਖ਼ਤੀ ਨੂੰ ਕਾਫ਼ੀ ਵਧਾ ਦਿੱਤਾ ਹੈ। ਇਮੀਗ੍ਰੇਸ਼ਨ ਵਕੀਲਾਂ ਅਤੇ ਮਾਹਿਰਾਂ ਦਾ ਕਹਿਣਾ ਹੈ ਕਿ ਕਾਨੂੰਨ ਨਹੀਂ ਬਦਲਿਆ, ਪਰ ਕੇਸਾਂ ਦੀ ਸਮੀਖਿਆ ਹੁਣ ਪਹਿਲਾਂ ਨਾਲੋਂ ਕਾਫ਼ੀ ਸਖ਼ਤ ਅਤੇ ਅਧਿਕਾਰੀਆਂ ਦੇ ਵਿਵੇਕ 'ਤੇ ਵੱਧ ਨਿਰਭਰ ਹੋ ਗਈ ਹੈ।

ਅਮਰੀਕੀ ਨਾਗਰਿਕਾਂ ਅਤੇ ਗ੍ਰੀਨ ਕਾਰਡ ਹੋਲਡਰਾਂ ਦੇ ਪਰਿਵਾਰਾਂ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ ਅਮਰੀਕਨ ਫੈਮਿਲੀਜ਼ ਯੂਨਾਈਟਿਡ ਦੀ ਐਗਜ਼ਿਕਿਊਟਿਵ ਡਾਇਰੈਕਟਰ ਐਸ਼ਲੀ

■ **ਪ੍ਰਕਿਰਿਆ ਹੋਰ ਸਖਤ, ਲੰਬੀ ਅਤੇ ਵਿਸਥਾਰਪੂਰਵਕ ਜਾਂਚ ਦੇ ਦਾਇਰੇ ਵਿਚ ਆਈ**



ਡੀਅਜ਼ਵੇਡੋ ਨੇ ਕਿਹਾ ਕਿ ਅਮਰੀਕੀ ਨਾਗਰਿਕਾਂ ਲਈ ਆਪਣੇ ਵਿਦੇਸ਼ੀ ਜੀਵਨ ਸਾਥੀ ਨੂੰ ਗ੍ਰੀਨ ਕਾਰਡ ਦਿਵਾਉਣ ਦੀ ਪ੍ਰਕਿਰਿਆ ਹੁਣ ਪਹਿਲਾਂ ਨਾਲੋਂ ਕਾਫ਼ੀ ਮੁਸ਼ਕਲ ਹੋ ਗਈ ਹੈ। ਉਨ੍ਹਾਂ ਅਨੁਸਾਰ ਕੇਵਲ ਦੇਰੀ ਹੀ ਨਹੀਂ ਵਧੀ, ਸਗੋਂ ਹਰ ਕੇਸ ਵਿਚ ਅਧਿਕਾਰੀਆਂ ਵੱਲੋਂ ਵਧੇਰੇ ਵਿਅਕਤੀਗਤ ਜਾਂਚ ਕੀਤੀ ਜਾ ਰਹੀ ਹੈ।

ਦੂਜੇ ਪਾਸੇ, ਯੂ.ਐੱਸ.ਸੀ.ਆਈ.ਐੱਸ. ਦੇ ਬੁਲਾਰੇ ਜ਼ੈਕ ਕਾਹਲਰ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਪਿਛਲੇ ਪ੍ਰਸ਼ਾਸਨ ਨੇ ਸੁਰੱਖਿਆ ਜਾਂਚ ਅਤੇ ਵੇਟਿੰਗ ਪ੍ਰਕਿਰਿਆ ਨੂੰ ਕਮਜ਼ੋਰ ਕੀਤਾ ਸੀ, ਜਿਸ ਕਾਰਨ ਅਜਿਹੇ ਲੋਕ ਵੀ ਦੇਸ਼ ਵਿਚ ਦਾਖਲ ਹੋ ਗਏ, ਜੋ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਬਣ ਸਕਦੇ ਸਨ। ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਸ਼ਾਸਨ ਦਾ ਉਦੇਸ਼ ਹਰ ਅਰਜ਼ੀ ਦੀ ਡੂੰਘਾਈ ਨਾਲ ਜਾਂਚ ਕਰਕੇ ਇਮੀਗ੍ਰੇਸ਼ਨ ਪ੍ਰਣਾਲੀ ਦੀ ਭਰੋਸੇਯੋਗਤਾ ਨੂੰ ਮਜ਼ਬੂਤ ਕਰਨਾ ਹੈ।

■ ਬਾਕੀ ਖਬਰ ਸਫਾ 19 'ਤੇ

## ਕੈਲੀਫ਼ੋਰਨੀਆ 'ਚ ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਦੇਣ ਵਾਲੇ ਸੈਂਕੜੇ ਨਿੱਜੀ ਸਕੂਲਾਂ ਬਾਰੇ ਵੱਡਾ ਖੁਲਾਸਾ!

**ਵਾਸ਼ਿੰਗਟਨ, (ਪੰਜਾਬ ਮੇਲ)-** ਕੈਲੀਫ਼ੋਰਨੀਆ 'ਚ ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਦੇਣ ਵਾਲੇ ਸੈਂਕੜਿਆਂ ਨਿੱਜੀ ਸਕੂਲਾਂ ਬਾਰੇ ਇੱਕ ਵੱਡਾ ਖੁਲਾਸਾ ਸਾਹਮਣੇ ਆਇਆ ਹੈ। ਇੱਕ ਜਾਂਚ ਮੁਤਾਬਕ ਰਾਜ ਵਿਚ ਲਗਭਗ 184 ਟਰੱਕਿੰਗ ਸਕੂਲ ਅਜਿਹੇ ਚੱਲ ਰਹੇ ਹਨ, ਜੋ ਰਾਜ ਦੀ ਸਿੱਧੀ ਨਿਗਰਾਨੀ ਤੋਂ ਬਾਹਰ ਹਨ। ਕਈ ਸਕੂਲਾਂ ਨੇ ਨਿਯਮਾਂ ਦੀ ਉਲੰਘਣਾ ਕੀਤੀ, ਪਰ ਰਾਜ ਦੇ ਅਧਿਕਾਰੀਆਂ ਕੋਲ ਉਨ੍ਹਾਂ ਖ਼ਿਲਾਫ਼ ਪ੍ਰਭਾਵਸ਼ਾਲੀ ਕਾਰਵਾਈ ਕਰਨ ਦੀ ਕਾਨੂੰਨੀ ਤਾਕਤ ਨਹੀਂ ਸੀ।

ਇਸ ਦੀ ਸਭ ਤੋਂ ਵੱਡੀ ਵਜ੍ਹਾ ਕੈਲੀਫ਼ੋਰਨੀਆ ਦੇ ਕਾਨੂੰਨ ਵਿਚ ਮੌਜੂਦ ਇੱਕ ਛੋਟ (ਲੂਪਹੋਲ) ਹੈ। ਜੇ ਕੋਈ ਨਿੱਜੀ ਟਰੱਕਿੰਗ ਸਕੂਲ 2,500 ਡਾਲਰ ਜਾਂ ਇਸ ਤੋਂ ਘੱਟ ਫੀਸ ਲੈਂਦਾ ਹੈ, ਤਾਂ ਉਸ ਨੂੰ ਰਾਜ ਤੋਂ ਲਾਇਸੈਂਸ ਲੈਣ ਦੀ ਲੋੜ ਨਹੀਂ ਪੈਂਦੀ। ਇਸ ਕਰਕੇ ਇਹ ਸਕੂਲ ਰਾਜ ਦੀ ਨਿਯਮਤ ਜਾਂਚ ਅਤੇ ਨਿਗਰਾਨੀ ਤੋਂ ਬਚ ਜਾਂਦੇ ਹਨ। ਰਿਪੋਰਟ ਅਨੁਸਾਰ ਕੁਝ ਸਕੂਲਾਂ ਨੂੰ ਜਦੋਂ ਨੋਟਿਸ ਜਾਂ ਜੁਰਮਾਨੇ ਮਿਲੇ, ਤਾਂ ਉਨ੍ਹਾਂ ਨੇ ਆਪਣੀ ਫੀਸ

■ **ਰਾਜ ਦੀ ਸਿੱਧੀ ਨਿਗਰਾਨੀ ਤੋਂ ਬਾਹਰ ਚੱਲ ਰਹੇ ਨੇ ਲਗਭਗ 184 ਟਰੱਕਿੰਗ ਸਕੂਲ**

2,500 ਡਾਲਰ ਜਾਂ ਇਸ ਤੋਂ ਘੱਟ ਕਰ ਲਈ ਅਤੇ ਆਪਣੇ ਆਪ ਨੂੰ ਇਸ ਛੋਟ ਦੇ ਦਾਇਰੇ ਵਿਚ ਲੈ ਆਏ। ਕੁਝ ਹੋਰ ਸਕੂਲਾਂ ਨੇ ਤਾਂ ਰਾਜ ਦੇ ਹੁਕਮਾਂ ਨੂੰ ਹੀ ਨਜ਼ਰਅੰਦਾਜ਼ ਕਰ ਦਿੱਤਾ। ਅਧਿਕਾਰੀਆਂ ਨੇ ਮੰਨਿਆ ਕਿ ਅਜਿਹੇ ਮਾਮਲਿਆਂ ਵਿਚ ਉਨ੍ਹਾਂ ਕੋਲ ਜੁਰਮਾਨਾ ਲਗਾਉਣ ਤੋਂ ਇਲਾਵਾ ਬਹੁਤ ਘੱਟ ਕਾਨੂੰਨੀ ਵਿਕਲਪ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਬਿਨਾਂ ਸਖ਼ਤ ਨਿਗਰਾਨੀ ਦੇ ਇਹ ਯਕੀਨੀ ਬਣਾਉਣਾ ਮੁਸ਼ਕਲ ਹੈ ਕਿ ਵਿਦਿਆਰਥੀਆਂ ਨੂੰ ਭਾਰੀ ਟਰੱਕ ਸੁਰੱਖਿਅਤ ਢੰਗ ਨਾਲ ਚਲਾਉਣ ਦੀ ਪੂਰੀ ਸਿਖਲਾਈ ਮਿਲ ਰਹੀ ਹੈ ਜਾਂ ਨਹੀਂ। ਇਹ ਮਾਮਲਾ ਸੜਕ ਸੁਰੱਖਿਆ ਲਈ ਵੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।


■ ਬਾਕੀ ਖਬਰ ਸਫਾ 19 'ਤੇ

## ਅਮਰੀਕੀ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ 'ਤੇ ਡੀ.ਓ.ਜੇ. ਦਾ ਸਖਤ ਰੁਖ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਨਿਆਂ ਵਿਭਾਗ ਨੇ ਨਾਗਰਿਕਤਾ ਧੋਖਾਧੜੀ ਜਾਂ ਗਲਤ ਜਾਣਕਾਰੀ ਦੇ ਆਧਾਰ 'ਤੇ ਹਾਸਲ ਕਰਨ ਵਾਲੇ ਮਾਮਲਿਆਂ ਖ਼ਿਲਾਫ਼ ਆਪਣਾ ਰੁਖ ਹੋਰ ਸਖ਼ਤ ਕਰ ਦਿੱਤਾ ਹੈ। ਵਿਭਾਗ ਨੇ ਆਪਣੇ ਵਕੀਲਾਂ ਨੂੰ ਅਜਿਹੇ ਕੇਸਾਂ ਨੂੰ ਤਰਜੀਹ ਦੇਣ ਲਈ ਕਿਹਾ ਹੈ, ਜਿੱਥੇ ਇਹ ਸਬੂਤ ਮਿਲਣ ਕਿ ਕਿਸੇ ਵਿਅਕਤੀ ਨੇ ਅਮਰੀਕੀ ਨਾਗਰਿਕਤਾ ਲੈਂਦੇ ਸਮੇਂ ਮਹੱਤਵਪੂਰਨ ਜਾਣਕਾਰੀ ਲੁਕਾਈ, ਜਾਅਲੀ ਦਸਤਾਵੇਜ਼ ਵਰਤੇ ਜਾਂ ਜਾਣਬੁੱਝ ਕੇ ਗਲਤ ਬਿਆਨ ਦਿੱਤੇ।

ਇਸ ਪ੍ਰਕਿਰਿਆ ਨੂੰ ਡੀਨੈਚੁਰਲਾਈਜ਼ੇਸ਼ਨ ਕਿਹਾ ਜਾਂਦਾ ਹੈ। ਇਸਦਾ ਮਤਲਬ ਹੈ ਕਿ ਜੇਕਰ ਅਦਾਲਤ ਇਹ ਮੰਨ ਲਵੇ ਕਿ ਕਿਸੇ ਵਿਅਕਤੀ ਨੇ ਧੋਖਾਧੜੀ, ਝੂਠੇ ਬਿਆਨ ਜਾਂ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਅਮਰੀਕੀ ਨਾਗਰਿਕਤਾ ਹਾਸਲ ਕੀਤੀ ਸੀ, ਤਾਂ ਉਸ

■ **ਧੋਖਾਧੜੀ ਵਾਲੇ ਮਾਮਲਿਆਂ 'ਤੇ ਵੱਧ ਫੋਕਸ**




ਦੀ ਅਮਰੀਕੀ ਨਾਗਰਿਕਤਾ ਰੱਦ ਕੀਤੀ ਜਾ ਸਕਦੀ ਹੈ। ਡੀ.ਓ.ਜੇ. ਦੇ ਅਨੁਸਾਰ ਇਹ ਕਾਰਵਾਈ ਹਰ ਨਾਗਰਿਕ ਖ਼ਿਲਾਫ਼ ਨਹੀਂ ਹੋਵੇਗੀ। ਵਿਭਾਗ ਦਾ ਧਿਆਨ ਮੁੱਖ ਤੌਰ 'ਤੇ ਉਨ੍ਹਾਂ ਮਾਮਲਿਆਂ 'ਤੇ ਰਹੇਗਾ, ਜਿੱਥੇ ਰਾਸ਼ਟਰੀ ਸੁਰੱਖਿਆ, ਗੰਭੀਰ ਅਪਰਾਧ, ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਗੈਂਗ ਗਤੀਵਿਧੀਆਂ, ਦਹਿਸ਼ਤਗਰਦੀ ਨਾਲ ਸੰਬੰਧ ਜਾਂ ਇਮੀਗ੍ਰੇਸ਼ਨ ਪ੍ਰਕਿਰਿਆ ਦੌਰਾਨ ਜਾਣਬੁੱਝ ਕੇ ਕੀਤੀ ਗਈ ਧੋਖਾਧੜੀ ਦੇ ਸਬੂਤ ਮੌਜੂਦ ਹੋਣ। ■ ਬਾਕੀ ਖਬਰ ਸਫਾ 19 'ਤੇ

## ਕੈਲੀਫੋਰਨੀਆ ਦੇ 11 ਹਜ਼ਾਰ ਡਰਾਈਵਰਾਂ ਨੂੰ ਡੀ.ਐੱਮ.ਵੀ. ਵੱਲੋਂ ਨੋਟਿਸ!

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਕਰੀਬ 11 ਹਜ਼ਾਰ ਡਰਾਈਵਰਾਂ ਨੂੰ ਰਾਜ ਦੇ ਮੋਟਰ ਵਾਹਨ ਵਿਭਾਗ (ਡੀ.ਐੱਮ.ਵੀ.) ਵੱਲੋਂ ਨੋਟਿਸ ਭੇਜੇ ਗਏ ਹਨ, ਜਿਨ੍ਹਾਂ ਵਿਚ ਉਨ੍ਹਾਂ ਨੂੰ 30 ਦਿਨਾਂ ਦੇ ਅੰਦਰ ਲਿਖਤੀ ਡਰਾਈਵਿੰਗ ਗਿਆਨ ਪ੍ਰੀਖਿਆ ਮੁੜ ਦੇਣ ਲਈ ਕਿਹਾ ਗਿਆ ਹੈ। ਜੇ ਪ੍ਰਭਾਵਿਤ ਡਰਾਈਵਰ ਨਿਰਧਾਰਤ ਸਮੇਂ ਵਿਚ ਟੈਸਟ ਪਾਸ ਨਹੀਂ ਕਰਦੇ, ਤਾਂ ਉਨ੍ਹਾਂ ਦਾ ਡਰਾਈਵਿੰਗ ਲਾਇਸੈਂਸ ਰੱਦ ਕੀਤਾ ਜਾ ਸਕਦਾ ਹੈ। ਡੀ.ਐੱਮ.ਵੀ. ਨੇ ਪੁਸ਼ਟੀ ਕੀਤੀ ਹੈ ਕਿ ਇਹ ਨੋਟਿਸ ਉਨ੍ਹਾਂ ਲੋਕਾਂ ਨੂੰ ਭੇਜੇ ਗਏ ਹਨ, ਜਿਨ੍ਹਾਂ ਨੇ ਜੁਲਾਈ 2025 ਤੋਂ ਅਪ੍ਰੈਲ 2026 ਦੇ ਦਰਮਿਆਨ ਲਿਖਤੀ ਪ੍ਰੀਖਿਆ

■ **30 ਦਿਨਾਂ ਵਿਚ ਲਿਖਤੀ ਟੈਸਟ ਮੁੜ ਨਾ ਦਿੱਤਾ, ਤਾਂ ਲਾਇਸੈਂਸ ਹੋ ਸਕਦੈ ਰੱਦ**



ਦਿੱਤੀ ਸੀ। ਵਿਭਾਗ ਦਾ ਕਹਿਣਾ ਹੈ ਕਿ ਇਨ੍ਹਾਂ ਪ੍ਰੀਖਿਆਵਾਂ ਦੀ ਜਾਂਚ ਦੌਰਾਨ ਕੁਝ ਗੜਬੜੀਆਂ ਸਾਹਮਣੇ ਆਈਆਂ, ਜਿਸ ਕਾਰਨ ਟੈਸਟਾਂ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਹੋਏ ਅਤੇ ਪ੍ਰਭਾਵਿਤ ਉਮੀਦਵਾਰਾਂ ਨੂੰ ਦੁਬਾਰਾ ਪ੍ਰੀਖਿਆ ਦੇਣ ਲਈ ਕਿਹਾ ਗਿਆ ਹੈ। ਹਾਲਾਂਕਿ ਵਿਭਾਗ ਨੇ ਇਹ ਨਹੀਂ ਕਿਹਾ ਕਿ ਹਰ ਪ੍ਰਭਾਵਿਤ ਵਿਅਕਤੀ ਨੇ ਨਕਲ ਕੀਤੀ ਸੀ ਜਾਂ ਕਿਸੇ ਧੋਖਾਧੜੀ ਵਿਚ ਸ਼ਾਮਲ ਸੀ। ਸੈਕਰਾਮੈਂਟੋ ਦੇ ਇੱਕ ਡਰਾਈਵਰ, ਜਿਸ ਨੂੰ ਇਹ ਨੋਟਿਸ ਮਿਲਿਆ, ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, "ਮੈਨੂੰ ਪੂਰਾ ਯਕੀਨ ਹੈ ਕਿ ਮੈਂ ਕੋਈ ਨਕਲ ਨਹੀਂ ਕੀਤੀ।" ਉਸ ਨੇ ਇਹ ਵੀ ਕਿਹਾ ਕਿ ਉਸ ਨੂੰ ਇਹ ਨਹੀਂ ਦੱਸਿਆ ਗਿਆ ਕਿ ਉਸ ਦੇ ਟੈਸਟ ਵਿਚ ਅਸਲ ਗੜਬੜ ਕੀ ਸੀ। ਡੀ.ਐੱਮ.ਵੀ. ਵੱਲੋਂ ਭੇਜੇ ਗਏ ਪੱਤਰ ਵਿਚ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਪ੍ਰਭਾਵਿਤ ਡਰਾਈਵਰ ਪਹਿਲਾਂ ਅਪਾਇੰਟਮੈਂਟ ਬੁੱਕ ਕਰਨ, ਕਿਉਂਕਿ ਇਸ ਪ੍ਰਕਿਰਿਆ ਲਈ ਵਾਕ-ਇਨ ਦੀ ਇਜਾਜ਼ਤ ਨਹੀਂ ਹੋਵੇਗੀ। ■ ਬਾਕੀ ਖਬਰ ਸਫਾ 25 'ਤੇ

# ਟਰੱਕ ਭਾਈਚਾਰੇ ਵੱਲੋਂ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸੈਕਰਾਮੈਂਟੋ ਵਿਖੇ ਧਾਰਮਿਕ ਸਮਾਗਮ ਕਰਵਾਇਆ




**ਸੈਕਰਾਮੈਂਟੋ, (ਪੰਜਾਬ ਮੇਲ)-** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਟਰੱਕ ਭਾਈਚਾਰੇ ਵੱਲੋਂ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਨਤਮਸਤਕ ਹੋ ਕੇ ਕੀਰਤਨ, ਅਰਦਾਸ ਅਤੇ ਗੁਰਬਾਣੀ ਦੇ ਪ੍ਰਵਾਹ ਰਾਹੀਂ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ।

ਸਮਾਗਮ ਦੌਰਾਨ ਟਰੱਕ ਭਾਈਚਾਰੇ ਦੇ ਵੱਡੀ ਗਿਣਤੀ ਵਿਚ ਵੀਰਾਂ ਨੇ ਹਾਜ਼ਰੀ ਭਰੀ ਅਤੇ ਮੌਜੂਦਾ ਸਮੇਂ ਵਿਚ ਅਮਰੀਕਾ ਦੇ ਟਰੱਕਿੰਗ ਖੇਤਰ ਨੂੰ ਦਰਪੇਸ਼ ਚੁਣੌਤੀਆਂ ਦੇ ਮੱਦੇਨਜ਼ਰ ਸਮੂਹ ਟਰੱਕ ਚਾਲਕਾਂ ਦੀ ਚੜ੍ਹਦੀ ਕਲਾ, ਸੁਰੱਖਿਅਤ ਸਫ਼ਰ, ਚੰਗੀ ਸਿਹਤ ਅਤੇ ਰੋਜ਼ੀ-ਰੋਟੀ ਵਿਚ ਬਰਕਤ ਲਈ ਅਰਦਾਸ ਕੀਤੀ। ਅਰਦਾਸ ਦੌਰਾਨ ਇਹ ਵੀ ਕਾਮਨਾ ਕੀਤੀ ਗਈ ਕਿ ਹਰ ਟਰੱਕ ਡਰਾਈਵਰ ਨੂੰ ਗੁਰੂ ਸਾਹਿਬ ਦੀ ਮੇਹਰ ਪ੍ਰਾਪਤ ਹੋਵੇ ਅਤੇ ਕਿਸੇ ਵੀ ਵੀਰ ਨੂੰ ਕੋਈ ਦੁੱਖ, ਤਕਲੀਫ਼ ਜਾਂ ਹਾਦਸਾ ਨਾ ਵਾਪਰੇ।

ਇਸ ਮੌਕੇ ਗੁਰੂ ਕੇ ਲੰਗਰਾਂ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ, ਜਿੱਥੇ ਵੱਡੀ ਗਿਣਤੀ ਵਿਚ ਸੰਗਤ ਨੇ ਲੰਗਰ ਛਕ ਕੇ ਗੁਰੂ ਘਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਸਮਾਗਮ ਵਿਚ ਸੈਕਰਾਮੈਂਟੋ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਪੁੱਜੀ ਸੰਗਤ ਨੇ ਟਰੱਕ ਭਾਈਚਾਰੇ ਦੀ ਇਸ ਸੇਵਾ ਅਤੇ ਏਕਤਾ ਦੀ ਭਰਪੂਰ ਸਰਾਹਨਾ ਕੀਤੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਫਰਿਜ਼ਨੋ ਵਿਖੇ ਪੰਜਾਬੀ ਭਾਈਚਾਰੇ ਨੇ ਅਮਰੀਕਾ ਦਾ 250ਵਾਂ ਆਜ਼ਾਦੀ ਦਿਹਾੜਾ ਉਤਸ਼ਾਹ ਨਾਲ ਮਨਾਇਆ



**ਫਰਿਜ਼ਨੋ, (ਮਾਛੀਕੇ /ਧਾਲੀਆਂ /ਪੰਜਾਬ ਮੇਲ)-** ਅਮਰੀਕਾ ਦੇ 250ਵੇਂ ਆਜ਼ਾਦੀ ਦਿਹਾੜੇ ਮੌਕੇ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਨੇ ਘੋਲੀਆ ਹਵੇਲੀ ਵਿਖੇ ਰਲ-ਮਿਲ ਕੇ ਦੇਸ਼ ਭਗਤੀ ਅਤੇ ਭਾਈਚਾਰਕ ਸਾਂਝ ਦਾ ਸ਼ਾਨਦਾਰ ਪ੍ਰਗਟਾਵਾ ਕੀਤਾ। ਇਸ ਵਿਸ਼ੇਸ਼ ਸਮਾਗਮ ਦਾ ਆਯੋਜਨ ਉੱਘੇ ਕਾਰੋਬਾਰੀ ਸੁਰਜੀਤ ਸਿੰਘ ਘੋਲੀਆ (ਜੀ.ਟੀ.ਸੀ. ਲੌਜਿਸਟਿਕਸ), ਸ. ਸੁਖਦੀਪ ਸਿੰਘ ਸਿੱਧੂ, ਬਿੰਦਰ ਸਰਾਭਾ, ਗਾਇਕ ਬੱਬੂ ਗੁਰਪਾਲ ਅਤੇ ਕਮਲਜੀਤ ਟਿਵਾਣਾ, ਚਰਨਜੀਤ ਚੀਮਾ, ਮੇਸ਼ੀ ਭਲਵਾਨ, ਦਲਜੀਤ ਸਿੱਧੂ, ਹਰਪ੍ਰੀਤ ਸੋਮਲ ਤੇ ਪਰਮਿੰਦਰ ਸਿੰਘ ਆਦਿ ਸੱਜਣਾਂ ਦੇ ਉੱਦਮ ਸਦਕਾ ਕੀਤਾ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਭਾਈਚਾਰੇ ਨੇ ਸ਼ਮੂਲੀਅਤ ਕੀਤੀ।

ਸਮਾਗਮ ਦੀ ਸ਼ੁਰੂਆਤ ਅਮਰੀਕਾ ਦੇ ਰਾਸ਼ਟਰੀ ਝੰਡੇ ਨੂੰ ਪੂਰੇ ਸਨਮਾਨ ਨਾਲ ਲਹਿਰਾ ਕੇ ਕੀਤੀ ਗਈ। ਇਸ ਤੋਂ ਬਾਅਦ ਵਾਹਨਾਂ 'ਤੇ ਅਮਰੀਕੀ ਝੰਡੇ ਸਜਾ ਕੇ ਇੱਕ ਪ੍ਰਭਾਵਸ਼ਾਲੀ ਕਾਰ ਰੈਲੀ ਕੱਢੀ ਗਈ, ਜਿਸ ਨੇ ਸ਼ਹਿਰ ਵਾਸੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਅਤੇ ਅਮਰੀਕਾ ਪ੍ਰਤੀ ਪੰਜਾਬੀ ਭਾਈਚਾਰੇ ਦੇ ਸਤਿਕਾਰ ਅਤੇ ਵਫ਼ਾਦਾਰੀ ਦਾ ਸੁੰਦਰ ਸੰਦੇਸ਼ ਦਿੱਤਾ।

**■ ਘੋਲੀਆ ਹਵੇਲੀ ਵਿਖੇ ਸਮਾਗਮ, ਕਾਰ ਰੈਲੀ ਅਤੇ ਬਾਰਬੀਕਿਊ ਨੇ ਖਿੱਚਿਆ ਲੋਕਾਂ ਦਾ ਧਿਆਨ**



ਇਸ ਮੌਕੇ ਬਾਰਬੀਕਿਊ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ, ਜਿਸ ਦਾ ਪਰਿਵਾਰਾਂ ਅਤੇ ਬੱਚਿਆਂ ਨੇ ਭਰਪੂਰ ਆਨੰਦ ਮਾਣਿਆ। ਸਮਾਗਮ ਦੌਰਾਨ ਆਪਸੀ ਭਾਈਚਾਰਾ, ਮਿਲਵਰਤਣ ਅਤੇ ਦੇਸ਼-ਪ੍ਰੇਮ ਦੀ ਭਾਵਨਾ ਸਪੱਸ਼ਟ ਤੌਰ 'ਤੇ ਦੇਖਣ ਨੂੰ ਮਿਲੀ।

ਬੁਲਾਰਿਆਂ ਨੇ ਕਿਹਾ ਕਿ ਅਮਰੀਕਾ ਨੇ ਪੰਜਾਬੀਆਂ ਨੂੰ ਮਿਹਨਤ ਅਤੇ ਕਾਬਲੀਅਤ ਦੇ ਬਲਬੂਤੇ ਅੱਗੇ ਵਧਣ ਦੇ ਬੇਅੰਤ ਮੌਕੇ ਦਿੱਤੇ ਹਨ। ਅੱਜ ਫਰਿਜ਼ਨੋ ਅਤੇ ਆਸ-ਪਾਸ ਦੇ ਖੇਤਰਾਂ ਵਿਚ ਪੰਜਾਬੀਆਂ ਨੇ ਟਰੱਕਿੰਗ, ਖੇਤੀਬਾੜੀ, ਕਾਰੋਬਾਰ, ਸਿੱਖਿਆ, ਸਿਹਤ ਸੇਵਾਵਾਂ ਅਤੇ ਹੋਰ ਕਈ ਖੇਤਰਾਂ ਵਿਚ ਆਪਣੀ ਮਿਹਨਤ, ਲਗਨ ਅਤੇ ਸਿਆਣਪ ਨਾਲ ਵਿਸ਼ੇਸ਼ ਮਾਣ-ਸਨਮਾਨ ਹਾਸਲ ਕੀਤਾ ਹੈ।

ਇਸ ਮੌਕੇ ਲੋਕ ਗਾਇਕ ਬੱਬੂ ਗੁਰਪਾਲ ਨੇ ਗੀਤ ਗਾਕੇ ਆਏ ਮਹਿਮਾਨਾਂ ਦਾ ਮਨੋਰੰਜਨ ਕੀਤਾ। ਸੁਰਜੀਤ ਘੋਲੀਆ ਤੇ ਮਿੱਤਰਾਂ ਨੇ ਆਪਣੇ ਟੋਟਕਿਆਂ ਨਾਲ ਪਰਿਵਾਰਕ ਮਹਿਫ਼ਲ ਦੌਰਾਨ ਚੰਗਾ ਸਮਾਂ ਬੰਨ੍ਹਿਆ ।

ਸਮਾਗਮ ਦੇ ਅੰਤ ਵਿਚ ਸਾਰਿਆਂ ਨੇ ਅਮਰੀਕਾ ਦੇ 250ਵੇਂ ਆਜ਼ਾਦੀ ਦਿਹਾੜੇ ਦੀ ਇੱਕ-ਦੂਜੇ ਨੂੰ ਵਧਾਈ ਦਿੱਤੀ ਅਤੇ ਇਹ ਸੰਕਲਪ ਦੁਹਰਾਇਆ ਕਿ ਪੰਜਾਬੀ ਭਾਈਚਾਰਾ ਅਮਰੀਕਾ ਦੀ ਤਰੱਕੀ ਅਤੇ ਖੁਸ਼ਹਾਲੀ ਵਿਚ ਆਪਣਾ ਯੋਗਦਾਨ ਇਸੇ ਤਰ੍ਹਾਂ ਜਾਰੀ ਰੱਖੇਗਾ।


Global Allianz

LAW FIRM LLP

ਕਾਨੂੰਨੀ ਸਲਾਹਾਂ



Atul Kapoor
C.E.O

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਪ੍ਰਸਿੱਧ ਸ਼ਾਇਰ ਈਸ਼ਰ ਸਿੰਘ ਜੀ ਮੋਮਨ ਦੀ ਸਾਲਾਨਾ ਬਰਸੀ 'ਤੇ ਰਾਇ ਬਿਲਾਲ ਭੱਟੀ, ਨਨਕਾਣਾ ਸਾਹਿਬ ਵਲੋਂ ਸ਼ਰਧਾਂਜਲੀ ਭੇਂਟ






**ਸੈਨਹੋਜ਼ੇ, (ਪ੍ਰਮਿੰਦਰ ਸਿੰਘ ਪ੍ਰਵਾਨਾ/ਪੰਜਾਬ ਮੇਲ)-** ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਪ੍ਰਸਿੱਧ ਪੰਜਾਬੀ ਸ਼ਾਇਰ ਸਵਰਗੀ ਈਸ਼ਰ ਸਿੰਘ ਜੀ ਮੋਮਨ ਦੀ ਸਾਲਾਨਾ ਬਰਸੀ ਮਨਾਈ ਗਈ। ਸੰਗਤਾਂ ਵਿਚ ਦੋਸਤ, ਮਿੱਤਰ, ਰਿਸ਼ਤੇਦਾਰ, ਪਤਵੰਤੇ ਸੱਜਣ, ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ, ਪਾਠੀ ਕੀਰਤਨੀਏ ਅਤੇ ਬੁਲਾਰੇ ਹਾਜ਼ਰ ਸਨ। ਉਪਰੰਤ ਸ਼ਾਇਰਾਂ ਵਿਚ ਪ੍ਰਮਿੰਦਰ ਸਿੰਘ ਪ੍ਰਵਾਨਾ, ਬਲਜਿੰਦਰ ਸਿੰਘ, ਜਗਜੀਤ ਸਿੰਘ ਨੌਸ਼ਹਿਰਵੀ, ਸੁਰਿੰਦਰ ਸਿੰਘ ਸੀਰਤ, ਨੀਲਮ ਸੈਣੀ ਵੱਲੋਂ ਈਸ਼ਰ ਸਿੰਘ ਮੋਮਨ ਜੀ ਦੀ ਜ਼ਿੰਦਗੀ ਅਤੇ ਸ਼ਾਇਰੀ 'ਤੇ ਸਾਂਝ ਪਾਈ ਗਈ ਅਤੇ ਉਨ੍ਹਾਂ ਦੀਆਂ ਨਿੱਘੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ।

ਵਿਸ਼ੇਸ਼ ਤੌਰ 'ਤੇ ਹਾਜ਼ਰ ਰਾਇ ਬਿਲਾਲ ਨਨਕਾਣਾ ਸਾਹਿਬ ਜੋ ਰਾਇ ਬੁਲਾਰੇ ਜੀ ਦੀ 19ਵੀਂ ਪੀੜ੍ਹੀ 'ਚੋਂ ਹਨ, ਨੇ ਸ਼ਰਧਾਂਜਲੀ ਭੇਂਟ ਕੀਤੀ ਕਿ ਬਾਬਾ ਜੀ ਮੋਮਨ ਸਾਹਿਬ ਜੀ ਦੀ ਰੂਹ ਨੂੰ ਜੰਨਤ ਬਖਸ਼ੇ, ਰਹਿਮਤ ਕਰੇ ਅਤੇ ਪਰਿਵਾਰ ਨੂੰ ਬਲ ਬਖਸ਼ੇ, ਰਹਿਮਤ ਬਖਸ਼ੇ ਅਤੇ ਮੁਸ਼ਕਲਾਂ ਆਸਾਨ ਹੋਣ।

ਜਗਤ ਬਾਬਾ ਨਾਨਕ ਦੇਵ ਜੀ 'ਚੋਂ ਰੱਬੀ ਨੂਰ ਵੇਖਣ ਵਾਲੇ ਪਹਿਲੇ ਸ਼ਖਸ ਰਾਇ ਬੁਲਾਰੇ ਭੱਟੀ ਦੀ 19ਵੀਂ ਪੀੜ੍ਹੀ 'ਚੋਂ ਰਾਇ ਬਿਲਾਲ ਹਨ। ਉਹ ਅੰਤਰ-ਧਰਮ ਵਿਚ ਵੱਖ-ਵੱਖ ਧਰਮਾਂ ਵਿਚਕਾਰ ਆਪਸੀ ਸਹਿਯੋਗ, ਸਮਝ, ਸਾਂਝ ਅਤੇ ਸਾਕਾਰਾਤਮਿਕ ਤਾਲਮੇਲ ਰੱਖਣ ਲਈ ਕੰਮ ਕਰਦੇ ਹਨ। ਇਨ੍ਹਾਂ ਸੇਵਾਵਾਂ ਕਰਕੇ ਹੀ ਗੁਰੂ ਨਾਨਕ ਦਰਬਾਰ ਤੱਤ ਖਾਲਸਾ ਦਿਵਾਨ ਮਲੇਸ਼ੀਆ ਦੀ ਸੰਗਤ ਵੱਲੋਂ ਉਨ੍ਹਾਂ ਨੂੰ 'ਗੁਰੂ ਨਾਨਕ ਸਨਮਾਨ' 2025 ਭੇਂਟ ਕੀਤਾ ਗਿਆ ਹੈ।

# ਟਰੰਪ ਨੇ 'ਅਮਰੀਕਾ 250' ਮੁਹਿੰਮ ਦੀ ਕੀਤੀ ਸ਼ੁਰੂਆਤ

## ਅਮਰੀਕਾ 250 ਦੇ ਜਸ਼ਨ ਅਗਲੇ ਸਾਲ ਤੱਕ ਰਹਿਣਗੇ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਦੀ ਆਜ਼ਾਦੀ ਦੇ 250ਵੇਂ ਵਰ੍ਹੇ ਨੂੰ ਸਮਰਪਿਤ ਇੱਕ ਸਾਲ ਲੰਬੀ 'ਅਮਰੀਕਾ 250' ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਤਹਿਤ ਜੁਲਾਈ 2027 ਤੱਕ ਦੇਸ਼ ਭਰ ਵਿਚ ਦੇਸ਼ਭਗਤੀ ਸਮਾਗਮ, ਇਤਿਹਾਸਕ ਸਥਾਨਾਂ ਦੀ ਸੰਭਾਲ, ਰਾਸ਼ਟਰੀ ਸਮਾਰਕਾਂ ਦੀ ਮੁਰੰਮਤ ਅਤੇ ਵਿਰਾਸਤ ਨੂੰ ਸੁਰੱਖਿਅਤ ਕਰਨ ਲਈ ਕਈ ਪਹਿਲਾਂ ਕੀਤੀਆਂ ਜਾਣਗੀਆਂ।

ਅਮਰੀਕੀ ਗ੍ਰਹਿ ਮੰਤਰੀ ਡੱਗ ਬਰਗਮ ਨੇ ਕਿਹਾ ਕਿ ਸੁਤੰਤਰਤਾ ਦਿਵਸ ਮੌਕੇ ਹੋਏ ਜਸ਼ਨਾਂ ਨਾਲ ਇਸ ਸਾਲ ਭਰ ਚੱਲਣ ਵਾਲੇ ਪ੍ਰੋਗਰਾਮ ਦੀ ਰਸਮੀ ਸ਼ੁਰੂਆਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦਾ ਟੀਚਾ ਅਮਰੀਕਾ ਦੀ ਵਿਰਾਸਤ ਨੂੰ ਸਨਮਾਨ ਦੇਣਾ ਅਤੇ 250ਵੇਂ ਆਜ਼ਾਦੀ ਦਿਵਸ ਤੋਂ ਪਹਿਲਾਂ ਰਾਸ਼ਟਰੀ ਰਾਜਧਾਨੀ ਨੂੰ ਹੋਰ ਸੁਰੱਖਿਅਤ ਅਤੇ ਸੁੰਦਰ ਬਣਾਉਣਾ ਹੈ।

ਬਰਗਮ ਮੁਤਾਬਕ, ਟਰੰਪ ਪ੍ਰਸ਼ਾਸਨ ਹੁਣ ਤੱਕ ਵਾਸ਼ਿੰਗਟਨ ਡੀ.ਸੀ. ਵਿਚ 48 ਸਮਾਰਕਾਂ, 22 ਫੁਹਾਰਿਆਂ ਦੀ ਮੁਰੰਮਤ ਕਰ ਚੁੱਕਾ ਹੈ ਅਤੇ ਸਰਕਾਰੀ ਸੰਪਤੀਆਂ ਤੋਂ 1,000 ਤੋਂ ਵੱਧ ਗ੍ਰੈਫ਼ਿਟੀ ਹਟਾਈ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਥਾਨਕ ਲੋਕਾਂ ਦਾ ਵੀ ਮੰਨਣਾ ਹੈ ਕਿ ਰਾਜਧਾਨੀ ਪਹਿਲਾਂ ਨਾਲੋਂ ਕਾਫ਼ੀ ਬਿਹਤਰ ਦਿਖਾਈ ਦੇ ਰਹੀ ਹੈ।

ਪ੍ਰਸ਼ਾਸਨ ਨੇ ਲਿੰਕਨ ਮੈਮੋਰੀਅਲ ਰਿਫਲੈਕਟਿੰਗ ਪੂਲ ਦੀ ਮੁਰੰਮਤ ਨੂੰ ਵੀ ਆਪਣੀ ਮਹੱਤਵਪੂਰਨ ਪ੍ਰਾਪਤੀ ਦੱਸਿਆ। ਬਰਗਮ ਨੇ ਕਿਹਾ ਕਿ ਮੁਰੰਮਤ ਤੋਂ ਪਹਿਲਾਂ ਪੂਲ ਵਿਚੋਂ ਹਰ ਰੋਜ਼ ਲਗਭਗ 45,000 ਗੈਲਨ ਪਾਣੀ ਲੀਕ ਹੋ ਰਿਹਾ ਸੀ। ਹਾਲਾਂਕਿ, ਨਵੇਂ ਲਾਈਨਰ ਨੂੰ ਨੁਕਸਾਨ ਪਹੁੰਚਣ ਕਾਰਨ ਇਸ ਪ੍ਰੋਜੈਕਟ ਦੀ ਆਲੋਚਨਾ ਵੀ ਹੋਈ, ਪਰ ਉਨ੍ਹਾਂ ਕਿਹਾ ਕਿ ਨੁਕਸਾਨ ਸੀਮਤ ਹੈ ਅਤੇ ਇਸ ਦੀ ਮੁਰੰਮਤ ਕੀਤੀ ਜਾਵੇਗੀ।

ਇਸ ਤੋਂ ਇਲਾਵਾ, ਪ੍ਰਸ਼ਾਸਨ ਨੇ ਦੇਸ਼ ਭਰ ਦੇ ਰਾਸ਼ਟਰੀ ਪਾਰਕਾਂ ਅਤੇ ਸਰਕਾਰੀ ਜ਼ਮੀਨਾਂ 'ਤੇ ਵੀ ਮੁਰੰਮਤ ਅਤੇ ਸੰਭਾਲ ਦੇ ਕੰਮ ਤੇਜ਼ ਕਰਨ ਦੀ ਯੋਜਨਾ ਬਣਾਈ ਹੈ। ਬਰਗਮ ਨੇ ਕਿਹਾ ਕਿ ਗ੍ਰੇਟ ਅਮਰੀਕਨ ਆਊਟਡੋਰਜ਼ ਐਕਟ ਤਹਿਤ ਲੰਬੇ ਸਮੇਂ ਤੋਂ ਲਟਕੇ ਰੱਖ-ਰਖਾਅ ਦੇ ਕੰਮ ਪੂਰੇ ਕੀਤੇ ਜਾਣਗੇ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ 'ਅਮਰੀਕਾ 250' ਮੁਹਿੰਮ ਉਨ੍ਹਾਂ ਦੇ ਦੂਜੇ ਕਾਰਜਕਾਲ ਦੀਆਂ ਸਭ ਤੋਂ ਮਹੱਤਵਪੂਰਨ ਘਰੇਲੂ ਪਹਿਲਕਦਮੀਆਂ ਵਿਚੋਂ ਇੱਕ ਹੈ। ਇਸ ਤਹਿਤ ਸੰਘੀ ਏਜੰਸੀਆਂ, ਰਾਜ ਸਰਕਾਰਾਂ, ਅਜਾਇਬ ਘਰਾਂ, ਇਤਿਹਾਸਕ ਸੰਸਥਾਵਾਂ ਅਤੇ ਸਮਾਜਿਕ ਸੰਗਠਨਾਂ ਵੱਲੋਂ ਜੁਲਾਈ 2027 ਤੱਕ ਦੇਸ਼ ਭਰ ਵਿਚ ਯਾਦਗਾਰੀ ਸਮਾਗਮ ਕਰਵਾਏ ਜਾਣਗੇ, ਜਦੋਂ ਅਮਰੀਕਾ ਆਜ਼ਾਦੀ ਦੇ ਐਲਾਨ (**Declaration of Independence**) ਦੇ 250 ਸਾਲ ਪੂਰੇ ਹੋਣ ਦਾ ਜਸ਼ਨ ਮਨਾਏਗਾ।

# ਵਰਲਡ ਕੱਪ ਮੈਚਾਂ ਦੌਰਾਨ 700 ਤੋਂ ਵੱਧ ਡਰੋਨ ਜ਼ਬਤ: ਐੱਫ.ਬੀ.ਆਈ.




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਚੱਲ ਰਹੇ ਫੀਫਾ ਕਲੱਬ ਵਰਲਡ ਕੱਪ ਦੌਰਾਨ ਸੁਰੱਖਿਆ ਨੂੰ ਲੈ ਕੇ ਐੱਫ.ਬੀ.ਆਈ. ਨੇ ਵੱਡਾ ਖੁਲਾਸਾ ਕੀਤਾ ਹੈ। ਐੱਫ.ਬੀ.ਆਈ. ਮੁਤਾਬਕ 11 ਜੂਨ ਤੋਂ ਟੂਰਨਾਮੈਂਟ ਦੀ ਸ਼ੁਰੂਆਤ ਤੋਂ ਬਾਅਦ ਹੁਣ ਤੱਕ ਵਰਲਡ ਕੱਪ ਮੈਚਾਂ ਅਤੇ ਫੈਨ ਫੈਸਟ ਸਮਾਗਮਾਂ ਦੇ ਨੇੜੇ 700 ਤੋਂ ਵੱਧ ਡਰੋਨ ਜ਼ਬਤ ਕੀਤੇ ਜਾ ਚੁੱਕੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਦੇਸ਼ ਭਰ ਵਿਚ ਜ਼ਬਤ ਕੀਤੇ ਗਏ ਡਰੋਨਾਂ ਦੀ ਗਿਣਤੀ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿਚ ਦੋਗੁਣੀ ਹੋ ਗਈ ਹੈ, ਜਿਸ ਕਾਰਨ ਸੁਰੱਖਿਆ ਏਜੰਸੀਆਂ ਨੇ ਨਿਗਰਾਨੀ ਹੋਰ ਸਖ਼ਤ ਕਰ ਦਿੱਤੀ ਹੈ।

ਐੱਫ.ਬੀ.ਆਈ. ਨੇ ਕਿਹਾ ਕਿ ਉਹ ਸਥਾਨਕ ਅਤੇ ਰਾਜ ਪੁਲਿਸ ਦੇ ਨਾਲ ਮਿਲ ਕੇ ਵਰਲਡ ਕੱਪ ਮੈਚਾਂ ਅਤੇ ਉਨ੍ਹਾਂ ਨਾਲ ਜੁੜੇ ਫੈਨ ਫੈਸਟ ਸਮਾਗਮਾਂ ਦੇ ਆਲੇ-ਦੁਆਲੇ ਡਰੋਨ ਗਤੀਵਿਧੀਆਂ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ। ਅਮਰੀਕੀ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (ਐੱਫ.ਏ.ਏ.) ਵੱਲੋਂ ਇਨ੍ਹਾਂ ਖੇਤਰਾਂ ਵਿਚ ਅਸਥਾਈ ਹਵਾਈ ਪਾਬੰਦੀਆਂ ਲਾਗੂ ਕੀਤੀਆਂ ਗਈਆਂ ਹਨ ਅਤੇ ਡਰੋਨ ਮਾਲਕਾਂ ਲਈ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ। ਜ਼ਿਆਦਾਤਰ ਉਲੰਘਣਾਵਾਂ ਵਿਚ ਡਰੋਨ ਜ਼ਬਤ ਕਰਨ ਦੇ ਨਾਲ-ਨਾਲ ਚਲਾਨ ਵੀ ਜਾਰੀ ਕੀਤੇ ਗਏ ਹਨ।

ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਹਰ ਵਰਲਡ ਕੱਪ ਮੈਚ ਤੋਂ ਤਿੰਨ ਘੰਟੇ ਪਹਿਲਾਂ ਅਤੇ ਤਿੰਨ ਘੰਟੇ ਬਾਅਦ ਤੱਕ ਸਟੇਡੀਅਮ ਦੇ ਆਲੇ-ਦੁਆਲੇ 'ਨੋ-ਫਲਾਈ ਜ਼ੋਨ' ਲਾਗੂ ਰਹਿੰਦਾ ਹੈ। ਇਸ ਦੌਰਾਨ ਬਿਨਾਂ ਇਜਾਜ਼ਤ ਡਰੋਨ ਉਡਾਉਣਾ ਸੰਘੀ ਕਾਨੂੰਨ ਦੀ ਉਲੰਘਣਾ ਹੈ। ਅਮਰੀਕੀ ਅਟਾਰਨੀ ਆਰ. ਮੈਥਿਊ ਪ੍ਰਾਈਸ ਨੇ ਕਿਹਾ ਕਿ ਨੋ-ਫਲਾਈ ਜ਼ੋਨ ਵਿਚ ਡਰੋਨ ਉਡਾਉਣਾ ਨਾ ਸਿਰਫ਼ ਗੈਰ-ਕਾਨੂੰਨੀ ਹੈ, ਸਗੋਂ ਜਨਤਕ ਸੁਰੱਖਿਆ ਲਈ ਵੀ ਵੱਡਾ ਖ਼ਤਰਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਨਿਯਮਾਂ ਦੀ ਉਲੰਘਣਾ ਕਰਦਾ ਡਰੋਨ ਨਜ਼ਰ ਆਵੇ, ਤਾਂ ਤੁਰੰਤ ਸੂਚਨਾ ਦਿੱਤੀ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਨਿਯਮ ਤੋੜਨ ਵਾਲਿਆਂ ਖ਼ਿਲਾਫ਼ ਅਮਰੀਕੀ ਨਿਆਂ ਵਿਭਾਗ ਵੱਲੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਇਮੀਗ੍ਰੇਸ਼ਨ ਡਿਟੈਨਸ਼ਨ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਨੂੰ ਫੈਡਰਲ ਅਪੀਲ ਕੋਰਟ ਤੋਂ ਵੱਡਾ ਝਟਕਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਡਿਟੈਨਸ਼ਨ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਨੂੰ ਫੈਡਰਲ ਅਪੀਲ ਕੋਰਟ ਤੋਂ ਵੱਡਾ ਝਟਕਾ ਲੱਗਿਆ ਹੈ। ਨਿਊ ਔਰਲੀਅਨਜ਼ ਸਥਿਤ ਪੰਜਵੀਂ ਸਰਕਟ ਅਪੀਲ ਕੋਰਟ ਨੇ 2-1 ਦੇ ਫੈਸਲੇ ਵਿਚ ਕਿਹਾ ਹੈ ਕਿ ਸਰਕਾਰ ਇਮੀਗ੍ਰੈਂਟਸ ਨੂੰ 90 ਦਿਨਾਂ ਤੋਂ ਵੱਧ ਬਿਨਾਂ ਬਾਂਡ ਸੁਣਵਾਈ ਦੇ ਹਿਰਾਸਤ ਵਿਚ ਨਹੀਂ ਰੱਖ ਸਕਦੀ। ਇਸ ਫੈਸਲੇ ਦਾ ਅਸਰ ਖਾਸ ਤੌਰ 'ਤੇ ਟੈਕਸਸ ਅਤੇ ਲੂਸੀਆਨਾ ਵਰਗੇ ਸੂਬਿਆਂ ਵਿਚ ਹਿਰਾਸਤ ਵਿਚ ਰੱਖੇ ਹਜ਼ਾਰਾਂ ਲੋਕਾਂ 'ਤੇ ਪੈ ਸਕਦਾ ਹੈ। ਅਦਾਲਤ ਨੇ ਕਿਹਾ ਕਿ ਜੇ ਸਰਕਾਰ ਕਿਸੇ ਵਿਅਕਤੀ ਨੂੰ 90 ਦਿਨਾਂ ਤੋਂ ਵੱਧ ਹਿਰਾਸਤ ਵਿਚ ਰੱਖਣਾ ਚਾਹੁੰਦੀ ਹੈ, ਤਾਂ ਉਸ ਨੂੰ ਇਮੀਗ੍ਰੇਸ਼ਨ ਜੱਜ ਅੱਗੇ ਬਾਂਡ ਸੁਣਵਾਈ ਦਾ ਮੌਕਾ ਦੇਣਾ ਪਵੇਗਾ। ਇਸ ਸੁਣਵਾਈ ਵਿਚ ਸਰਕਾਰ ਨੂੰ ਦੱਸਣਾ ਪਵੇਗਾ ਕਿ ਉਹ ਵਿਅਕਤੀ ਭੱਜਣ ਦਾ ਖ਼ਤਰਾ ਹੈ, ਸਮਾਜ ਲਈ ਖ਼ਤਰਾ ਹੈ ਜਾਂ ਉਸ ਨੂੰ ਹੋਰ ਕਿਸ ਕਾਰਨ ਹਿਰਾਸਤ ਵਿਚ ਰੱਖਣਾ ਜ਼ਰੂਰੀ ਹੈ।

# ਵੀਜ਼ਾ ਓਵਰਸਟੇਅ: ਅਮਰੀਕਾ 'ਚ ਮਿਆਦ ਤੋਂ ਵੱਧ ਰਹਿਣਾ ਪੈ ਸਕਦਾ ਹੈ ਮਹਿੰਗਾ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਆਉਣ ਵਾਲੇ ਕਈ ਲੋਕ ਇੱਕ ਆਮ ਪਰ ਗੰਭੀਰ ਗਲਤੀ ਕਰ ਬੈਠਦੇ ਹਨ। ਉਹ ਸਮਝਦੇ ਹਨ ਕਿ ਜਦੋਂ ਤੱਕ ਉਨ੍ਹਾਂ ਦੇ ਪਾਸਪੋਰਟ 'ਤੇ ਲੱਗਿਆ ਵੀਜ਼ਾ ਵੈਧ ਹੈ, ਉਦੋਂ ਤੱਕ ਉਹ ਅਮਰੀਕਾ ਵਿਚ ਰਹਿ ਸਕਦੇ ਹਨ। ਹਾਲਾਂਕਿ, ਅਮਰੀਕੀ ਇਮੀਗ੍ਰੇਸ਼ਨ ਨਿਯਮਾਂ ਅਨੁਸਾਰ ਅਮਰੀਕਾ ਵਿਚ ਰਹਿਣ ਦੀ ਮਿਆਦ ਵੀਜ਼ਾ ਸਟੈਂਪ ਨਾਲ ਨਹੀਂ, ਸਗੋਂ ਆਈ-94 ਰਿਕਾਰਡ ਨਾਲ ਤੈਅ ਹੁੰਦੀ ਹੈ। ਜੇਕਰ ਆਈ-ਜੇ ਕੋਈ ਵਿਅਕਤੀ ਆਪਣੀ ਮਨਜ਼ੂਰਸ਼ੁਦਾ ਮਿਆਦ ਤੋਂ ਬਾਅਦ ਅਮਰੀਕਾ ਵਿਚ ਰਹਿੰਦਾ ਹੈ, ਤਾਂ ਉਹ ਆਊਟ ਆਫ ਸਟੇਟਸ ਮੰਨਿਆ ਜਾ ਸਕਦਾ ਹੈ। ਅਜਿਹੇ ਮਾਮਲਿਆਂ ਵਿਚ ICE ਜਾਂ ਹੋਰ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਰਿਮੂਵਲ ਜਾਂ ਡਿਪੋਰਟੇਸ਼ਨ ਦੀ ਕਾਰਵਾਈ ਕੀਤੀ ਜਾ ਸਕਦੀ ਹੈ।

ਇਹ ਖ਼ਤਰਾ ਉਨ੍ਹਾਂ ਲੋਕਾਂ ਲਈ ਹੋਰ ਵੱਧ ਜਾਂਦਾ ਹੈ, ਜਿਨ੍ਹਾਂ ਦੇ ਖ਼ਿਲਾਫ਼ ਪਹਿਲਾਂ ਕੋਈ ਕ੍ਰਿਮੀਨਲ ਕੇਸ, ਅਣਅਧਿਕਾਰਤ ਕੰਮ, ਇਮੀਗ੍ਰੇਸ਼ਨ ਧੋਖਾਧੜੀ ਜਾਂ ਰਿਮੂਵਲ ਆਰਡਰ ਮੌਜੂਦ ਹੋਵੇ।

ਕਈ ਲੋਕਾਂ ਦੀ ਧਾਰਨਾ ਹੁੰਦੀ ਹੈ ਕਿ ਵੀਜ਼ਾ ਓਵਰਸਟੇਅ ਹੋਣ ਤੋਂ ਬਾਅਦ ਵਿਆਹ ਜਾਂ ਪਰਿਵਾਰਕ ਸਪਾਂਸਰਸ਼ਿਪ ਰਾਹੀਂ ਹਰ ਸਮੱਸਿਆ ਹੱਲ ਹੋ ਜਾਵੇਗੀ। ਹਾਲਾਂਕਿ ਕੁਝ ਮਾਮਲਿਆਂ ਵਿਚ ਅਮਰੀਕੀ ਨਾਗਰਿਕਾਂ ਦੇ ਫੌਰੀ ਰਿਸ਼ਤੇਦਾਰਾਂ ਲਈ ਕਾਨੂੰਨੀ ਛੋਟਾਂ ਹੋ ਸਕਦੀਆਂ ਹਨ, ਪਰ ਹਰ ਕੇਸ ਇੱਕੋ ਜਿਹਾ ਨਹੀਂ ਹੁੰਦਾ।

ਜੇ ਕਿਸੇ ਨੇ ਗੈਰ-ਕਾਨੂੰਨੀ ਮੌਜੂਦਗੀ ਇਕੱਠੀ ਕੀਤੀ ਹੈ, ਬਿਨਾਂ ਇਜਾਜ਼ਤ ਕੰਮ ਕੀਤਾ ਹੈ ਜਾਂ ਅਮਰੀਕਾ ਛੱਡਿਆ ਹੈ, ਤਾਂ 3 ਸਾਲ ਅਤੇ 10 ਸਾਲ ਦੀ ਪਾਬੰਦੀ ਲਾਗੂ ਹੋ ਸਕਦਾ ਹੈ। ਇਸ ਲਈ ਕੋਈ ਵੀ ਵੱਡਾ ਇਮੀਗ੍ਰੇਸ਼ਨ ਕਦਮ ਚੁੱਕਣ ਤੋਂ ਪਹਿਲਾਂ ਇਮੀਗ੍ਰੇਸ਼ਨ ਵਕੀਲ ਦੀ ਸਲਾਹ ਲੈਣੀ ਬਹੁਤ ਜ਼ਰੂਰੀ ਹੈ।

ਅਮਰੀਕੀ ਸਰਕਾਰ ਹੁਣ ਵੀਜ਼ਾ ਓਵਰਸਟੇਅ ਨੂੰ ਪਹਿਲਾਂ ਨਾਲੋਂ ਵੱਧ ਗੰਭੀਰਤਾ ਨਾਲ ਲੈ ਰਹੀ ਹੈ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਹਰ ਸਾਲ ਐਂਟਰੀ/ਐਗਜ਼ਿਟ ਓਵਰਸਟੇਅ ਰਿਪੋਰਟ ਜਾਰੀ ਕਰਦਾ ਹੈ, ਜਿਸ ਵਿਚ ਇਹ ਦਰਸਾਇਆ ਜਾਂਦਾ ਹੈ ਕਿ ਕਿਹੜੇ ਦੇਸ਼ਾਂ ਦੇ ਕਿੰਨੇ ਯਾਤਰੀ ਆਪਣੀ ਮਨਜ਼ੂਰਸ਼ੁਦਾ ਮਿਆਦ ਤੋਂ ਵੱਧ ਅਮਰੀਕਾ ਵਿਚ ਰਹੇ।

ਇਸ ਤੋਂ ਇਲਾਵਾ, ਸਟੇਟ ਡਿਪਾਰਟਮੈਂਟ ਨੇ ਕੁਝ ਦੇਸ਼ਾਂ ਦੇ ਬੀ-1/ਬੀ-2 ਵੀਜ਼ਾ ਅਰਜ਼ੀਕਾਰਾਂ ਲਈ 5,000 ਡਾਲਰ, 10,000 ਡਾਲਰ ਜਾਂ 15,000 ਡਾਲਰ ਤੱਕ ਦਾ ਵੀਜ਼ਾ ਬਾਂਡ ਲਾਗੂ ਕਰਨ ਦੀ ਨੀਤੀ ਵੀ ਬਣਾਈ ਹੈ, ਜਿਸਦਾ ਇੱਕ ਕਾਰਨ ਉੱਚੀ ਓਵਰਸਟੇਅ ਦਰ ਨੂੰ ਮੰਨਿਆ ਜਾਂਦਾ ਹੈ।

ਇਸ ਮਾਮਲੇ ਵਿਚ ਸਭ ਤੋਂ ਵੱਡੀ ਗਲਤਫ਼ਹਮੀ ਵੀਜ਼ਾ ਐਕਸਪਾਇਰੀ ਡੇਟ ਅਤੇ ਆਈ-94 ਐਕਸਪਾਇਰੀ ਡੇਟ ਨੂੰ ਇੱਕੋ ਸਮਝਣ ਦੀ ਹੈ।

# ਸੋਸ਼ਲ ਸਕਿਓਰਿਟੀ ਵੱਲੋਂ ਬੈਂਕ ਡੀਟੇਲ ਬਦਲਣ ਦੇ ਨਿਯਮ ਸਖਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਸੋਸ਼ਲ ਸਕਿਓਰਿਟੀ ਲੈਣ ਵਾਲੇ ਲੋਕਾਂ ਲਈ ਅਹਿਮ ਖ਼ਬਰ ਹੈ। ਹੁਣ ਸੋਸ਼ਲ ਸਕਿਓਰਿਟੀ ਵਿਭਾਗ ਵੱਲੋਂ ਬੈਂਕ ਖਾਤੇ ਦੀ ਜਾਣਕਾਰੀ ਸਿਰਫ਼ ਆਮ ਫੋਨ ਕਾਲ ਰਾਹੀਂ ਬਦਲਣ ਦੀ ਸਹੂਲਤ ਸਖ਼ਤ ਕਰ ਦਿੱਤੀ ਗਈ ਹੈ।

ਵਿਭਾਗ ਦੇ ਅਨੁਸਾਰ, ਡਾਇਰੈਕਟ ਡਿਪਾਜ਼ਿਟ ਧੋਖਾਧੜੀ ਦੇ ਕਈ ਮਾਮਲੇ ਫੋਨ ਰਾਹੀਂ ਬੈਂਕ ਜਾਣਕਾਰੀ ਬਦਲਣ ਨਾਲ ਜੁੜੇ ਹੋਏ ਸਨ। ਇਸ ਕਰਕੇ ਹੁਣ ਜੇ ਕੋਈ ਵਿਅਕਤੀ ਆਪਣਾ ਬੈਂਕ ਖਾਤਾ ਬਦਲਣਾ ਚਾਹੁੰਦਾ ਹੈ, ਤਾਂ ਉਸਨੂੰ ਆਪਣੀ ਪਹਿਚਾਣ ਆਨਲਾਈਨ ਜਾਂ ਦਫ਼ਤਰ ਜਾ ਕੇ ਸਾਬਤ ਕਰਨੀ ਪਵੇਗੀ। ਲੋਕ "ਮਾਈ ਸੋਸ਼ਲ ਸਕਿਓਰਿਟੀ" ਖਾਤੇ ਰਾਹੀਂ ਆਨਲਾਈਨ ਬੈਂਕ ਜਾਣਕਾਰੀ ਅਪਡੇਟ ਕਰ ਸਕਦੇ ਹਨ। ਜੇ ਕੋਈ ਫੋਨ ਰਾਹੀਂ ਇਹ ਕੰਮ ਕਰਨਾ ਚਾਹੁੰਦਾ ਹੈ, ਤਾਂ ਉਸਨੂੰ ਪਹਿਲਾਂ ਇੱਕ ਵਾਰ ਵਰਤਿਆ ਜਾਣ ਵਾਲਾ ਸੁਰੱਖਿਆ ਕੋਡ ਲੈਣਾ ਪਵੇਗਾ। ਜਿਨ੍ਹਾਂ ਲੋਕਾਂ ਨੂੰ ਆਨਲਾਈਨ ਸਹੂਲਤ ਵਰਤਣ ਵਿਚ ਮੁਸ਼ਕਲ ਹੈ, ਉਹ ਆਪਣੇ ਨੇੜਲੇ ਸੋਸ਼ਲ ਸਕਿਓਰਿਟੀ ਦਫ਼ਤਰ ਜਾਂ ਬੈਂਕ ਰਾਹੀਂ ਇਹ ਕੰਮ ਕਰਵਾ ਸਕਦੇ ਹਨ।

ਇਸ ਫੈਸਲੇ ਦਾ ਮਕਸਦ ਲੋਕਾਂ ਦੀ ਮਹੀਨਾਵਾਰ ਪੇਮੈਂਟ ਨੂੰ ਧੋਖਾਧੜੀ ਤੋਂ ਬਚਾਉਣਾ ਹੈ। ਹਾਲਾਂਕਿ ਬਜ਼ੁਰਗਾਂ ਅਤੇ ਉਨ੍ਹਾਂ ਲੋਕਾਂ ਲਈ ਮੁਸ਼ਕਲ ਵਧ ਸਕਦੀ ਹੈ, ਜਿਨ੍ਹਾਂ ਨੂੰ ਇੰਟਰਨੈੱਟ ਜਾਂ ਆਨਲਾਈਨ ਖਾਤਾ ਵਰਤਣ ਵਿਚ ਦਿੱਕਤ ਆਉਂਦੀ ਹੈ।

ਮਾਹਿਰਾਂ ਦੀ ਸਲਾਹ ਹੈ ਕਿ ਲਾਭਪਾਤਰੀ ਆਪਣਾ "ਮਾਈ ਸੋਸ਼ਲ ਸਕਿਓਰਿਟੀ" ਖਾਤਾ ਪਹਿਲਾਂ ਹੀ ਬਣਾਕੇ ਰੱਖਣ, ਤਾਂ ਜੋ ਭਵਿੱਖ ਵਿਚ ਬੈਂਕ ਜਾਣਕਾਰੀ, ਪਤਾ ਜਾਂ ਹੋਰ ਜ਼ਰੂਰੀ ਕੰਮ ਆਸਾਨੀ ਨਾਲ ਕੀਤੇ ਜਾ ਸਕਣ।

# ਇੰਡੀਆਨਾ ਦੀ ਮਿਆਮੀ ਕਰੈਕਸ਼ਨਲ ਫੈਸਿਲਟੀ ਦੇ ਵਾਰਡਨ ਵੱਲੋਂ ਅਹੁਦੇ ਤੋਂ ਅਸਤੀਫ਼ਾ

**ਇੰਡੀਆਨਾ, (ਪੰਜਾਬ ਮੇਲ)-** ਅਮਰੀਕਾ ਦੇ ਇੰਡੀਆਨਾ ਸੂਬੇ ਤੋਂ ਇੱਕ ਅਹਿਮ ਖ਼ਬਰ ਸਾਹਮਣੇ ਆਈ ਹੈ। ਇੰਡੀਆਨਾ ਦੀ ਮਿਆਮੀ ਕਰੈਕਸ਼ਨਲ ਫੈਸਿਲਟੀ, ਜਿੱਥੇ ਸੈਂਕੜੇ ICE ਹਿਰਾਸਤੀ ਇਮੀਗ੍ਰੈਂਟ ਰੱਖੇ ਜਾਂਦੇ ਹਨ, ਦੇ ਵਾਰਡਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਵਾਰਡਨ ਬ੍ਰਾਇਨ ਇੰਗਲਿਸ਼ ਨੇ ਕਿਹਾ ਕਿ ਉਨ੍ਹਾਂ ਨੇ ਇਹ ਫ਼ੈਸਲਾ ਆਪਣੀ ਮਰਜ਼ੀ ਨਾਲ ਲਿਆ ਹੈ ਅਤੇ ਹੁਣ ਉਹ ਆਪਣੇ ਕਰੀਅਰ ਵਿਚ ਨਵਾਂ ਅਧਿਆਇ ਸ਼ੁਰੂ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਚਾਰ ਸਾਲ ਪਹਿਲਾਂ ਇਹ ਜ਼ਿੰਮੇਵਾਰੀ ਸੰਭਾਲੀ ਸੀ, ਉਸ ਵੇਲੇ ਜੇਲ੍ਹ ਵਿਚ ਸਟਾਫ਼ ਦੀ ਕਮੀ, ਕੋਵਿਡ ਤੋਂ ਬਾਅਦ ਦੀਆਂ ਮੁਸ਼ਕਲਾਂ ਅਤੇ ਪ੍ਰਬੰਧਕੀ ਚੁਣੌਤੀਆਂ ਸਨ, ਜਿਨ੍ਹਾਂ ਨੂੰ ਉਨ੍ਹਾਂ ਦੀ ਟੀਮ ਨੇ ਕਾਫ਼ੀ ਹੱਦ ਤੱਕ ਸੁਧਾਰਿਆ।

ਇਹ ਅਸਤੀਫ਼ਾ ਉਸ ਸਮੇਂ ਆਇਆ ਹੈ, ਜਦੋਂ ਇਸ ICE ਹਿਰਾਸਤੀ ਕੇਂਦਰ ਨੂੰ ਲੈ ਕੇ ਕਈ ਵਿਵਾਦ ਚੱਲ ਰਹੇ ਹਨ। ਇਸ ਸਾਲ ਦੌਰਾਨ ਇੱਥੇ ਕੁਝ ਹਿਰਾਸਤੀ ਕੈਦੀਆਂ ਦੀ ਮੌਤ ਤੋਂ ਬਾਅਦ ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਕਈ ਕਾਂਗਰਸੀ ਮੈਂਬਰਾਂ ਨੇ ਹਿਰਾਸਤ ਦੀਆਂ ਸਥਿਤੀਆਂ, ਡਾਕਟਰੀ ਸਹੂਲਤਾਂ ਅਤੇ ਕੈਦੀਆਂ ਦੀ ਸੁਰੱਖਿਆ 'ਤੇ ਗੰਭੀਰ ਸਵਾਲ ਉਠਾਏ ਸਨ।

ਹਾਲਾਂਕਿ ਵਾਰਡਨ ਦੇ ਅਸਤੀਫ਼ੇ ਨਾਲ ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਜਾਂ ICE ਦੀ ਕਾਰਵਾਈ ਵਿਚ ਕਿਸੇ ਤੁਰੰਤ ਤਬਦੀਲੀ ਦਾ ਐਲਾਨ ਨਹੀਂ ਕੀਤਾ ਗਿਆ। ਇਹ ਇੱਕ ਪ੍ਰਸ਼ਾਸਕੀ ਤਬਦੀਲੀ ਹੈ, ਪਰ ਇਸ ਨਾਲ ICE ਹਿਰਾਸਤੀ ਕੇਂਦਰਾਂ ਦੇ ਪ੍ਰਬੰਧਨ ਅਤੇ ਜਵਾਬਦੇਹੀ ਨੂੰ ਲੈ ਕੇ ਚਰਚਾ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ। ਫਿਲਹਾਲ ਇੰਡੀਆਨਾ ਡਿਪਾਰਟਮੈਂਟ ਆਫ਼ ਕਰੈਕਸ਼ਨਜ਼ ਵੱਲੋਂ ਨਵੇਂ ਵਾਰਡਨ ਦੀ ਨਿਯੁਕਤੀ ਤੱਕ ਅੰਤਰਿਮ ਪ੍ਰਬੰਧ ਕੀਤੇ ਜਾਣ ਦੀ ਉਮੀਦ ਹੈ।

# ਟਰੰਪ ਨੇ ਅਮਰੀਕਾ ਦੇ 250ਵੇਂ ਆਜ਼ਾਦੀ ਦਿਵਸ ’ਤੇ ਕੀਤਾ ਸੰਬੋਧਨ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਨੇ ਇਸ ਸਾਲ ਆਪਣਾ 250ਵਾਂ ਆਜ਼ਾਦੀ ਦਿਵਸ ਬਹੁਤ ਹੀ ਸ਼ਾਨੋ-ਸ਼ੌਕਤ ਨਾਲ ਮਨਾਇਆ। ਇਸ ਮੌਕੇ ਵਾਸ਼ਿੰਗਟਨ ਡੀ.ਸੀ. ਵਿਚ ਹੋਏ ਮੁੱਖ ਸਮਾਗਮ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਨੂੰ ਸੰਬੋਧਨ ਕੀਤਾ। ਆਪਣੇ ਭਾਸ਼ਣ ਵਿਚ ਉਨ੍ਹਾਂ ਨੇ ਕਿਹਾ ਕਿ "ਦੁਨੀਆਂ ਵਿਚ ਅਮਰੀਕਾ ਵਰਗਾ ਕੋਈ ਹੋਰ ਦੇਸ਼ ਨਹੀਂ ਹੈ।" ਉਨ੍ਹਾਂ ਕਿਹਾ ਕਿ ਪਿਛਲੇ ਢਾਈ ਸੌ ਸਾਲਾਂ ਵਿਚ ਅਮਰੀਕਾ ਨੇ ਆਜ਼ਾਦੀ, ਲੋਕਤੰਤਰ, ਵਿਗਿਆਨ, ਤਕਨਾਲੋਜੀ ਅਤੇ ਆਰਥਿਕ ਤਰੱਕੀ ਦੇ ਖੇਤਰ ਵਿਚ ਅਜਿਹੀਆਂ ਉਪਲਬਧੀਆਂ ਹਾਸਲ ਕੀਤੀਆਂ ਹਨ, ਜਿਨ੍ਹਾਂ ਦੀ ਦੁਨੀਆਂ ਭਰ ਵਿਚ ਮਿਸਾਲ ਦਿੱਤੀ ਜਾਂਦੀ ਹੈ।



ਟਰੰਪ ਨੇ ਆਪਣੇ ਸੰਬੋਧਨ ਦੌਰਾਨ ਅਮਰੀਕੀ ਫੌਜ ਦੀ ਵੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਅਤੇ ਸਰਹੱਦਾਂ ਦੀ ਰੱਖਿਆ ਕਰਨ ਵਾਲੇ ਫੌਜੀ ਹੀ ਅਮਰੀਕਾ ਦੀ ਅਸਲ ਤਾਕਤ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਮਰੀਕੀ ਫੌਜ ਨੂੰ ਹੋਰ ਆਧੁਨਿਕ ਅਤੇ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ, ਤਾਂ ਜੋ ਦੇਸ਼ ਹਰ ਚੁਣੌਤੀ ਦਾ ਸਾਹਮਣਾ ਕਰ ਸਕੇ।

ਰਾਸ਼ਟਰਪਤੀ ਨੇ ਆਪਣੀ "ਅਮਰੀਕਾ ਫਸਟ" ਨੀਤੀ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਮੁੱਖ ਉਦੇਸ਼ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ, ਰੋਜ਼ਗਾਰ, ਮਜ਼ਬੂਤ ਅਰਥਵਿਵਸਥਾ ਅਤੇ ਸੁਰੱਖਿਅਤ ਸਰਹੱਦਾਂ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਦੇ ਅਨੁਸਾਰ, ਦੇਸ਼ ਦੀਆਂ ਨੀਤੀਆਂ ਦਾ ਕੇਂਦਰ ਅਮਰੀਕੀ ਲੋਕਾਂ ਦੇ ਹਿੱਤ ਹੋਣੇ ਚਾਹੀਦੇ ਹਨ।

ਟਰੰਪ ਨੇ ਵਿਗਿਆਨ ਅਤੇ ਪੁਲਾੜ ਖੋਜ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ। ਸਮਾਗਮ ਦੌਰਾਨ ਆਰਟੇਮਿਸ-2 ਮਿਸ਼ਨ ਦੇ ਪੁਲਾੜ ਯਾਤਰੀਆਂ ਦਾ ਸਨਮਾਨ ਕੀਤਾ ਗਿਆ। ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕਾ ਇੱਕ ਵਾਰ ਫਿਰ ਚੰਦਰਮਾ ਅਤੇ ਉਸ ਤੋਂ ਅੱਗੇ ਦੀਆਂ ਪੁਲਾੜ ਯਾਤਰਾਵਾਂ ਵਿਚ ਦੁਨੀਆਂ ਦੀ ਅਗਵਾਈ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲਾੜ ਖੋਜ ਸਿਰਫ਼ ਵਿਗਿਆਨਕ ਪ੍ਰਾਪਤੀ ਨਹੀਂ, ਸਗੋਂ ਦੇਸ਼ ਦੀ ਸਮਰੱਥਾ ਅਤੇ ਨਵੀਨਤਾ ਦਾ ਪ੍ਰਤੀਕ ਵੀ ਹੈ।

ਆਪਣੇ ਭਾਸ਼ਣ ਦੇ ਅੰਤ ਵਿਚ ਟਰੰਪ ਨੇ ਅਮਰੀਕੀ ਲੋਕਾਂ ਨੂੰ 250ਵੇਂ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਆਉਣ ਵਾਲੇ 250 ਸਾਲ ਵੀ ਅਮਰੀਕਾ ਲਈ ਤਰੱਕੀ, ਖੁਸ਼ਹਾਲੀ ਅਤੇ ਵਿਸ਼ਵ ਲੀਡਰਸ਼ਿਪ ਦੇ ਹੋਣਗੇ। ਉਨ੍ਹਾਂ ਨੇ ਲੋਕਾਂ ਨੂੰ ਦੇਸ਼ ਦੀ ਏਕਤਾ, ਦੇਸ਼ਭਗਤੀ ਅਤੇ ਸੰਵਿਧਾਨ ਪ੍ਰਤੀ ਵਚਨਬੱਧ ਰਹਿਣ ਦੀ ਅਪੀਲ ਕੀਤੀ।

ਕੁੱਲ ਮਿਲਾ ਕੇ, ਇਹ ਸੰਬੋਧਨ ਅਮਰੀਕਾ ਦੀਆਂ ਪਿਛਲੀਆਂ ਉਪਲਬਧੀਆਂ ਨੂੰ ਯਾਦ ਕਰਨ ਦੇ ਨਾਲ-ਨਾਲ ਭਵਿੱਖ ਲਈ ਇੱਕ ਭਰੋਸੇ ਅਤੇ ਆਤਮਵਿਸ਼ਵਾਸ ਦਾ ਸੰਦੇਸ਼ ਵੀ ਸੀ। ਇਸ ਵਿਚ ਰਾਸ਼ਟਰੀ ਸੁਰੱਖਿਆ, ਅਰਥਵਿਵਸਥਾ, ਸਰਹੱਦੀ ਨੀਤੀਆਂ, ਵਿਗਿਆਨ ਅਤੇ ਪੁਲਾੜ ਖੋਜ ਵਰਗੇ ਮੁੱਦਿਆਂ ਨੂੰ ਕੇਂਦਰ ਵਿਚ ਰੱਖਦੇ ਹੋਏ ਅਮਰੀਕਾ ਦੇ ਅਗਲੇ ਦੌਰ ਦੀ ਦਿਸ਼ਾ ਬਾਰੇ ਵੀ ਆਪਣਾ ਵਿਜ਼ਨ ਪੇਸ਼ ਕੀਤਾ ਗਿਆ।

# ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਵੱਡੀ ਫੰਡਿੰਗ ਨੂੰ ਮਨਜ਼ੂਰੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਵੱਡੀ ਫੰਡਿੰਗ ਮਨਜ਼ੂਰ ਕੀਤੀ ਗਈ ਹੈ। ਇਸ ਫੰਡਿੰਗ ਦਾ ਸਭ ਤੋਂ ਵੱਡਾ ਲਾਭ ਆਈਸ (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਅਤੇ ਸੀ.ਬੀ.ਪੀ. (ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ) ਨੂੰ ਮਿਲੇਗਾ। ਇਸ ਨਾਲ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਕਾਰਵਾਈ ਨੂੰ ਹੋਰ ਤੇਜ਼ ਅਤੇ ਪ੍ਰਭਾਵਸ਼ਾਲੀ ਬਣਾਉਣ ਦੀ ਯੋਜਨਾ ਹੈ।

ਨਵੀਂ ਫੰਡਿੰਗ ਰਾਹੀਂ ਹਜ਼ਾਰਾਂ ਨਵੇਂ ਆਈਸ ਅਤੇ ਸੀ.ਬੀ.ਪੀ. ਅਧਿਕਾਰੀਆਂ ਦੀ ਭਰਤੀ ਕੀਤੀ ਜਾਵੇਗੀ। ਇਸ ਦੇ ਨਾਲ ਹੀ ਡਿਟੈਨਸ਼ਨ ਸੈਂਟਰਾਂ ਦੀ ਸਮਰੱਥਾ ਵਧਾਉਣ, ਨਵੀਂ ਤਕਨਾਲੋਜੀ ਦੀ ਵਰਤੋਂ, ਸਰਹੱਦੀ ਸੁਰੱਖਿਆ ਮਜ਼ਬੂਤ ਕਰਨ ਅਤੇ ਡਿਪੋਰਟੇਸ਼ਨ ਕਾਰਵਾਈਆਂ ਨੂੰ ਹੋਰ ਤੇਜ਼ ਕਰਨ ਲਈ ਵੀ ਵੱਡੀ ਰਕਮ ਰੱਖੀ ਗਈ ਹੈ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਦਾ ਉਦੇਸ਼ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣਾ, ਸਰਹੱਦਾਂ ਨੂੰ ਹੋਰ ਸੁਰੱਖਿਅਤ ਬਣਾਉਣਾ ਅਤੇ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਹੈ। ਵ੍ਹਾਈਟ ਹਾਊਸ ਦਾ ਦਾਅਵਾ ਹੈ ਕਿ ਵਧੇਰੇ ਸਰੋਤਾਂ ਨਾਲ ਆਈਸ ਅਤੇ ਸੀ.ਬੀ.ਪੀ. ਪਹਿਲਾਂ ਨਾਲੋਂ ਵੱਧ ਤੇਜ਼ੀ ਨਾਲ ਕਾਰਵਾਈ ਕਰਨ ਦੇ ਯੋਗ ਹੋਣਗੇ। ਦੂਜੇ ਪਾਸੇ, ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਫ਼ੈਸਲੇ ’ਤੇ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵੱਡੇ ਪੱਧਰ ’ਤੇ ਗ੍ਰਿਫ਼ਤਾਰੀਆਂ ਅਤੇ ਡਿਟੈਨਸ਼ਨ ਕਾਰਵਾਈਆਂ ਨਾਲ ਕਈ ਪਰਿਵਾਰ ਪ੍ਰਭਾਵਿਤ ਹੋ ਸਕਦੇ ਹਨ ਅਤੇ ਕਾਨੂੰਨੀ ਪ੍ਰਕਿਰਿਆਵਾਂ ’ਤੇ ਵੀ ਦਬਾਅ ਵਧ ਸਕਦਾ ਹੈ। ਕੁੱਲ ਮਿਲਾ ਕੇ, ਇਹ ਫੰਡਿੰਗ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਦਾ ਇੱਕ ਮਹੱਤਵਪੂਰਨ ਹਿੱਸਾ ਮੰਨੀ ਜਾ ਰਹੀ ਹੈ ਅਤੇ ਆਉਣ ਵਾਲੇ ਮਹੀਨਿਆਂ ’ਚ ਦੇਸ਼ ਭਰ ’ਚ ਆਈਸ ਅਤੇ ਸੀ.ਬੀ.ਪੀ. ਦੀਆਂ ਕਾਰਵਾਈਆਂ ਵਿਚ ਹੋਰ ਤੇਜ਼ੀ ਦੇਖਣ ਨੂੰ ਮਿਲ ਸਕਦੀ ਹੈ।

# ਡਿਪੋਰਟੇਸ਼ਨ ਨਾਲ ਅਮਰੀਕਾ ’ਚ ਨੌਕਰੀਆਂ ਵੀ ਹੋ ਰਹੀਆਂ ਪ੍ਰਭਾਵਿਤ: ਰਿਪੋਰਟ

**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਇਮੀਗ੍ਰੈਂਟਾਂ ਖ਼ਿਲਾਫ਼ ਵੱਡੇ ਪੱਧਰ ’ਤੇ ਚੱਲ ਰਹੀ ਡਿਪੋਰਟੇਸ਼ਨ ਮੁਹਿੰਮ ਦਾ ਅਸਰ ਹੁਣ ਰੋਜ਼ਗਾਰ ਬਾਜ਼ਾਰ ’ਤੇ ਵੀ ਦਿਖਾਈ ਦੇਣਾ ਸ਼ੁਰੂ ਹੋ ਗਿਆ ਹੈ। ਨਿਊਯਾਰਕ ਟਾਈਮਜ਼ ਨੇ ਇੱਕ ਨਵੇਂ ਆਰਥਿਕ ਅਧਿਐਨ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਹੈ ਕਿ ਜਿਨ੍ਹਾਂ ਉਦਯੋਗਾਂ ਵਿਚ ਵੱਡੀ ਗਿਣਤੀ ਵਿਚ ਬਿਨਾਂ ਦਸਤਾਵੇਜ਼ਾਂ ਵਾਲੇ ਇਮੀਗ੍ਰੈਂਟ ਕੰਮ ਕਰਦੇ ਸਨ, ਉੱਥੇ ਸਿਰਫ਼ ਇਮੀਗ੍ਰੈਂਟਾਂ ਹੀ ਨਹੀਂ, ਸਗੋਂ ਅਮਰੀਕੀ ਨਾਗਰਿਕਾਂ ਦੀਆਂ ਨੌਕਰੀਆਂ ’ਤੇ ਵੀ ਨਕਾਰਾਤਮਕ ਅਸਰ ਪਿਆ ਹੈ।

ਅਧਿਐਨ ਮੁਤਾਬਕ ਖੇਤੀਬਾੜੀ, ਨਿਰਮਾਣ, ਮੈਨੂਫੈਕਚਰਿੰਗ ਅਤੇ ਹੋਲਸੇਲ ਵਰਗੇ ਖੇਤਰਾਂ ਵਿਚ ਇਮੀਗ੍ਰੇਸ਼ਨ ਕਾਰਵਾਈਆਂ ਤੋਂ ਬਾਅਦ ਬਿਨਾਂ ਦਸਤਾਵੇਜ਼ਾਂ ਵਾਲੇ ਪੁਰਸ਼ ਕਰਮਚਾਰੀਆਂ ਦੀ ਰੁਜ਼ਗਾਰ ਦਰ ਲਗਭਗ 5 ਫ਼ੀਸਦੀ ਘਟੀ। ਇਸਦੇ ਨਾਲ ਹੀ ਕਾਲਜ ਡਿਗਰੀ ਤੋਂ ਬਿਨਾਂ ਅਮਰੀਕਾ ਵਿਚ ਜੰਮੇ ਪੁਰਸ਼ਾਂ ਦੀ ਰੁਜ਼ਗਾਰ ਦਰ ਵੀ ਕਰੀਬ 1.3 ਫ਼ੀਸਦੀ ਘੱਟ ਗਈ।

ਖੋਜਕਾਰਾਂ ਦਾ ਕਹਿਣਾ ਹੈ ਕਿ ਇਹ ਧਾਰਣਾ ਸਹੀ ਸਾਬਤ ਨਹੀਂ ਹੋਈ ਕਿ ਇਮੀਗ੍ਰੈਂਟਾਂ ਦੇ ਜਾਣ ਨਾਲ ਉਹੀ ਨੌਕਰੀਆਂ ਆਪਣੇ ਆਪ ਅਮਰੀਕੀ ਨਾਗਰਿਕਾਂ ਨੂੰ ਮਿਲ ਜਾਣਗੀਆਂ। ਇਸਦੀ ਬਜਾਏ ਕਈ ਕੰਪਨੀਆਂ ਨੇ ਕੰਮ ਦੀ ਰਫ਼ਤਾਰ ਘਟਾ ਦਿੱਤੀ, ਕੁਝ ਪ੍ਰਾਜੈਕਟ ਰੋਕ ਦਿੱਤੇ ਅਤੇ ਉਤਪਾਦਨ ਵਿਚ ਕਮੀ ਆਈ। ਨਤੀਜੇ ਵਜੋਂ ਅਮਰੀਕੀ ਕਰਮਚਾਰੀਆਂ ਲਈ ਵੀ ਰੋਜ਼ਗਾਰ ਦੇ ਮੌਕੇ ਘੱਟ ਹੋ ਗਏ।

# ICE ਕਸਟੱਡੀ ’ਚ 85 ਸਾਲਾ ਜਰਮਨ ਨਾਗਰਿਕ ਦੀ ਮੌਤ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ICE ਕਸਟੱਡੀ ਨਾਲ ਜੁੜੀ ਇੱਕ ਹੋਰ ਗੰਭੀਰ ਖ਼ਬਰ ਸਾਹਮਣੇ ਆਈ ਹੈ। ICE ਦੇ ਅਨੁਸਾਰ, ਜਰਮਨੀ ਦੇ 85 ਸਾਲਾ ਐਂਡਰੀਅਨ ਐਂਡਰੀਅਸ ਫਲੋਰੀਅਨ ਦੇ ਟੈਕਸਾਸ ਦੇ ਹਾਰਲਿੰਗਨ ਵਿਚ ਵੈਲੀ ਬੈਪਟਿਸਟ ਮੈਡੀਕਲ ਸੈਂਟਰ ਵਿਚ ਮੌਤ ਹੋ ਗਈ। ਉਹ ਲੰਬੇ ਸਮੇਂ ਤੋਂ ਹਸਪਤਾਲ ਵਿਚ ਇਲਾਜ ਅਧੀਨ ਸੀ। ਰਿਪੋਰਟਾਂ ਮੁਤਾਬਕ ਫਲੋਰੀਅਨ ਅਗਸਤ 2025 ਤੋਂ ICE ਕਸਟੱਡੀ ਵਿਚ ਸੀ। ਉਸਨੂੰ ਪਹਿਲਾਂ ਟੈਕਸਾਸ ਬਾਰਡਰ ’ਤੇ ਦਾਖਲੇ ਸਮੇਂ ਰੋਕਿਆ ਗਿਆ ਸੀ। ਬਾਅਦ ਵਿਚ ਉਸਨੂੰ ਸਿਹਤ ਸਮੱਸਿਆਵਾਂ ਕਾਰਨ ਮੈਡੀਕਲ ਕੇਅਰ ਵਿਚ ਰੱਖਿਆ ਗਿਆ। ਉਸਦੀ ਮੌਤ ਦਾ ਅਧਿਕਾਰਤ ਕਾਰਨ ਹਾਲੇ ਪੋਸਟਮਾਰਟਮ ਤੋਂ ਬਾਅਦ ਸਾਫ਼ ਹੋਵੇਗਾ। ਇਹ ਮਾਮਲਾ ਇਸ ਲਈ ਵੀ ਚਰਚਾ ਵਿਚ ਹੈ ਕਿਉਂਕਿ 2026 ਵਿਚ ICE ਕਸਟੱਡੀ ਵਿੱਚ ਮੌਤਾਂ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਕੁਝ ਇਮੀਗ੍ਰੇਸ਼ਨ ਵਕੀਲ ਇਸਨੂੰ ਡਿਟੈਂਨਸ਼ਨ ਸਿਸਟਮ ਅਤੇ ਮੈਡੀਕਲ ਕੇਅਰ ਨਾਲ ਜੁੜਿਆ ਵੱਡਾ ਸਵਾਲ ਮੰਨ ਰਹੇ ਹਨ। ਇਸ ਘਟਨਾ ਤੋਂ ਬਾਅਦ ICE ਡਿਟੈਂਨਸ਼ਨ ਸੈਂਟਰਾਂ ਵਿਚ ਬਜ਼ੁਰਗਾਂ, ਬਿਮਾਰ ਡਿਟੇਨੀ ਅਤੇ ਡਾਕਟਰੀ ਨਿਗਰਾਨੀ ਨੂੰ ਲੈ ਕੇ ਮੁੜ ਚਿੰਤਾ ਵਧ ਗਈ ਹੈ।

# ਜਾਰਜ ਵਾਸ਼ਿੰਗਟਨ ਦੇ ਘਰ ਨਾਲ ਜੁੜੀ ਗੁਲਾਮੀ ਦੀ ਨੁਮਾਇਸ਼ ’ਤੇ ਟਰੰਪ ਪ੍ਰਸ਼ਾਸਨ ਨੂੰ ਅਦਾਲਤ ਤੋਂ ਰਾਹਤ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੀ ਅਪੀਲ ਕੋਰਟ ਨੇ ਟਰੰਪ ਪ੍ਰਸ਼ਾਸਨ ਨੂੰ ਫਿਲਾਡੈਲਫੀਆ ਦੇ ਇਤਿਹਾਸਕ ਪ੍ਰੈਜ਼ੀਡੈਂਟ’ਜ਼ ਹਾਊਸ ਸਾਈਟ ’ਤੇ ਗੁਲਾਮੀ ਬਾਰੇ ਨਵੇਂ ਜਾਣਕਾਰੀ ਪੈਨਲ ਮੁੜ ਲਗਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਥਾਂ ਇੰਡੀਪੈਂਡੈਂਸ ਨੈਸ਼ਨਲ ਹਿਸਟੋਰੀਕਲ ਪਾਰਕ ਦੇ ਨੇੜੇ ਹੈ, ਜਿੱਥੇ 1776 ਵਿਚ ਡਿਕਲਾਰੇਸ਼ਨ ਆਫ ਇੰਡੀਪੈਂਡੈਂਸ ਅਪਣਾਇਆ ਗਿਆ ਸੀ।

ਇਹ ਪੈਨਲ ਉਸ ਘਰ ਨਾਲ ਜੁੜੇ ਹਨ, ਜਿੱਥੇ 1790 ਦੇ ਦਹਾਕੇ ਵਿਚ ਜਾਰਜ ਵਾਸ਼ਿੰਗਟਨ ਅਤੇ ਮਾਰਥਾ ਵਾਸ਼ਿੰਗਟਨ ਰਹਿੰਦੇ ਸਨ ਅਤੇ ਉਨ੍ਹਾਂ ਨਾਲ 9 ਗੁਲਾਮ ਬਣਾਏ ਗਏ ਲੋਕ ਵੀ ਰਹੇ ਸਨ। ਪਹਿਲਾਂ ਲੱਗੇ ਪੈਨਲ 2010 ਵਿਚ ਲਗਾਏ ਗਏ ਸਨ, ਜਿਨ੍ਹਾਂ ਵਿਚ ਗੁਲਾਮੀ ਦੀ ਪੀੜਾ ਅਤੇ ਉਸ ਸਮੇਂ ਦੇ ਕਠੋਰ ਇਤਿਹਾਸ ਨੂੰ ਵਿਸਥਾਰ ਨਾਲ ਦਰਸਾਇਆ ਗਿਆ ਸੀ।

ਟਰੰਪ ਪ੍ਰਸ਼ਾਸਨ ਨੇ 2025 ਦੇ ਕਾਰਜਕਾਰੀ ਹੁਕਮ ਤੋਂ ਬਾਅਦ ਇਹ ਪੈਨਲ ਬਦਲਣ ਦੀ ਕਾਰਵਾਈ ਕੀਤੀ ਸੀ। ਉਸ ਹੁਕਮ ਵਿਚ ਕਿਹਾ ਗਿਆ ਸੀ ਕਿ ਫੈਡਰਲ ਹਿਸਟੋਰਿਕ ਸਾਈਟਸ ’ਤੇ ਅਮਰੀਕੀ ਇਤਿਹਾਸ ਨੂੰ ਇਸ ਤਰ੍ਹਾਂ ਨਾ ਦਿਖਾਇਆ ਜਾਵੇ, ਜਿਸ ਨਾਲ ਪਿਛਲੇ ਜਾਂ ਮੌਜੂਦਾ ਅਮਰੀਕੀਆਂ ਦੀ ਬੇਇਜ਼ਤੀ ਹੋਵੇ, ਸਗੋਂ ਦੇਸ਼ ਦੀ ਪ੍ਰਾਪਤੀਆਂ ਅਤੇ ਤਰੱਕੀ ਨੂੰ ਵਧਾਇਆ ਜਾਵੇ।

# ਯੂ.ਐੱਸ.ਸੀ.ਆਈ.ਐੱਸ. ਵੱਲੋਂ ਅਟਲਾਂਟਾ ’ਚ ਨਵਾਂ ਅਸਾਇਲਮ ਦਫਤਰ ਖੋਲ੍ਹਣ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਇਮੀਗ੍ਰੇਸ਼ਨ ਨਾਲ ਜੁੜੀ ਇੱਕ ਅਹਿਮ ਖ਼ਬਰ ਸਾਹਮਣੇ ਆਈ ਹੈ। ਯੂ.ਐੱਸ.ਸੀ.ਆਈ.ਐੱਸ. ਵੱਲੋਂ ਅਟਲਾਂਟਾ ਵਿਚ ਨਵਾਂ ਅਸਾਇਲਮ ਦਫਤਰ ਖੋਲ੍ਹਿਆ ਜਾ ਰਿਹਾ ਹੈ। ਇਹ ਦਫ਼ਤਰ 8 ਜੁਲਾਈ 2026 ਤੋਂ ਸਕਾਰਾਤਮਕ ਅਸਾਇਲਮ ਬਿਨੈਕਾਰ ਦੇ ਇੰਟਰਵਿਊ ਕਰਨਾ ਸ਼ੁਰੂ ਕਰੇਗਾ।




ਇਹ ਨਵਾਂ ਦਫ਼ਤਰ ਖਾਸ ਤੌਰ ’ਤੇ ਜਾਰਜੀਆ ਅਤੇ ਅਲਾਬਾਮਾ ਵਿਚ ਰਹਿਣ ਵਾਲੇ ਅਸਾਇਲਮ ਬਿਨੈਕਾਰਾਂ ਲਈ ਹੋਵੇਗਾ। ਜਿਨ੍ਹਾਂ ਲੋਕਾਂ ਨੇ ਪਹਿਲਾਂ ਹੀ ਅਸਾਇਲਮ ਲਈ ਅਰਜ਼ੀ ਦਿੱਤੀ ਹੋਈ ਹੈ ਜਾਂ ਜੋ ਨਵੀਂ ਅਰਜ਼ੀ ਦੇਣਗੇ, ਉਨ੍ਹਾਂ ਦੇ ਇੰਟਰਵਿਊ ਅਟਲਾਂਟਾ ਅਸਾਇਲਮ ਦਫਤਰ ਦੇ ਅਧਿਕਾਰ ਖੇਤਰ ਅਧੀਨ ਸ਼ਡਿਊਲਡ ਕੀਤੇ ਜਾਣਗੇ।

ਯੂ.ਐੱਸ.ਸੀ.ਆਈ.ਐੱਸ. ਦੇ ਅਨੁਸਾਰ, ਇੰਟਰਵਿਊ ਤਿੰਨ ਥਾਵਾਂ ’ਤੇ ਹੋ ਸਕਦੇ ਹਨ: ਅਸਥਾਈ ਅਟਲਾਂਟਾ ਅਸਾਇਲਮ ਦਫਤਰ, ਯੂ.ਐੱਸ.ਸੀ.ਆਈ.ਐੱਸ. ਅਟਲਾਂਟਾ ਫੀਲਡ ਆਫਿਸ ਅਤੇ ਮੋਂਟਗੋਮਰੀ ਫੀਲਡ ਆਫਿਸ ਅਤੇ ਮੋਂਟਗੋਮਰੀ ਫੀਲਡ ਆਫਿਸ ਇੰਨ ਅਲਬਾਮਾ। ਬਿਨੈਕਾਰਾਂ ਨੂੰ ਆਪਣਾ ਇੰਟਰਵਿਊ ਨੋਟਿਸ ਧਿਆਨ ਨਾਲ ਪੜ੍ਹਨਾ ਪਵੇਗਾ, ਕਿਉਂਕਿ ਉਸ ਵਿਚ ਹੀ ਦੱਸਿਆ ਜਾਵੇਗਾ ਕਿ ਉਨ੍ਹਾਂ ਨੂੰ ਕਿਹੜੀ ਥਾਂ ’ਤੇ ਜਾਣਾ ਹੈ। ਯੂ.ਐੱਸ.ਸੀ.ਆਈ.ਐੱਸ. ਨੇ ਇਹ ਵੀ ਸਾਫ਼ ਕੀਤਾ ਹੈ ਕਿ ਅਸਾਇਲਮ ਦਫਤਰ ਵਿਚ ਵਾਕ-ਇਨ ਸਰਵਿਸ ਨਹੀਂ ਹੋਵੇਗੀ। ਸਾਰੇ ਇੰਟਰਵਿਊ ਸਿਰਫ਼ ਅਪੁਆਇੰਟਮੈਂਟ ਰਾਹੀਂ ਹੀ ਹੋਣਗੇ। ਇਸ ਲਈ ਜਿਨ੍ਹਾਂ ਲੋਕਾਂ ਨੂੰ ਇੰਟਰਵਿਊ ਨੋਟਿਸ ਆਵੇ, ਉਹ ਮਿਤੀ, ਸਮਾਂ ਅਤੇ ਸਥਾਨ ਨੂੰ ਧਿਆਨ ਨਾਲ ਚੈੱਕ ਕਰਨ।

ਇਸ ਨਵੇਂ ਦਫ਼ਤਰ ਨਾਲ ਦੱਖਣ-ਪੂਰਬੀ ਖੇਤਰ ਵਿਚ ਅਸਾਇਲਮ ਇੰਟਰਵਿਊ ਦੀ ਸਮਰੱਥਾ ਵਧਣ ਦੀ ਉਮੀਦ ਹੈ। ਇਸ ਨਾਲ ਕੁਝ ਬਿਨੈਕਾਰਾਂ ਨੂੰ ਲੰਮੇ ਸਫ਼ਰ ਅਤੇ ਇੰਟਰਵਿਊ ਵਿਚ ਦੇਰੀ ਤੋਂ ਕੁਝ ਰਾਹਤ ਮਿਲ ਸਕਦੀ ਹੈ। ਯੂ.ਐੱਸ.ਸੀ.ਆਈ.ਐੱਸ. ਦਾ ਕਹਿਣਾ ਹੈ ਕਿ ਅਟਲਾਂਟਾ ਅਸਾਇਲਮ ਦਫਤਰ ਪਹਿਲਾਂ ਅਸਥਾਈ ਟਿਕਾਣੇ ਤੋਂ ਕੰਮ ਕਰੇਗਾ ਅਤੇ 2027 ਵਿਚ ਸਥਾਈ ਟਿਕਾਣੇ ’ਤੇ ਸ਼ਿਫਟ ਹੋਣ ਦੀ ਉਮੀਦ ਹੈ।

# ਅਮਰੀਕਾ ਵਿਚ ਵਿਦੇਸ਼ੀ ਨਾਗਰਿਕਾਂ ਦੀ ਰਜਿਸਟ੍ਰੇਸ਼ਨ ਦਾ ਨਵਾਂ ਨਿਯਮ ਹੋਇਆ ਪੱਕਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਵਿਦੇਸ਼ੀ ਨਾਗਰਿਕਾਂ ਦੀ ਰਜਿਸਟ੍ਰੇਸ਼ਨ ਸਬੰਧੀ ਨਵੇਂ ਨਿਯਮ ਨੂੰ ਅੰਤਿਮ ਮਨਜ਼ੂਰੀ ਦੇ ਦਿੱਤੀ ਹੈ। ਇਸ ਨਿਯਮ ਨਾਲ ਇਹ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਹਰ ਵਿਦੇਸ਼ੀ ਨਾਗਰਿਕ ਨੂੰ ਦੁਬਾਰਾ ਆਨਲਾਈਨ ਰਜਿਸਟ੍ਰੇਸ਼ਨ ਜਾਂ ਬਾਇਓਮੈਟਰਿਕਸ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਹ ਪ੍ਰਕਿਰਿਆ ਸਿਰਫ਼ ਉਨ੍ਹਾਂ ਲੋਕਾਂ ਲਈ ਹੈ, ਜਿਨ੍ਹਾਂ ਦੇ ਇਮੀਗ੍ਰੇਸ਼ਨ ਰਿਕਾਰਡ ਅਧੂਰੇ ਹਨ ਜਾਂ ਜਿਨ੍ਹਾਂ ਦੀ ਪਹਿਲਾਂ ਕਦੇ ਸਰਕਾਰੀ ਰਜਿਸਟ੍ਰੇਸ਼ਨ ਅਤੇ ਫਿੰਗਰਪ੍ਰਿੰਟਿੰਗ ਨਹੀਂ ਹੋਈ। ਨਵੇਂ ਨਿਯਮ ਅਨੁਸਾਰ 14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਉਹ ਵਿਦੇਸ਼ੀ ਨਾਗਰਿਕ, ਜੋ 30 ਦਿਨ ਜਾਂ ਇਸ ਤੋਂ ਵੱਧ ਸਮੇਂ ਲਈ ਅਮਰੀਕਾ ਵਿਚ ਰਹਿਣਗੇ ਅਤੇ ਜਿਨ੍ਹਾਂ ਦਾ ਕੋਈ ਪੂਰਾ ਇਮੀਗ੍ਰੇਸ਼ਨ ਰਿਕਾਰਡ ਨਹੀਂ ਹੈ, ਉਨ੍ਹਾਂ ਨੂੰ ਆਨਲਾਈਨ ਰਜਿਸਟ੍ਰੇਸ਼ਨ ਕਰਵਾਉਣੀ ਪਵੇਗੀ। ਇਸ ਤੋਂ ਇਲਾਵਾ, ਜਿਹੜੇ ਬੱਚੇ ਅਮਰੀਕਾ ਵਿਚ ਰਹਿੰਦੇ ਹੋਏ 14 ਸਾਲ ਦੇ ਹੋ ਜਾਂਦੇ ਹਨ, ਉਨ੍ਹਾਂ ਨੂੰ ਵੀ 30 ਦਿਨਾਂ ਦੇ ਅੰਦਰ ਦੁਬਾਰਾ ਰਜਿਸਟ੍ਰੇਸ਼ਨ ਅਤੇ ਬਾਇਓਮੈਟਰਿਕਸ ਦੀ ਪ੍ਰਕਿਰਿਆ ਪੂਰੀ ਕਰਨੀ ਹੋਵੇਗੀ।

**ਦੁਬਾਰਾ ਆਨਲਾਈਨ ਰਜਿਸਟ੍ਰੇਸ਼ਨ ਜਾਂ ਬਾਇਓਮੈਟਰਿਕਸ ਕਰਵਾਉਣ ਦੀ ਨਹੀਂ ਹੋਵੇਗੀ ਲੋੜ**



ਦੂਜੇ ਪਾਸੇ, ਗ੍ਰੀਨ ਕਾਰਡ ਧਾਰਕਾਂ, ਵੈਧ ਵੀਜ਼ੇ ਨਾਲ ਦਾਖ਼ਲ ਹੋਏ ਲੋਕਾਂ, ਆਈ-94 ਰਿਕਾਰਡ ਰੱਖਣ ਵਾਲਿਆਂ, ਵਰਕ ਪਰਮਿਟ ਧਾਰਕਾਂ, ਪੈਰੋਲ ’ਤੇ ਮੌਜੂਦ ਵਿਅਕਤੀਆਂ ਅਤੇ ਇਮੀਗ੍ਰੇਸ਼ਨ ਅਦਾਲਤ ਵਿਚ ਕੇਸ ਚੱਲ ਰਹੇ ਬਹੁਤ ਸਾਰੇ ਲੋਕਾਂ ਨੂੰ ਆਮ ਤੌਰ ’ਤੇ ਇਸ ਨਵੀਂ ਰਜਿਸਟ੍ਰੇਸ਼ਨ ਤੋਂ ਛੋਟ ਮਿਲੇਗੀ, ਕਿਉਂਕਿ ਉਹ ਪਹਿਲਾਂ ਹੀ ਸਰਕਾਰੀ ਰਿਕਾਰਡ ਵਿਚ ਦਰਜ ਮੰਨੇ ਜਾਂਦੇ ਹਨ।

ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਹ ਰਜਿਸਟ੍ਰੇਸ਼ਨ ਕਿਸੇ ਵੀ ਵਿਅਕਤੀ ਨੂੰ ਕਾਨੂੰਨੀ ਇਮੀਗ੍ਰੇਸ਼ਨ ਦਰਜਾ, ਵਰਕ ਪਰਮਿਟ ਜਾਂ ਗ੍ਰੀਨ ਕਾਰਡ ਦਾ ਹੱਕ ਨਹੀਂ ਦਿੰਦੀ। ਇਹ ਸਿਰਫ਼ ਸੰਘੀ ਕਾਨੂੰਨ ਅਧੀਨ ਰਜਿਸਟ੍ਰੇਸ਼ਨ ਦੀ ਲਾਜ਼ਮੀ ਸ਼ਰਤ ਨੂੰ ਪੂਰਾ ਕਰਨ ਲਈ ਹੈ। ਜੇ ਕੋਈ ਵਿਅਕਤੀ ਜਾਣਬੁੱਝ ਕੇ ਇਸ ਨਿਯਮ ਦੀ ਪਾਲਣਾ ਨਹੀਂ ਕਰਦਾ, ਤਾਂ ਉਸ ਵਿਰੁੱਧ ਜੁਰਮਾਨਾ ਜਾਂ ਹੋਰ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

# ਮਿਸੀਸਾਗਾ ’ਚ ਵਾਹਨ ਚੋਰੀ ਕਰਨ ਦੇ ਦੋਸ਼ ਹੇਠ 1 ਪੰਜਾਬੀ ਵਿਅਕਤੀ ਕਾਬੂ

**ਵਿਨੀਪੈੱਗ, (ਪੰਜਾਬ ਮੇਲ)**- ਪੀਲ ਰਿਜਨਲ ਪੁਲਿਸ ਨੇ ਮਿਸੀਸਾਗਾ ’ਚ ਰਿਹਾਇਸ਼ੀ ਇਮਾਰਤਾਂ ਦੇ ਅੰਡਰਗਰਾਊਂਡ ਪਾਰਕਿੰਗ ਗਰਾਜਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਇੱਕ ਕਥਿਤ ਵਾਹਨ ਚੋਰ ਗਰੋਹ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਇੱਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਦੂਜੇ ਸ਼ੱਕੀ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਦੋਵਾਂ ਖ਼ਿਲਾਫ਼ ਕੁੱਲ 44 ਅਪਰਾਧਿਕ ਕੇਸ ਦਰਜ ਕੀਤੇ ਹਨ।

ਪੁਲਿਸ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਮਈ 2026 ਦੌਰਾਨ ਮਿਸੀਸਾਗਾ ਦੇ ਹੁਰਾਂਟਾਰੀਓ ਸਟਰੀਟ ਅਤੇ ਬਰਨਹੈਮਥੋਰਪ ਰੋਡ ਈਸਟ ਇਲਾਕੇ ਵਿਚ ਸਥਿਤ ਕਈ ਉੱਚੀਆਂ ਰਿਹਾਇਸ਼ੀ ਇਮਾਰਤਾਂ ਦੀਆਂ ਅੰਡਰਗਰਾਊਂਡ ਪਾਰਕਿੰਗ ਵਿਚ ਵਾਹਨ ਚੋਰੀਆਂ ਅਤੇ ਚੋਰੀ ਦੀਆਂ ਕੋਸ਼ਿਸ਼ਾਂ ਦੀ ਲੜੀ ਸਾਹਮਣੇ ਆਈ ਸੀ। ਵਧ ਰਹੀਆਂ ਘਟਨਾਵਾਂ ਤੋਂ ਬਾਅਦ ਪੀਲ੍ਹ ਪੁਲਿਸ ਦੇ ਕਮਰਸ਼ੀਅਲ ਆਟੋ ਕ੍ਰਾਈਮ ਬਿਊਰੋ ਨੇ "ਪ੍ਰੋਜੈਕਟ ਟੇਲ ਲਾਈਟ" ਨਾਮੀ ਵਿਸ਼ੇਸ਼ ਜਾਂਚ ਸ਼ੁਰੂ ਕੀਤੀ। ਜਾਂਚ ਦੌਰਾਨ ਪੁਲਿਸ ਨੇ ਸੀ.ਸੀ.ਟੀ.ਵੀ. ਫੁਟੇਜ, ਆਟੋਮੇਟਿਡ ਲਾਇਸੈਂਸ ਪਲੇਟ ਰਿਕੋਗਨੀਸ਼ਨ ਤਕਨਾਲੋਜੀ, ਡਿਜੀਟਲ ਸਬੂਤਾਂ ਅਤੇ ਹੋਰ ਖ਼ੁਫ਼ੀਆ ਜਾਣਕਾਰੀ ਦੀ ਮਦਦ ਨਾਲ ਦੋ ਸ਼ੱਕੀਆਂ ਦੀ ਪਛਾਣ ਕੀਤੀ।

# VALLEJO TEEYAN
## MELA 2026



**Sunday July 19th, 2026 from 12-6pm**

**Free Entry**

*Only for Ladies and Children*

Organizer



Sunita Verma

Hosted By



Asha Sharma

*At Dan Foley Cultural Center*

**(Behind Sutter Solano Hospital)**
**1498 N Camino Alto, Vallejo, CA 94589**

**Special Attractions include Mehndi, Indian Clothing and Jewelry Booths.**

**Come and enjoy a day filled with entertainment and festiveties, including Punjabi Folk songs and dances, Gidha, Boliyan and much more...**

*To Participate Rent Space for a booth, or Sponsor, Please Contact:*

**SUNITA VERMA : 707-853-9006**

**Email: sonalideep@gmail.com**

Copyright@Punjab Mail USA

Flamingo
ARIA
Touch of Elegance Decor
*Let Us make your event & dream come true*
*Catering & Banquet Hall*
*Full Service Catering Anywhere in California*
Catering Up to 5000 Guest anywhere in California with full services
510-325-8433, 916-334-6000



*Pardeep Paul*

CHINNA JEWELLERS INC
7454 Stockton Blvd Suite A, Sacramento, CA 95823



*Inderjit Singh*

*Din D Sharma*
*Real Estate*
*Specialie in: Residental, Hotel, Motel Gas Stations and Liqyour Stores etc.*
*Residential, Loan Mod, Short Sale & Commercial Real Estate*
510 Meadow Valley Cir. Fairfield, CA 94534
Phone 707-864-6181, Fax : 707-864-4276
din.sharma@aol.com



D D Sharma
Real Estate Consultant
DRE #0744678



amar GROCERY
INDIAN, PAKISTANI & FIJIAN GROCERY
1107 Texas Street, Fairfield, CA 94533
707-399-7100
amargrocery1107@gmail.com
Household utensils
Fresh produce
Clothing and jewelry and much more

# 16th Children Summer Sports Camp-2026

## 16ਵਾਂ ਬੱਚਿਆਂ ਦਾ ਖੇਡ ਕੈਂਪ-2026



ਗੁਰਚਰਨ ਸਿੰਘ ਢਿੱਲੋਂ
206-412-1559

**ਉਦਘਾਟਨ :** 5 ਜੁਲਾਈ 2026, ਦਿਨ ਐਤਵਾਰ, 4PM to 7PM

**ਸਮਾਪਤੀ ਸਮਾਰੋਹ :** 23 ਅਗਸਤ 2026, ਦਿਨ ਐਤਵਾਰ, 4PM to 8PM

**Other weakened Every Saturday - Sunday : 5PM to 7PM**

**Wilson Play Fields Kent WA. 13028 SE. 251st. Kent, WA - 98030**



ਗੁਰਦੀਪ ਸਿੰਘ ਸਿੱਧੂ
206-697-8155



ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।









ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 5 ਜੁਲਾਈ, ਦਿਨ ਐਤਵਾਰ, ਸ਼ਾਮ 4 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਦੀ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।





**ਸਵਾਗਤ ਕਰਤਾ :**

***Sikhs of Seattle***

**ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ**

Designed By Punjab Mail USA

# ਪਰਿਵਾਰ ਨੂੰ ਕੈਲੀਫੋਰਨੀਆ ਦੀ ਖੱਡ 'ਚ ਸੁੱਟਣ ਵਾਲੇ ਡਾਕਟਰ ਖਿਲਾਫ਼ ਕਤਲ ਦੀ ਕੋਸ਼ਿਸ਼ ਦੇ ਚਾਰਜ ਰੱਦ

**ਸਾਨ ਫਰਾਂਸਿਸਕੋ, (ਪੰਜਾਬ ਮੇਲ)**- ਕੈਲੀਫੋਰਨੀਆ ਦੀ ਬਹੁਚਰਚਿਤ ਡੇਵਿਲਜ਼ ਸਲਾਈਡ ਕਲਿੱਫ਼ ਕਰੈਸ਼ ਕੇਸ ਵਿਚ ਵੱਡਾ ਮੋੜ ਆਇਆ ਹੈ। ਪਸਾਡੇਨਾ ਦੇ ਰੇਡੀਓਲੋਜਿਸਟ ਡਾ. ਧਰਮੇਸ਼ ਪਟੇਲ ਖ਼ਿਲਾਫ਼ ਲੱਗੇ ਤਿੰਨ ਕਤਲ ਦੀ ਕੋਸ਼ਿਸ਼ ਦੇ ਚਾਰਜ ਅਦਾਲਤ ਨੇ ਰੱਦ ਕਰ ਦਿੱਤੇ ਹਨ। ਪਟੇਲ 'ਤੇ ਦੋਸ਼ ਸੀ ਕਿ ਜਨਵਰੀ 2023 ਵਿਚ ਉਸ ਨੇ ਆਪਣੀ ਟੇਸਲਾ ਕਾਰ ਨੂੰ ਜਾਣਬੁੱਝ ਕੇ ਉੱਤਰੀ ਕੈਲੀਫੋਰਨੀਆ ਦੇ ਡੇਵਿਲਜ਼ ਸਲਾਈਡ ਇਲਾਕੇ ਵਿਚ ਖੱਡ ਵੱਲ ਮੋੜ ਦਿੱਤਾ ਸੀ, ਜਦੋਂ ਕਾਰ ਵਿਚ ਉਸ ਦੀ ਪਤਨੀ ਅਤੇ ਦੋ ਛੋਟੇ ਬੱਚੇ ਵੀ ਸਵਾਰ ਸਨ। ਸੈਨ ਮਾਟੇਓ ਕਾਊਂਟੀ ਦੇ ਜੱਜ ਨੇ ਇਹ ਫ਼ੈਸਲਾ ਡਾਕਟਰਾਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਦਿੱਤਾ, ਜਿਨ੍ਹਾਂ ਵਿਚ ਕਿਹਾ ਗਿਆ ਕਿ ਪਟੇਲ ਮਾਨਸਿਕ ਸਿਹਤ ਡਾਇਵਰਸ਼ਨ ਪ੍ਰੋਗਰਾਮ ਵਿਚ ਚੰਗੀ ਪ੍ਰਗਤੀ ਕਰ ਰਿਹਾ ਸੀ।

ਇਹ ਹਾਦਸਾ 2 ਜਨਵਰੀ 2023 ਨੂੰ ਹਾਈਵੇਅ 1 ਨੇੜੇ ਡੇਵਿਲਜ਼ ਸਲਾਈਡ 'ਤੇ ਵਾਪਰਿਆ ਸੀ। ਕਾਰ ਚੱਟਾਨ ਤੋਂ ਲਗਭਗ 250 ਤੋਂ 300 ਫੁੱਟ ਹੇਠਾਂ ਜਾ ਡਿੱਗੀ ਸੀ। ਇਸ ਦੇ ਬਾਵਜੂਦ ਪਟੇਲ, ਉਸ ਦੀ ਪਤਨੀ ਅਤੇ



ਦੋਵੇਂ ਬੱਚੇ ਜ਼ਿੰਦਾ ਬਚ ਗਏ। ਉਸ ਵੇਲੇ ਬਚਾਅ ਅਮਲੇ ਨੇ ਇਸਨੂੰ "ਚਮਤਕਾਰ" ਵਰਗਾ ਮਾਮਲਾ ਦੱਸਿਆ ਸੀ, ਕਿਉਂਕਿ ਕਾਰ ਬਹੁਤ ਬੁਰੀ ਤਰ੍ਹਾਂ ਤਬਾਹ ਹੋ ਗਈ ਸੀ ਅਤੇ ਪਰਿਵਾਰ ਨੂੰ ਮਲਬੇ ਵਿਚੋਂ ਕੱਢਣ ਲਈ ਫਾਇਰ ਫਾਈਟਰਜ਼ ਨੂੰ ਕਾਰ ਕੱਟਣੀ ਪਈ ਸੀ। ਪਟੇਲ ਖ਼ਿਲਾਫ਼ ਸ਼ੁਰੂਆਤੀ ਤੌਰ 'ਤੇ ਆਪਣੀ ਪਤਨੀ ਅਤੇ ਦੋ ਬੱਚਿਆਂ ਨੂੰ ਮਾਰਨ ਦੀ ਕੋਸ਼ਿਸ਼ ਦੇ ਤਿੰਨ ਚਾਰਜ ਲਗਾਏ ਗਏ ਸਨ। ਸਰਕਾਰੀ ਵਕੀਲ ਦਾ ਦਾਅਵਾ ਸੀ ਕਿ ਇਹ ਸਾਧਾਰਨ ਦੁਰਘਟਨਾ ਨਹੀਂ ਸੀ। ਪਹਿਲਾਂ ਪਟੇਲ ਵੱਲੋਂ ਟਾਇਰ-ਪ੍ਰੈਸ਼ਰ ਜਾਂ ਵਾਹਨ ਸਮੱਸਿਆ ਦੀ ਗੱਲ ਕਹੀ ਗਈ ਸੀ, ਪਰ ਪੜਤਾਲ ਦੌਰਾਨ ਉਸ ਦੀ ਮਾਨਸਿਕ ਸਥਿਤੀ ਅਤੇ ਪਰਿਵਾਰਕ ਬਿਆਨਾਂ 'ਤੇ ਵੱਧ ਧਿਆਨ ਕੇਂਦਰਿਤ ਹੋਇਆ। ਸਾਨ ਫਰਾਂਸਿਸਕੋ ਕ੍ਰੋਨਿਕਲ ਮੁਤਾਬਕ, ਬਾਅਦ ਵਿਚ ਪਟੇਲ ਦੀ ਪਤਨੀ ਨੇ ਅਧਿਕਾਰੀਆਂ ਨੂੰ ਦੱਸਿਆ ਸੀ ਕਿ ਕਾਰ ਨੂੰ ਚੱਟਾਨ ਵੱਲ ਜਾਣਬੁੱਝ ਕੇ ਲਿਜਾਇਆ ਗਿਆ ਸੀ।

ਅਦਾਲਤੀ ਕਾਰਵਾਈ ਦੌਰਾਨ ਡਿਫੈਂਸ ਵੱਲੋਂ ਕਿਹਾ ਗਿਆ ਕਿ ਪਟੇਲ ਮਨੋਵਿਗਿਆਨਕ ਵਿਸ਼ੇਸ਼ਤਾਵਾਂ ਦੇ ਨਾਲ ਪ੍ਰਮੁੱਖ ਡਿਪਰੈਸ਼ਨ ਵਿਕਾਰ ਨਾਲ ਪੀੜਤ ਸੀ। ਮਨੋਵਿਗਿਆਨੀ ਨੇ ਗਵਾਹੀ ਦਿੱਤੀ ਸੀ ਕਿ ਘਟਨਾ ਦੇ ਸਮੇਂ ਉਸ ਨੂੰ psychotic break ਆਇਆ ਸੀ। ਇਸੇ ਆਧਾਰ 'ਤੇ 2024 ਵਿਚ ਅਦਾਲਤ ਨੇ ਉਸਨੂੰ ਜੇਲ ਟ੍ਰਾਇਲ ਦੀ ਬਜਾਏ ਮੈਂਟਲ ਹੈਲਥ ਡਾਇਵਰਸ਼ਨ ਪ੍ਰੋਗਰਾਮ ਵਿਚ ਜਾਣ ਦੀ ਇਜਾਜ਼ਤ ਦਿੱਤੀ ਸੀ। ਉਸ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਇਹ ਮਾਮਲਾ ਮਾਨਸਿਕ ਰੋਗ ਨਾਲ ਜੁੜਿਆ ਹੋਇਆ ਸੀ, ਨਾ ਕਿ ਆਮ ਅਪਰਾਧਿਕ ਇਰਾਦਾ ਵਾਲਾ ਮਾਮਲਾ।

ਹੁਣ ਜੱਜ ਵੱਲੋਂ ਚਾਰਜ ਰੱਦ ਕਰਨ ਦਾ ਮਤਲਬ ਇਹ ਹੈ ਕਿ ਪਟੇਲ ਖ਼ਿਲਾਫ਼ ਕਤਲ ਦੀ ਕੋਸ਼ਿਸ਼ ਦਾ ਕੇਸ ਅੱਗੇ ਅਪਰਾਧਿਕ ਮੁਕੱਦਮੇ ਵਜੋਂ ਨਹੀਂ ਚੱਲੇਗਾ। ਸਾਨ ਫਰਾਂਸਿਸਕੋ ਕ੍ਰੋਨਿਕਲ ਮੁਤਾਬਕ ਜੱਜ ਸ਼ੈਰਨ ਚੋ ਨੇ ਕੇਸ ਬਰਖ਼ਾਸਤ ਕਰਨ ਦੇ ਨਾਲ ਰਿਕਾਰਡ ਸੀਲ ਕਰਨ ਅਤੇ ਪਟੇਲ ਦਾ ਪਾਸਪੋਰਟ ਵਾਪਸ ਕਰਨ ਦਾ ਹੁਕਮ ਵੀ ਦਿੱਤਾ। ਜ਼ਿਲ੍ਹਾ ਅਟਾਰਨੀ ਸਟੀਵ ਵੈਗਸਟਾਫ ਨੇ ਕਿਹਾ ਕਿ ਜੇ ਡਾਇਵਰਸ਼ਨ ਪ੍ਰੋਗਰਾਮ ਤਸੱਲੀਬਖ਼ਸ਼ ਤਰੀਕੇ ਨਾਲ ਪੂਰਾ ਹੋ ਜਾਵੇ, ਤਾਂ ਕੈਲੀਫੋਰਨੀਆ ਕਾਨੂੰਨ ਹੇਠ ਜੱਜ ਨੂੰ ਚਾਰਜ ਖਾਰਜ ਕਰਨੇ ਪੈਂਦੇ ਹਨ।

ਇਸ ਮਾਮਲੇ ਵਿਚ ਸਭ ਤੋਂ ਵੱਡੀ ਚਰਚਾ ਕੈਲੀਫੋਰਨੀਆ ਦੇ ਮੈਂਟਲ ਹੈਲਥ ਡਾਇਵਰਸ਼ਨ ਕਾਨੂੰਨ ਨੂੰ ਲੈ ਕੇ ਹੈ। ਕੈਲੀਫੋਰਨੀਆ ਪੀਨਲ ਕੋਡ 1001.36 ਹੇਠ, ਜੇ ਅਦਾਲਤ ਮੰਨ ਲਏ ਕਿ ਦੋਸ਼ੀ ਨੇ ਡਾਇਵਰਸ਼ਨ ਦੀਆਂ ਲੋੜਾਂ ਦੀ ਕਾਫ਼ੀ ਹੱਦ ਤੱਕ ਪਾਲਣਾ ਕੀਤਾ, ਕੋਈ ਵੱਡਾ ਨਵਾਂ ਕਾਨੂੰਨੀ ਉਲੰਘਣ ਨਹੀਂ ਕੀਤਾ ਅਤੇ ਲੰਬੀ ਮਿਆਦ ਦੀ ਮਾਨਸਿਕ ਸਿਹਤ ਦੇਖਭਾਲ ਯੋਜਨਾ ਮੌਜੂਦ ਹੈ, ਤਾਂ ਅਦਾਲਤ ਅਪਰਾਧਿਕ ਦੋਸ਼ਾਂ ਨੂੰ ਖਾਰਜ ਕਰ ਸਕਦੀ ਹੈ। ਕਾਨੂੰਨ ਦੀ ਭਾਸ਼ਾ ਮੁਤਾਬਕ ਤਸੱਲੀਬਖ਼ਸ਼ ਡਾਇਵਰਸ਼ਨ ਦੇ ਅੰਤ 'ਤੇ ਅਦਾਲਤ ਦੋਸ਼ਾਂ ਨੂੰ ਖਾਰਜ ਕਰੇਗੀ।

ਸੈਨ ਮਾਟੇਓ ਕਾਊਂਟੀ ਡਿਸਟ੍ਰਿਕਟ ਅਟਾਰਨੀ ਸਟੀਵ ਵੈਗਸਟਾਫ ਨੇ ਇਸ ਫ਼ੈਸਲੇ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਪਟੇਲ ਨੂੰ "ਜੀਵਨ ਭਰ ਦਾ ਬ੍ਰੇਕ" ਮਿਲਿਆ ਹੈ। ਵੈਗਸਟਾਫ ਦਾ ਕਹਿਣਾ ਹੈ ਕਿ ਉਸ ਦੀ ਨਾਰਾਜ਼ਗੀ ਜੱਜ ਨਾਲ ਨਹੀਂ, ਸਗੋਂ ਕੈਲੀਫੋਰਨੀਆ ਕਾਨੂੰਨ ਨਾਲ ਹੈ, ਕਿਉਂਕਿ ਉਸਦੇ ਅਨੁਸਾਰ ਕਤਲ ਦੀ ਕੋਸ਼ਿਸ਼ ਵਰਗੇ ਗੰਭੀਰ ਚਾਰਜ ਮੈਂਟਲ ਹੈਲਥ ਡਾਇਵਰਸ਼ਨ ਲਈ ਯੋਗ ਨਹੀਂ ਹੋਣੇ ਚਾਹੀਦੇ।

# ਫੇਅਰਫੈਕਸ ਕਾਊਂਟੀ ਵੱਲੋਂ ICE ਦੀਆਂ 615 ਬੇਨਤੀਆਂ ਰੱਦ

**ਵਰਜੀਨੀਆ, (ਪੰਜਾਬ ਮੇਲ)**- ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਵਰਜੀਨੀਆ ਦੀ ਫੇਅਰਫੈਕਸ ਕਾਊਂਟੀ ਬਾਰੇ ਸਾਹਮਣੇ ਆਏ ਰਿਕਾਰਡਾਂ ਮੁਤਾਬਕ ਕਾਊਂਟੀ ਨੇ ਪਿਛਲੇ 16 ਮਹੀਨਿਆਂ ਵਿਚ 615 ਲੋਕਾਂ ਨੂੰ ICE (ਆਈਸ) ਦੇ ਹਵਾਲੇ ਕਰਨ ਤੋਂ ਇਨਕਾਰ ਕੀਤਾ, ਜਦਕਿ ਸਿਰਫ਼ 11 ਲੋਕ ਆਈਸ ਨੂੰ ਸੌਂਪੇ ਗਏ।

ਰਿਪੋਰਟ ਮੁਤਾਬਕ 2025 ਵਿਚ ਕਾਊਂਟੀ ਦੇ ਸ਼ੈਰਿਫ਼ ਦਫ਼ਤਰ ਨੇ 448 ਬੇਨਤੀਆਂ ਰੱਦ ਕੀਤੀਆਂ ਅਤੇ ਸਿਰਫ਼ 9 ਲੋਕ ਆਈਸ ਨੂੰ ਦਿੱਤੇ। ਜਨਵਰੀ ਤੋਂ ਅਪ੍ਰੈਲ 2026 ਤੱਕ ਹੋਰ 167 ਬੇਨਤੀਆਂ ਰੱਦ ਕੀਤੀਆਂ ਗਈਆਂ ਅਤੇ ਸਿਰਫ਼ 2 ਲੋਕ ਆਈਸ ਦੇ ਹਵਾਲੇ ਕੀਤੇ ਗਏ।

ਫੇਅਰਫੈਕਸ ਕਾਊਂਟੀ ਨੇ 2021 ਵਿਚ ਇੱਕ ਭਰੋਸਾ ਨੀਤੀ ਲਾਗੂ ਕੀਤੀ ਸੀ। ਇਸ ਨੀਤੀ ਅਧੀਨ ਸਥਾਨਕ ਪੁਲਿਸ ਜਾਂ ਸ਼ੈਰਿਫ਼ ਦਫ਼ਤਰ ਕਿਸੇ ਵਿਅਕਤੀ ਨੂੰ ਤਦੋਂ ਹੀ ਆਈਸ ਲਈ ਰੋਕਦਾ ਹੈ, ਜਦੋਂ ਅਦਾਲਤੀ ਹੁਕਮ ਜਾਂ ਜੱਜ ਵੱਲੋਂ ਜਾਰੀ ਵਾਰੰਟ ਹੋਵੇ। ਸਿਰਫ਼ ਆਈਸ ਦੀ ਆਮ ਬੇਨਤੀ ਦੇ ਆਧਾਰ 'ਤੇ ਕਿਸੇ ਨੂੰ ਜੇਲ੍ਹ ਵਿਚ ਵਾਧੂ ਸਮਾਂ ਨਹੀਂ ਰੱਖਿਆ ਜਾਂਦਾ।

ਇਸ ਨੀਤੀ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਇਸ ਨਾਲ ਜਨਤਕ ਸੁਰੱਖਿਆ ਨੂੰ ਖ਼ਤਰਾ ਪੈਦਾ ਹੁੰਦਾ ਹੈ ਅਤੇ ਕਈ ਗੈਰ-ਕਾਨੂੰਨੀ ਇਮੀਗ੍ਰੈਂਟਸ ਕੇਂਦਰੀ ਕਾਨੂੰਨੀ ਕਾਰਵਾਈ ਤੋਂ ਬਚ ਜਾਂਦੇ ਹਨ। ਦੂਜੇ ਪਾਸੇ ਕਾਊਂਟੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਕਾਨੂੰਨ ਅਨੁਸਾਰ ਕੰਮ ਕਰ ਰਹੇ ਹਨ ਅਤੇ ਬਿਨਾਂ ਅਦਾਲਤੀ ਹੁਕਮ ਕਿਸੇ ਨੂੰ ਰੋਕ ਨਹੀਂ ਸਕਦੇ।

ਇਹ ਮਾਮਲਾ ਹੁਣ ਅਮਰੀਕਾ ਵਿਚ ਇਮੀਗ੍ਰੇਸ਼ਨ ਬਹਿਸ ਦਾ ਵੱਡਾ ਹਿੱਸਾ ਬਣ ਗਿਆ ਹੈ। ਟਰੰਪ ਪ੍ਰਸ਼ਾਸਨ ਪਹਿਲਾਂ ਹੀ ਗ੍ਰਿਫ਼ਤਾਰੀਆਂ ਅਤੇ ਡਿਪੋਰਟੇਸ਼ਨ ਵਧਾਉਣ ਦੀ ਗੱਲ ਕਰ ਰਿਹਾ ਹੈ। ਹੁਣ ਸਥਾਨਕ ਕਾਊਂਟੀਆਂ ਅਤੇ ਆਈਸ ਦੇ ਸਹਿਯੋਗ ਦਾ ਮਸਲਾ ਵੀ ਵੱਡੀ ਸਿਆਸੀ ਲੜਾਈ ਬਣਦਾ ਜਾ ਰਿਹਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਖਿਲਾਫ਼ ਹੁਣ ਕੰਮ ਵਾਲੀਆਂ ਥਾਵਾਂ 'ਤੇ ਕਾਰਵਾਈ ਵਧਾਉਣ ਦੀ ਤਿਆਰੀ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ 'ਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਖ਼ਿਲਾਫ਼ ਟਰੰਪ ਪ੍ਰਸ਼ਾਸਨ ਹੁਣ ਕੰਮ ਵਾਲੀਆਂ ਥਾਵਾਂ 'ਤੇ ਕਾਰਵਾਈ ਵਧਾਉਣ ਦੀ ਤਿਆਰੀ ਕਰ ਰਿਹਾ ਹੈ। ਇਸ ਵਿਚ ਫੈਕਟਰੀਆਂ, ਗੋਦਾਮ, ਕੰਸਟਰਕਸ਼ਨ ਸਾਈਟਾਂ, ਹੋਟਲ, ਰੈਸਟੋਰੈਂਟ, ਖੇਤੀਬਾੜੀ ਨਾਲ ਜੁੜੇ ਕੰਮ ਅਤੇ ਹੋਰ ਕਾਰੋਬਾਰੀ ਥਾਵਾਂ ਸ਼ਾਮਲ ਹੋ ਸਕਦੀਆਂ ਹਨ।

ਰਿਪੋਰਟ ਮੁਤਾਬਕ ਕਈ ਕੇਂਦਰੀ ਏਜੰਸੀਆਂ ਇਸ ਗੱਲ 'ਤੇ ਚਰਚਾ ਕਰ ਰਹੀਆਂ ਹਨ ਕਿ ਕੰਮ ਵਾਲੀਆਂ ਥਾਵਾਂ 'ਤੇ ਗ੍ਰਿਫ਼ਤਾਰੀਆਂ ਕਿਵੇਂ ਵਧਾਈਆਂ ਜਾਣ ਅਤੇ ਉਨ੍ਹਾਂ ਮਾਲਕਾਂ 'ਤੇ ਕਾਰਵਾਈ ਕਿਵੇਂ ਕੀਤੀ ਜਾਵੇ, ਜੋ ਗਲਤ ਦਸਤਾਵੇਜ਼ਾਂ, ਪਹਿਚਾਣ ਚੋਰੀ, ਬੈਨਿਫਿਟ ਫਰੌਡ ਜਾਂ ਹੋਰ ਕ੍ਰਿਮੀਨਲ ਮਾਮਲਿਆਂ ਨਾਲ ਜੁੜੇ ਹੋ ਸਕਦੇ ਹਨ।

ਹੋਮਲੈਂਡ ਸਕਿਓਰਿਟੀ ਵਿਭਾਗ ਦਾ ਕਹਿਣਾ ਹੈ ਕਿ ਫਰਾਡ ਨਾਲ ਜੁੜੀਆਂ ਕ੍ਰਿਮੀਨਲ ਜਾਂਚਾਂ ਵਿਚ ਵਾਧਾ ਹੋਇਆ ਹੈ। ਪ੍ਰਸ਼ਾਸਨ ਅਨੁਸਾਰ ਇਹ ਕੋਈ ਨਵੀਂ ਨੀਤੀ ਨਹੀਂ, ਸਗੋਂ ਪਹਿਲਾਂ ਤੋਂ ਚੱਲ ਰਹੀਆਂ ਜਾਂਚਾਂ ਦੇ ਆਧਾਰ 'ਤੇ ਅੱਗੇ ਦੀ ਕਾਰਵਾਈ ਹੋਵੇਗੀ।

ਇਸ ਯੋਜਨਾ ਦਾ ਇੱਕ ਹਿੱਸਾ ਮਾਲਕਾਂ ਨੂੰ ਕਰਮਚਾਰੀ ਰੱਖਣ ਸਮੇਂ ਕਾਨੂੰਨੀ ਜ਼ਿੰਮੇਵਾਰੀਆਂ ਬਾਰੇ ਜਾਗਰੂਕ ਕਰਨਾ ਵੀ ਹੈ। ਕਾਰੋਬਾਰੀਆਂ ਨੂੰ ਦੱਸਿਆ ਜਾਵੇਗਾ ਕਿ ਕਰਮਚਾਰੀ ਰੱਖਣ ਵੇਲੇ ਕਿਹੜੇ ਕਾਗਜ਼ਾਤ ਦੀ ਜਾਂਚ ਲਾਜ਼ਮੀ ਹੈ ਅਤੇ ਕਿਹੜੀਆਂ ਗਲਤੀਆਂ ਕਾਰਨ ਉਹ ਕਾਨੂੰਨੀ ਮੁਸ਼ਕਲ ਵਿਚ ਫਸ ਸਕਦੇ ਹਨ।

ਜਿੱਥੇ ਦਸਤਾਵੇਜ਼ੀ ਧੋਖਾਧੜੀ ਜਾਂ ਹੋਰ ਕ੍ਰਿਮੀਨਲ ਗਤੀਵਿਧੀ ਦਾ ਸ਼ੱਕ ਹੋਵੇਗਾ, ਉੱਥੇ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ। ਇਸ ਨਾਲ ਸਿਰਫ਼ ਗੈਰ-ਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਲੋਕ ਹੀ ਨਹੀਂ, ਸਗੋਂ ਉਹ ਮਾਲਕ ਵੀ ਨਿਸ਼ਾਨੇ 'ਤੇ ਆ ਸਕਦੇ ਹਨ, ਜੋ ਜਾਣਬੁੱਝ ਕੇ ਅਜਿਹੇ ਲੋਕਾਂ ਨੂੰ ਕੰਮ 'ਤੇ ਰੱਖਦੇ ਹਨ।

ਆਮ ਤੌਰ 'ਤੇ ਅਜਿਹੀ ਕਾਰਵਾਈ ਤੋਂ ਪਹਿਲਾਂ ਕੰਪਨੀ ਦੇ ਕਾਗਜ਼ਾਤ ਦੀ ਜਾਂਚ ਹੁੰਦੀ ਹੈ। ਕਰਮਚਾਰੀਆਂ ਦੇ ਰਿਕਾਰਡ, ਆਈ-9 ਫਾਰਮ ਅਤੇ ਕੰਮ ਕਰਨ ਦੀ ਇਜਾਜ਼ਤ ਵਾਲੇ ਦਸਤਾਵੇਜ਼ ਵੇਖੇ ਜਾਂਦੇ ਹਨ। ਜੇ ਗੜਬੜ ਮਿਲੇ, ਤਾਂ ਮਾਮਲਾ ਕ੍ਰਿਮੀਨਲ ਜਾਂਚ ਵੱਲ ਵਧ ਸਕਦਾ ਹੈ।

ਇਹ ਮਾਮਲਾ ਪ੍ਰਸ਼ਾਸਨ ਲਈ ਸੰਵੇਦਨਸ਼ੀਲ ਵੀ ਹੈ, ਕਿਉਂਕਿ ਅਮਰੀਕਾ ਦੀਆਂ ਕਈ ਇੰਡਸਟਰੀਆਂ – ਖੇਤੀਬਾੜੀ, ਕੰਸਟਰਕਸ਼ਨ, ਮੈਨੂਫੈਕਚਰਿੰਗ, ਹੋਟਲ ਅਤੇ ਰੈਸਟੋਰੈਂਟ – ਪਰਵਾਸੀ ਮਜ਼ਦੂਰਾਂ 'ਤੇ ਕਾਫ਼ੀ ਨਿਰਭਰ ਹਨ। ਇਸ ਲਈ ਸਰਕਾਰ ਨੂੰ ਇਮੀਗ੍ਰੇਸ਼ਨ ਕਾਰਵਾਈ ਅਤੇ ਅਰਥਵਿਵਸਥਾ ਵਿਚਕਾਰ ਸੰਤੁਲਨ ਬਣਾਉਣਾ ਪੈ ਰਿਹਾ ਹੈ।

ਪਿਛਲੇ ਸਾਲ ਜਾਰਜੀਆ ਦੇ ਇੱਕ ਵੱਡੇ ਪਲਾਂਟ 'ਤੇ ਹੋਈ ਇਮੀਗ੍ਰੇਸ਼ਨ ਰੇਡ ਤੋਂ ਬਾਅਦ ਅਮਰੀਕਾ ਅਤੇ ਦੱਖਣੀ ਕੋਰੀਆ ਵਿਚਕਾਰ ਤਣਾਅ ਵੀ ਬਣ ਗਿਆ ਸੀ। ਇਸ ਕਰਕੇ ਨਵੀਆਂ ਕਾਰਵਾਈਆਂ ਦੇ ਦਾਇਰੇ ਅਤੇ ਪ੍ਰਭਾਵ 'ਤੇ ਸਭ ਦੀ ਨਜ਼ਰ ਰਹੇਗੀ।

ਇਸ ਵੇਲੇ ICE ਦੀਆਂ ਗ੍ਰਿਫ਼ਤਾਰੀਆਂ ਪਹਿਲਾਂ ਹੀ ਵਧ ਰਹੀਆਂ ਹਨ। ਰਿਪੋਰਟਾਂ ਮੁਤਾਬਕ ਜੂਨ ਦੇ ਅਖੀਰ ਵਿਚ ਪੰਜ ਦਿਨਾਂ ਦੌਰਾਨ ਲਗਭਗ 10 ਹਜ਼ਾਰ ਲੋਕ ਗ੍ਰਿਫ਼ਤਾਰ ਕੀਤੇ ਗਏ, ਯਾਨੀ ਕਰੀਬ 2 ਹਜ਼ਾਰ ਗ੍ਰਿਫ਼ਤਾਰੀਆਂ ਪ੍ਰਤੀ ਦਿਨ।

ਇਮੀਗ੍ਰੇਸ਼ਨ ਦੇ ਸਖ਼ਤ ਹਮਾਇਤੀਆਂ ਦਾ ਕਹਿਣਾ ਹੈ ਕਿ ਸਿਰਫ਼ ਸਰਹੱਦ 'ਤੇ ਕਾਰਵਾਈ ਕਾਫ਼ੀ ਨਹੀਂ। ਉਹ ਮੰਨਦੇ ਹਨ ਕਿ ਜੇ ਗੈਰ-ਕਾਨੂੰਨੀ ਤਰੀਕੇ ਨਾਲ ਕੰਮ ਕਰਨ ਵਾਲਿਆਂ ਅਤੇ ਉਨ੍ਹਾਂ ਨੂੰ ਨੌਕਰੀ ਦੇਣ ਵਾਲੇ ਮਾਲਕਾਂ ਖ਼ਿਲਾਫ਼ ਕਾਰਵਾਈ ਨਾ ਹੋਈ, ਤਾਂ ਡਿਪੋਰਟੇਸ਼ਨ ਦੇ ਟਾਰਗੇਟ ਪੂਰੇ ਨਹੀਂ ਹੋ ਸਕਣਗੇ।

# ਵਿਨੀਪੈੱਗ ਦੇ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਗਰੋਹ ਦਾ ਪਰਦਾਫਾਸ਼

**ਵਿਨੀਪੈੱਗ, (ਪੰਜਾਬ ਮੇਲ)**- ਬਜ਼ੁਰਗਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਉਨ੍ਹਾਂ ਤੋਂ ਸੋਨੇ ਦੇ ਗਹਿਣੇ ਅਤੇ ਹੋਰ ਕੀਮਤੀ ਸਾਮਾਨ ਠੱਗਣ ਵਾਲੇ ਇੱਕ ਕਥਿਤ ਗਰੋਹ ਦਾ ਪਰਦਾਫਾਸ਼ ਕਰਦਿਆਂ ਵਿਨੀਪੈੱਗ ਪੁਲਿਸ ਨੇ ਓਨਟਾਰੀਓ ਦੇ ਇੱਕ ਪਤੀ-ਪਤਨੀ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਦੋਵੇਂ ਜਣੇ ਗ੍ਰੈਂਡਪੇਰੈਂਟ ਸਕੈਮ ਰਾਹੀਂ ਬਜ਼ੁਰਗਾਂ ਨੂੰ ਇਹ ਵਿਸ਼ਵਾਸ ਦਿਵਾਉਂਦੇ ਸਨ ਕਿ ਉਨ੍ਹਾਂ ਦਾ ਪੋਤਾ ਜਾਂ ਪੋਤੀ ਕਿਸੇ ਗੰਭੀਰ ਹਾਦਸੇ ਜਾਂ ਕਾਨੂੰਨੀ ਮੁਸੀਬਤ ਵਿਚ ਫਸ ਗਿਆ ਹੈ ਅਤੇ ਉਸ ਨੂੰ ਛੁਡਾਉਣ ਲਈ ਤੁਰੰਤ ਗਹਿਣਿਆਂ ਜਾਂ ਨਕਦੀ ਦੀ ਲੋੜ ਹੈ।

ਜਾਂਚ ਮੁਤਾਬਕ ਠੱਗੀ ਦੀ ਸ਼ੁਰੂਆਤ ਇੱਕ ਫ਼ੋਨ ਕਾਲ ਨਾਲ ਹੁੰਦੀ ਸੀ। ਪਹਿਲਾਂ ਇੱਕ ਵਿਅਕਤੀ ਆਪਣੇ ਆਪ ਨੂੰ ਉਸ ਬਜ਼ੁਰਗ ਦਾ ਪੋਤਾ ਜਾਂ ਪੋਤੀ ਦੱਸ ਕੇ ਰੋਂਦਿਆਂ ਮਦਦ ਮੰਗਦਾ ਸੀ। ਇਸ ਤੋਂ ਤੁਰੰਤ ਬਾਅਦ ਦੂਜਾ ਵਿਅਕਤੀ ਆਪਣੇ ਆਪ ਨੂੰ ਪੁਲਿਸ ਅਧਿਕਾਰੀ ਜਾਂ ਵਕੀਲ ਦੱਸਦਾ ਹੋਇਆ ਕਹਿੰਦਾ ਸੀ ਕਿ ਜ਼ਮਾਨਤ ਜਾਂ ਅਦਾਲਤੀ ਕਾਰਵਾਈ ਲਈ ਤੁਰੰਤ ਕੀਮਤੀ ਗਹਿਣੇ ਜਾਂ ਨਕਦੀ ਭੇਜਣੀ ਪਵੇਗੀ। ਬਜ਼ੁਰਗਾਂ ਨੂੰ ਇਹ ਵੀ ਕਿਹਾ ਜਾਂਦਾ ਸੀ ਕਿ ਇਸ ਬਾਰੇ ਕਿਸੇ ਪਰਿਵਾਰਕ ਮੈਂਬਰ ਨਾਲ ਗੱਲ ਨਾ ਕੀਤੀ ਜਾਵੇ। ਪੁਲਿਸ ਅਨੁਸਾਰ ਕੁਝ ਸਮੇਂ ਬਾਅਦ ਗਰੋਹ ਦਾ ਇੱਕ ਮੈਂਬਰ ਬਜ਼ੁਰਗ ਦੇ ਘਰ ਪਹੁੰਚਦਾ ਅਤੇ ਗਹਿਣੇ ਜਾਂ ਨਕਦੀ ਲੈ ਕੇ ਫ਼ਰਾਰ ਹੋ ਜਾਂਦਾ ਸੀ। ਜ਼ਿਆਦਾਤਰ ਪੀੜਤ ਇਕੱਲੇ ਰਹਿੰਦੇ ਬਜ਼ੁਰਗ ਸਨ, ਜਿਨ੍ਹਾਂ ਨੇ ਆਪਣੇ ਪਰਿਵਾਰ ਦੀ ਮਦਦ ਕਰਨ ਦੀ ਨੀਅਤ ਨਾਲ ਬਿਨਾਂ ਜਾਂਚ-ਪੜਤਾਲ ਕੀਤੇ ਕੀਮਤੀ ਸਾਮਾਨ ਸੌਂਪ ਦਿੱਤਾ।

> **ਓਂਟਾਰੀਓ ਦਾ ਜੋੜਾ ਗ੍ਰਿਫ਼ਤਾਰ; ਪੁਲੀਸ ਵੱਲੋਂ ਹੋਰ ਪੀੜਤਾਂ ਨੂੰ ਸਾਹਮਣੇ ਆਉਣ ਦੀ ਅਪੀਲ**

ਵਿਸਥਾਰਪੂਰਵਕ ਜਾਂਚ ਤੋਂ ਬਾਅਦ ਪੁਲਿਸ ਨੇ ਓਨਟਾਰੀਓ ਦੇ ਇੱਕ ਪਤੀ-ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ। ਦੋਵਾਂ ਖ਼ਿਲਾਫ਼ ਧੋਖਾਧੜੀ, ਅਪਰਾਧ ਰਾਹੀਂ ਪ੍ਰਾਪਤ ਸੰਪਤੀ ਆਪਣੇ ਕਬਜ਼ੇ ਵਿਚ ਰੱਖਣ ਅਤੇ ਅਪਰਾਧਿਕ ਸਾਜ਼ਿਸ਼ਾਂ ਸਮੇਤ ਕਈ ਗੰਭੀਰ ਦੋਸ਼ ਲਗਾਏ ਗਏ ਹਨ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਇਸ ਗਰੋਹ ਨੇ ਵਿਨੀਪੈੱਗ ਤੋਂ ਇਲਾਵਾ ਮੈਨੀਟੋਬਾ ਦੇ ਹੋਰ ਸ਼ਹਿਰਾਂ ਵਿਚ ਵੀ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੋ ਸਕਦਾ ਹੈ। ਇਸ ਲਈ ਹੋਰ ਪੀੜਤਾਂ ਅਤੇ ਗਵਾਹਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਗਈ ਹੈ। ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਜੋੜੇ ਦੀ ਪਛਾਣ ਅਤੇ ਉਨ੍ਹਾਂ 'ਤੇ ਲੱਗੇ ਦੋਸ਼ਾਂ ਬਾਰੇ ਵਿਸਥਾਰਿਕ ਜਾਣਕਾਰੀ ਅਜੇ ਜਾਰੀ ਨਹੀਂ ਕੀਤੀ ਗਈ।

ਪੁਲਿਸ ਦੇ ਅੰਕੜਿਆਂ ਅਨੁਸਾਰ, ਸਿਰਫ਼ 2026 ਦੇ ਪਹਿਲੇ ਮਹੀਨਿਆਂ ਦੌਰਾਨ ਹੀ ਮੈਨੀਟੋਬਾ ਵਿਚ "ਗ੍ਰੈਂਡਪੇਰੈਂਟ ਸਕੈਮ" ਕਾਰਨ ਘੱਟੋ-ਘੱਟ 31,000 ਡਾਲਰ ਦੀ ਠੱਗੀ ਦੀ ਪੁਸ਼ਟੀ ਹੋ ਚੁੱਕੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਸਿਰਫ਼ ਸਾਹਮਣੇ ਆਏ ਮਾਮਲੇ ਹਨ, ਜਦਕਿ ਅਸਲ ਨੁਕਸਾਨ ਇਸ ਤੋਂ ਕਾਫ਼ੀ ਵੱਧ ਹੋ ਸਕਦਾ ਹੈ ਕਿਉਂਕਿ ਕਈ ਬਜ਼ੁਰਗ ਸ਼ਰਮ ਜਾਂ ਡਰ ਕਾਰਨ ਸ਼ਿਕਾਇਤ ਹੀ ਦਰਜ ਨਹੀਂ ਕਰਵਾਉਂਦੇ।

ਪੁਲਿਸ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਕੋਈ ਫ਼ੋਨ ਕਰਕੇ ਪਰਿਵਾਰਕ ਮੈਂਬਰ ਦੇ ਮੁਸੀਬਤ ਵਿਚ ਹੋਣ ਦਾ ਦਾਅਵਾ ਕਰੇ ਅਤੇ ਤੁਰੰਤ ਪੈਸੇ ਜਾਂ ਗਹਿਣਿਆਂ ਦੀ ਮੰਗ ਕਰੇ ਤਾਂ ਸਭ ਤੋਂ ਪਹਿਲਾਂ ਆਪਣੇ ਪਰਿਵਾਰ ਨਾਲ ਸਿੱਧਾ ਸੰਪਰਕ ਕਰਕੇ ਜਾਣਕਾਰੀ ਦੀ ਪੁਸ਼ਟੀ ਕੀਤੀ ਜਾਵੇ। ਪੁਲਿਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਕੈਨੇਡਾ ਵਿਚ ਕੋਈ ਵੀ ਪੁਲਿਸ ਸੇਵਾ ਜਾਂ ਅਦਾਲਤ ਜ਼ਮਾਨਤ ਲਈ ਘਰੋਂ ਨਕਦੀ ਜਾਂ ਗਹਿਣੇ ਇਕੱਠੇ ਕਰਨ ਲਈ ਕਿਸੇ ਕਰਮਚਾਰੀ ਨੂੰ ਨਹੀਂ ਭੇਜਦੀ।

# ਨੈਂਸੀ ਪੇਲੋਸੀ ਦੇ ਪਤੀ ਪਾਲ ਪੇਲੋਸੀ ਹਿੱਟ-ਐਂਡ-ਰਨ ਮਾਮਲੇ ਵਿਚ ਸ਼ੱਕ ਦੇ ਘੇਰੇ ਵਿਚ

**ਵਾਸ਼ਿੰਗਟਨ, (ਪੰਜਾਬ ਮੇਲ)**- ਸਾਬਕਾ ਅਮਰੀਕੀ ਹਾਊਸ ਸਪੀਕਰ ਨੈਂਸੀ ਪੇਲੋਸੀ ਦੇ ਪਤੀ ਪਾਲ ਪੇਲੋਸੀ ਖ਼ਿਲਾਫ਼ ਕੈਲੀਫੋਰਨੀਆ ਦੇ ਨਾਪਾ ਕਾਊਂਟੀ ਵਿਚ ਇੱਕ ਮਿਸਡੀਮੀਨਰ (ਛੋਟੇ ਅਪਰਾਧ) ਹਿੱਟ-ਐਂਡ-ਰਨ ਮਾਮਲੇ ਦੀ ਜਾਂਚ ਚੱਲ ਰਹੀ ਹੈ।

ਅਧਿਕਾਰੀਆਂ ਮੁਤਾਬਕ ਇਹ ਘਟਨਾ ਯੌਂਟਵਿਲ ਵਿਚ ਵਾਪਰੀ। ਦੋਸ਼ ਹੈ ਕਿ 86 ਸਾਲਾ ਪਾਲ ਪੇਲੋਸੀ ਦੀ ਕਨਵਰਟੀਬਲ ਕਾਰ ਇੱਕ ਕਾਨੂੰਨੀ ਤੌਰ 'ਤੇ ਖੜ੍ਹੀ ਗੱਡੀ ਨਾਲ ਟਕਰਾ ਗਈ। ਗਵਾਹਾਂ ਅਨੁਸਾਰ ਉਹ ਕੁਝ ਸਮੇਂ ਲਈ ਰੁਕੇ, ਪਰ ਫਿਰ ਉੱਥੋਂ ਚਲੇ ਗਏ। ਬਾਅਦ ਵਿਚ ਪੁਲਿਸ ਨੇ ਉਨ੍ਹਾਂ ਦੀ ਗੱਡੀ ਕੁਝ ਦੂਰੀ 'ਤੇ ਨੁਕਸਾਨੀ ਹਾਲਤ ਵਿਚ ਲੱਭ ਲਈ। ਜਾਂਚ ਦੌਰਾਨ ਪਾਲ ਪੇਲੋਸੀ ਨੇ ਕਥਿਤ ਤੌਰ 'ਤੇ ਕਿਹਾ ਕਿ ਉਨ੍ਹਾਂ ਨੂੰ ਅਹਿਸਾਸ ਸੀ ਕਿ ਉਹ ਕਿਸੇ ਚੀਜ਼ ਨਾਲ ਟਕਰਾਏ ਹਨ, ਪਰ ਇਹ ਨਹੀਂ ਪਤਾ ਸੀ ਕਿ ਕੀ ਟਕਰਾਇਆ, ਇਸ ਲਈ ਉਹ ਅੱਗੇ ਚੱਲਦੇ ਰਹੇ। ਸ਼ੈਰਿਫ਼ ਦਫ਼ਤਰ ਨੇ ਕਿਹਾ ਕਿ ਸ਼ਰਾਬ ਜਾਂ ਨਸ਼ੇ ਦਾ ਕੋਈ ਸਬੂਤ ਨਹੀਂ ਮਿਲਿਆ। ਬ੍ਰੇਥ ਟੈਸਟ ਵਿਚ ਉਨ੍ਹਾਂ ਦਾ ਨਤੀਜਾ 0.00 ਆਇਆ, ਇਸ ਲਈ ਡੀ.ਯੂ.ਆਈ. (ਨਸ਼ੇ ਵਿਚ ਡਰਾਈਵਿੰਗ) ਨੂੰ ਰੱਦ ਕਰ ਦਿੱਤਾ ਗਿਆ।

# ਟਰੰਪ ਵੱਲੋਂ ਡੈਮੋਕ੍ਰੇਟਸ ਨੂੰ ਕਮਿਊਨਿਸਟ ਕਹਿਣ 'ਤੇ ਵਿਵਾਦ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਡੈਮੋਕ੍ਰੈਟਿਕ ਪਾਰਟੀ ਨੂੰ ਕਮਿਊਨਿਸਟ ਦੱਸਣ ਵਾਲੇ ਬਿਆਨਾਂ 'ਤੇ ਹੁਣ ਨਵੀਂ ਚਰਚਾ ਸ਼ੁਰੂ ਹੋ ਗਈ ਹੈ। ਟਰੰਪ ਨੇ ਹਾਲ ਹੀ ਵਿਚ ਕਿਹਾ ਕਿ ਜੇ ਡੈਮੋਕ੍ਰੇਟਸ ਆਉਣ ਵਾਲੀਆਂ ਮਿਡਟਰਮ ਚੋਣਾਂ ਵਿਚ ਜਿੱਤਦੇ ਹਨ, ਤਾਂ ਕਮਿਊਨਿਜ਼ਮ ਅਮਰੀਕਾ ਲਈ ਵੱਡਾ ਖ਼ਤਰਾ ਬਣ ਸਕਦਾ ਹੈ।

ਟਰੰਪ ਨੇ ਡੈਮੋਕ੍ਰੇਟਸ ਨੂੰ "ਹਾਰਡਕੋਰ ਕਮਿਊਨਿਸਟ" ਅਤੇ "ਗਾਡਲੈੱਸ ਕਮਿਊਨਿਸਟ" ਵੀ ਕਿਹਾ। ਪਰ ਰਾਜਨੀਤਿਕ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਦਾਅਵੇ ਸਹੀ ਨਹੀਂ ਹਨ ਅਤੇ ਪੂਰੀ ਡੈਮੋਕ੍ਰੈਟਿਕ ਪਾਰਟੀ ਨੂੰ ਕਮਿਊਨਿਸਟ ਕਹਿਣਾ ਗਲਤ ਹੈ।

ਮਾਹਿਰਾਂ ਅਨੁਸਾਰ ਡੈਮੋਕ੍ਰੈਟਿਕ ਪਾਰਟੀ ਵਿਚ ਕੁਝ ਉਮੀਦਵਾਰ ਸਮਾਜਵਾਦੀ ਵਿਚਾਰਾਂ ਦੇ ਨੇੜੇ ਹੋ ਸਕਦੇ ਹਨ, ਪਰ ਉਹ ਕਮਿਊਨਿਸਟ ਨਹੀਂ ਹਨ। ਉਹ ਲੋਕਤੰਤਰ ਦੇ ਅੰਦਰ ਰਹਿ ਕੇ ਸਿਹਤ ਸੇਵਾ, ਅਮੀਰਾਂ 'ਤੇ ਵਧੇਰੇ ਟੈਕਸ, ਮਜ਼ਬੂਤ ਸਮਾਜਿਕ ਸੁਰੱਖਿਆ ਅਤੇ ਵੱਡੀਆਂ ਕੰਪਨੀਆਂ 'ਤੇ ਨਿਯਮਾਂ ਦੀ ਗੱਲ ਕਰਦੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਕਮਿਊਨਿਜ਼ਮ ਵਿਚ ਨਿੱਜੀ ਜਾਇਦਾਦ ਖ਼ਤਮ ਕਰਨ ਅਤੇ ਅਰਥਵਿਵਸਥਾ 'ਤੇ ਸਰਕਾਰ ਦੇ ਪੂਰੇ ਕਾਬੂ ਵਰਗੇ ਵਿਚਾਰ ਹੁੰਦੇ ਹਨ। ਡੈਮੋਕ੍ਰੈਟਿਕ ਪਾਰਟੀ ਦੇ ਮੁੱਖ ਆਗੂ ਜਾਂ ਖੱਬੇ ਪੱਖ ਦੇ ਕਈ ਉਮੀਦਵਾਰ ਵੀ ਇਨ੍ਹਾਂ ਵਿਚਾਰਾਂ ਨੂੰ ਨਹੀਂ ਮੰਨਦੇ।

ਕਮਿਊਨਿਸਟ ਪਾਰਟੀ ਅਮਰੀਕਾ ਦੇ ਇੱਕ ਆਗੂ ਨੇ ਵੀ ਕਿਹਾ ਕਿ ਹਾਲੀਆ ਡੈਮੋਕ੍ਰੈਟਿਕ ਉਮੀਦਵਾਰਾਂ ਨੂੰ ਕਮਿਊਨਿਸਟ ਪਾਰਟੀ ਦੇ ਮੈਂਬਰ ਜਾਂ ਉਸ ਦੇ ਵਿਚਾਰਾਂ ਵਾਲਾ ਕਹਿਣਾ ਸਹੀ ਨਹੀਂ। ਟਰੰਪ ਪਹਿਲਾਂ ਵੀ ਆਪਣੇ ਵਿਰੋਧੀਆਂ ਨੂੰ ਕਮਿਊਨਿਸਟ ਜਾਂ ਸਮਾਜਵਾਦੀ ਕਹਿੰਦੇ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਇੱਕ ਰਾਜਨੀਤਿਕ ਰਣਨੀਤੀ ਹੈ, ਜਿਸ ਰਾਹੀਂ ਵਿਰੋਧੀ ਪਾਰਟੀ ਨੂੰ ਲੋਕਾਂ ਅੱਗੇ ਖ਼ਤਰਨਾਕ ਜਾਂ ਅੱਤਵਾਦੀ ਦਿਖਾਇਆ ਜਾਂਦਾ ਹੈ।

ਅਮਰੀਕੀ ਰਾਜਨੀਤੀ ਵਿਚ ਵਿਰੋਧੀਆਂ ਨੂੰ ਕਮਿਊਨਿਸਟ ਕਹਿਣ ਦੀ ਪੁਰਾਣੀ ਇਤਿਹਾਸਕ ਪ੍ਰੰਪਰਾ ਰਹੀ ਹੈ। 1950 ਦੇ ਦਹਾਕੇ ਵਿਚ ਸੈਨੇਟਰ ਜੋਸਫ ਮੈਕਕਾਰਥੀ ਵੱਲੋਂ ਵੀ ਬਿਨਾਂ ਪੱਕੇ ਸਬੂਤਾਂ ਦੇ ਕਈ ਲੋਕਾਂ 'ਤੇ ਕਮਿਊਨਿਸਟ ਹੋਣ ਦੇ ਦੋਸ਼ ਲਗਾਏ ਗਏ ਸਨ।

# ਅਮਰੀਕਾ 'ਚ ICE ਵੱਲੋਂ ਪੰਜ ਦਿਨਾਂ 'ਚ 10 ਹਜ਼ਾਰ ਗੈਰ-ਕਾਨੂੰਨੀ ਪ੍ਰਵਾਸੀ ਗ੍ਰਿਫ਼ਤਾਰ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਇਮੀਗ੍ਰੇਸ਼ਨ ਇਨਫੋਰਸਮੈਂਟ ਦੀ ਕਾਰਵਾਈ ਇਕ ਵਾਰ ਫਿਰ ਤੇਜ਼ ਹੋ ਗਈ ਹੈ। ਰਿਪੋਰਟ ਮੁਤਾਬਕ, ਇਮੀਗ੍ਰੇਸ਼ਨ ਅਧਿਕਾਰੀਆਂ ਨੇ ਪਿਛਲੇ ਕੁਝ ਦਿਨਾਂ ਦੌਰਾਨ ਦੇਸ਼ ਭਰ ਵਿਚ ਵੱਡੀ ਕਾਰਵਾਈ ਕਰਦਿਆਂ 5 ਦਿਨਾਂ ਦੇ ਅੰਦਰ ਲਗਭਗ 10 ਹਜ਼ਾਰ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ, ਜਿਨ੍ਹਾਂ ਬਾਰੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਉਹ ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਸਨ। ਇਹ ਗ੍ਰਿਫ਼ਤਾਰੀਆਂ ਪਿਛਲੇ ਹਫ਼ਤੇ ਤੋਂ ਅਮਰੀਕਾ ਦੇ ਵੱਖ-ਵੱਖ ਇਲਾਕਿਆਂ ਵਿਚ ਕੀਤੀਆਂ ਗਈਆਂ ਹਨ।




ਰਿਪੋਰਟ ਅਨੁਸਾਰ, ਹੁਣ ਇਮੀਗ੍ਰੇਸ਼ਨ ਅਧਿਕਾਰੀਆਂ ਲਈ ਨਵਾਂ ਟੀਚਾ ਰੋਜ਼ਾਨਾ ਘੱਟੋ-ਘੱਟ 2 ਹਜ਼ਾਰ ਗ੍ਰਿਫ਼ਤਾਰੀਆਂ ਕਰਨ ਦਾ ਰੱਖਿਆ ਗਿਆ ਹੈ। ਇਸ ਤੋਂ ਪਹਿਲਾਂ ਵ੍ਹਾਈਟ ਹਾਊਸ ਅਤੇ ਹੋਮਲੈਂਡ ਸਕਿਓਰਿਟੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਵੱਲੋਂ ICE (ਆਈਸ) ਅਧਿਕਾਰੀਆਂ ਨੂੰ ਰੋਜ਼ਾਨਾ 3 ਹਜ਼ਾਰ ਗ੍ਰਿਫ਼ਤਾਰੀਆਂ ਦੇ ਟੀਚੇ ਵੱਲ ਵਧਣ ਲਈ ਕਿਹਾ ਗਿਆ ਸੀ।

ਹੋਮਲੈਂਡ ਸਕਿਓਰਿਟੀ ਵਿਭਾਗ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੁਕਮਾਂ ਅਨੁਸਾਰ ਅਪਰਾਧਿਕ ਪਿਛੋਕੜ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ, ਜਿਨ੍ਹਾਂ ਵਿਚ ਕਤਲ, ਜਬਰ-ਜਨਾਹ, ਬੱਚਿਆਂ ਨਾਲ ਜੁੜੇ ਅਪਰਾਧ, ਗੈਂਗ ਮੈਂਬਰ ਅਤੇ ਅੱਤਵਾਦ ਨਾਲ ਜੁੜੇ ਲੋਕ ਸ਼ਾਮਲ ਹਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਵਿਭਾਗ ਦੇ ਬੁਲਾਰੇ ਮੁਤਾਬਕ ਆਈਸ ਵੱਲੋਂ ਕੀਤੀਆਂ ਜਾ ਰਹੀਆਂ ਲਗਭਗ 70 ਫ਼ੀਸਦੀ ਗ੍ਰਿਫ਼ਤਾਰੀਆਂ ਉਨ੍ਹਾਂ ਲੋਕਾਂ ਦੀਆਂ ਹਨ, ਜੋ ਅਮਰੀਕਾ ਵਿਚ ਕਿਸੇ ਅਪਰਾਧ ਲਈ ਚਾਰਜ ਜਾਂ ਦੋਸ਼ੀ ਕਰਾਰ ਦਿੱਤੇ ਜਾ ਚੁੱਕੇ ਹਨ। ਹਾਲਾਂਕਿ ਇਸ ਤਾਜ਼ਾ ਪੰਜ ਦਿਨਾਂ ਦੀ ਕਾਰਵਾਈ ਵਿਚ ਗ੍ਰਿਫ਼ਤਾਰ ਹੋਏ ਸਾਰੇ ਲੋਕਾਂ ਦਾ ਅਪਰਾਧਿਕ ਰਿਕਾਰਡ ਅਜੇ ਸਪੱਸ਼ਟ ਨਹੀਂ ਕੀਤਾ ਗਿਆ।

ਨਿਊਯਾਰਕ ਟਾਈਮਜ਼ ਦੀ ਰਿਪੋਰਟ, ਜੋ ਫਿਲਾਡੈਲਫੀਆ ਇਨਕੁਆਇਰਰ ਵਿਚ ਪ੍ਰਕਾਸ਼ਿਤ ਹੋਈ, ਮੁਤਾਬਕ ਆਈਸ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਅਧਿਕਾਰੀ ਗ੍ਰਿਫ਼ਤਾਰੀ ਕਾਰਵਾਈਆਂ ਵਿਚ ਲਗਾਏ ਜਾਣ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਕਿ ਗ੍ਰਿਫ਼ਤਾਰੀਆਂ ਇਮੀਗ੍ਰੇਸ਼ਨ ਚੈੱਕ-ਇਨ, ਟ੍ਰੈਫਿਕ ਸਟਾਪ, ਸੜਕਾਂ ਅਤੇ ਹੋਰ ਥਾਵਾਂ ਤੋਂ ਕੀਤੀਆਂ ਗਈਆਂ ਹਨ। ਕੁਝ ਦਿਨਾਂ ਵਿਚ ਇਹ ਗਿਣਤੀ ਇਸ ਸਾਲ ਦੇ ਪਹਿਲੇ ਹਿੱਸੇ ਵਿਚ ਰੋਜ਼ਾਨਾ ਲਗਭਗ 1 ਹਜ਼ਾਰ ਗ੍ਰਿਫ਼ਤਾਰੀਆਂ ਦੇ ਮੁਕਾਬਲੇ ਕਾਫ਼ੀ ਵੱਧ ਗਈ ਹੈ।

ਰਿਪੋਰਟ ਅਨੁਸਾਰ, ਇੱਕ ਦਿਨ ਵਿਚ ਗ੍ਰਿਫ਼ਤਾਰੀਆਂ ਦੀ ਗਿਣਤੀ 2,400 ਤੋਂ ਵੀ ਉੱਪਰ ਪਹੁੰਚ ਗਈ ਸੀ। ਇਸ ਕਾਰਨ ਆਈਸ ਦੀ ਹਿਰਾਸਤ ਵਿਚ ਬੰਦ ਲੋਕਾਂ ਦੀ ਕੁੱਲ ਗਿਣਤੀ ਵੀ ਵਧੀ ਹੈ ਅਤੇ ਅੰਦਰੂਨੀ ਦਸਤਾਵੇਜ਼ਾਂ ਮੁਤਾਬਕ ਇਹ ਗਿਣਤੀ 63 ਹਜ਼ਾਰ ਤੋਂ ਵੱਧ ਹੋ ਚੁੱਕੀ ਹੈ।

ਇਸ ਕਾਰਵਾਈ ਦੀ ਇੱਕ ਵੱਡੀ ਗੱਲ ਇਹ ਹੈ ਕਿ ਇਸ ਵਾਰ ਸਰਕਾਰ ਇਸਨੂੰ ਵੱਡੇ ਪ੍ਰਚਾਰ ਨਾਲ ਨਹੀਂ, ਸਗੋਂ ਚੁੱਪਚਾਪ ਚਲਾ ਰਹੀ ਹੈ। ਰਿਪੋਰਟਾਂ ਮੁਤਾਬਕ ਹੋਮਲੈਂਡ ਸਕਿਓਰਿਟੀ ਸਕੱਤਰ ਮਾਰਕਵੇਨ ਮੁਲਿਨ ਨੇ ਪਹਿਲਾਂ ਹੀ ਇਹ ਸੰਕੇਤ ਦਿੱਤਾ ਸੀ ਕਿ ਏਜੰਸੀ ਮੀਡੀਆ ਦੀਆਂ ਸੁਰਖੀਆਂ ਤੋਂ ਦੂਰ ਰਹਿ ਕੇ ਕੰਮ ਕਰੇਗੀ। ਇਹ ਪਿਛਲੀ ਹੋਮਲੈਂਡ ਸਕਿਓਰਿਟੀ ਸਕੱਤਰ ਕ੍ਰਿਸਟੀ ਨੋਇਮ ਦੇ ਰੁਖ ਤੋਂ ਵੱਖਰਾ ਹੈ, ਜਿਨ੍ਹਾਂ ਦੇ ਸਮੇਂ ਆਈਸ ਦੀਆਂ ਕਾਰਵਾਈਆਂ ਨੂੰ ਜ਼ਿਆਦਾ ਪ੍ਰਚਾਰ ਮਿਲਦਾ ਸੀ।

ਇਮੀਗ੍ਰੇਸ਼ਨ ਮਾਹਰਾਂ ਅਤੇ ਵਕੀਲਾਂ ਦਾ ਕਹਿਣਾ ਹੈ ਕਿ ਇਸ ਕਾਰਵਾਈ ਨਾਲ ਪ੍ਰਵਾਸੀ ਭਾਈਚਾਰੇ ਵਿਚ ਡਰ ਦਾ ਮਾਹੌਲ ਬਣ ਰਿਹਾ ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਕੁਝ ਗ੍ਰਿਫ਼ਤਾਰੀਆਂ ਅਜਿਹੇ ਲੋਕਾਂ ਦੀਆਂ ਵੀ ਹੋਈਆਂ ਹਨ, ਜੋ ਨਿਯਮਤ ਇਮੀਗ੍ਰੇਸ਼ਨ ਚੈੱਕ-ਇਨ ਜਾਂ ਅਦਾਲਤੀ ਕਾਰਵਾਈ ਲਈ ਜਾ ਰਹੇ ਸਨ। ਦੱਖਣੀ ਟੈਕਸਸ ਵਿਚ ਇੱਕ ਨਾਈਜੀਰੀਅਨ ਨਨ ਦੀ ਗ੍ਰਿਫ਼ਤਾਰੀ ਨੇ ਵੀ ਸਵਾਲ ਖੜ੍ਹੇ ਕੀਤੇ, ਜਿਸਨੂੰ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ।

ਸਰਕਾਰੀ ਦਾਅਵਿਆਂ ਅਤੇ ਜ਼ਮੀਨੀ ਹਕੀਕਤ ਵਿਚਕਾਰ ਅੰਤਰ ਨੂੰ ਲੈ ਕੇ ਵੀ ਸਵਾਲ ਉੱਠ ਰਹੇ ਹਨ। ਟ੍ਰੈਕ ਇਮੀਗ੍ਰੇਸ਼ਨ ਡਾਟਾ ਦੇ ਅਨੁਸਾਰ, 4 ਅਪ੍ਰੈਲ 2026 ਤੱਕ ਆਈ.ਸੀ.ਈ. ਹਿਰਾਸਤ ਵਿਚ 60,311 ਲੋਕ ਸਨ, ਜਿਨ੍ਹਾਂ ਵਿਚੋਂ 70.8 ਫ਼ੀਸਦੀ ਲੋਕਾਂ ਦੀ ਕੋਈ ਅਪਰਾਧਿਕ ਦੋਸ਼ਸਿੱਧੀ ਨਹੀਂ ਸੀ। ਇਹ ਅੰਕੜਾ ਸਰਕਾਰ ਦੇ ਉਸ ਦਾਅਵੇ ਨਾਲ ਸਿੱਧਾ ਟਕਰਾਅ ਨਹੀਂ ਕਰਦਾ, ਕਿਉਂਕਿ "ਗ੍ਰਿਫ਼ਤਾਰੀ", "ਚਾਰਜ" ਅਤੇ "ਦੋਸ਼ਸਿੱਧੀ" ਵੱਖ-ਵੱਖ ਕਾਨੂੰਨੀ ਸ਼੍ਰੇਣੀਆਂ ਹਨ, ਪਰ ਇਹ ਦਰਸਾਉਂਦਾ ਹੈ ਕਿ ਹਰ ਹਿਰਾਸਤ ਵਿਚ ਰੱਖਿਆ ਵਿਅਕਤੀ ਗੰਭੀਰ ਅਪਰਾਧੀ ਨਹੀਂ ਹੁੰਦਾ।

# ਅਮਰੀਕੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਦੇ ਅਧਿਕਾਰ ਵਧਾਏ !

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਸੁਪਰੀਮ ਕੋਰਟ ਨੇ 6-3 ਦੇ ਫੈਸਲੇ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੱਕ ਵਿਚ ਵੱਡਾ ਫੈਸਲਾ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਰਾਸ਼ਟਰਪਤੀ ਸੁਤੰਤਰ ਫੈਡਰਲ ਏਜੰਸੀਆਂ ਦੇ ਕਮਿਸ਼ਨਰਾਂ ਨੂੰ ਹਟਾ ਸਕਦਾ ਹੈ।

ਇਹ ਮਾਮਲਾ ਫੈਡਰਲ ਟਰੇਡ ਕਮਿਸ਼ਨ ਦੀ ਕਮਿਸ਼ਨਰ ਰੇਬੇਕਾ ਸਲਾਟਰ ਨੂੰ ਹਟਾਉਣ ਨਾਲ ਜੁੜਿਆ ਸੀ। ਪੁਰਾਣੇ ਕਾਨੂੰਨ ਅਨੁਸਾਰ ਕਮਿਸ਼ਨਰ ਨੂੰ ਸਿਰਫ਼ ਅਯੋਗਤਾ, ਡਿਊਟੀ ਦੀ ਅਣਦੇਖੀ ਜਾਂ ਗਲਤ ਵਰਤੋਂ ਦੇ ਆਧਾਰ 'ਤੇ ਹੀ ਹਟਾਇਆ ਜਾ ਸਕਦਾ ਸੀ। ਪਰ ਟਰੰਪ ਨੇ ਉਨ੍ਹਾਂ ਨੂੰ ਇਹ ਕਹਿ ਕੇ ਹਟਾਇਆ ਕਿ ਉਹ ਉਸਦੀ ਪ੍ਰਸ਼ਾਸਨਕ ਨੀਤੀ ਨਾਲ ਮੇਲ ਨਹੀਂ ਖਾਂਦੀਆਂ।

ਸੁਪਰੀਮ ਕੋਰਟ ਦੀ ਬਹੁਮਤ ਰਾਏ ਵਿਚ ਕਿਹਾ ਗਿਆ ਕਿ ਜਿਹੜੇ ਅਧਿਕਾਰੀ ਰਾਸ਼ਟਰਪਤੀ ਦੀ ਕਾਰਜਕਾਰੀ ਸ਼ਕਤੀ ਵਰਤਦੇ ਹਨ, ਉਹ ਰਾਸ਼ਟਰਪਤੀ ਦੇ ਅਧੀਨ ਹੁੰਦੇ ਹਨ। ਇਸ ਲਈ ਰਾਸ਼ਟਰਪਤੀ ਕੋਲ ਉਨ੍ਹਾਂ ਨੂੰ ਹਟਾਉਣ ਦਾ ਅਧਿਕਾਰ ਹੈ।

ਇਸ ਫੈਸਲੇ ਨਾਲ ਲਗਭਗ 90 ਸਾਲ ਪੁਰਾਣਾ ਕਾਨੂੰਨੀ ਫੈਸਲਾ ਖਤਮ ਹੋ ਗਿਆ ਹੈ, ਜਿਸ ਅਧੀਨ ਸੁਤੰਤਰ ਏਜੰਸੀਆਂ ਦੇ ਕਮਿਸ਼ਨਰਾਂ ਨੂੰ ਰਾਸ਼ਟਰਪਤੀ ਤੋਂ ਕੁਝ ਸੁਰੱਖਿਆ ਮਿਲੀ ਹੋਈ ਸੀ।

ਤਿੰਨ ਜੱਜਾਂ ਨੇ ਇਸ ਫੈਸਲੇ ਨਾਲ ਅਸਹਿਮਤੀ ਜਤਾਈ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਨਾਲ ਕਾਂਗਰਸ ਵੱਲੋਂ ਬਣਾਈਆਂ ਸੁਤੰਤਰ ਏਜੰਸੀਆਂ ਕਮਜ਼ੋਰ ਹੋਣਗੀਆਂ ਅਤੇ ਰਾਸ਼ਟਰਪਤੀ ਦੇ ਹੱਥਾਂ ਵਿਚ ਵੱਧ ਸ਼ਕਤੀ ਚਲੀ ਜਾਵੇਗੀ।

ਹਾਲਾਂਕਿ ਅਦਾਲਤ ਨੇ ਫੈਡਰਲ ਰਿਜ਼ਰਵ ਨੂੰ ਵੱਖਰਾ ਮਾਮਲਾ ਮੰਨਿਆ ਅਤੇ ਰਾਸ਼ਟਰਪਤੀ ਨੂੰ ਫੈਡਰਲ ਰਿਜ਼ਰਵ ਗਵਰਨਰ ਲੀਜ਼ਾ ਕੁੱਕ ਨੂੰ ਤੁਰੰਤ ਹਟਾਉਣ ਤੋਂ ਰੋਕ ਦਿੱਤਾ।

ਸਿੱਧੀ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਕਈ ਸੁਤੰਤਰ ਏਜੰਸੀਆਂ ਉੱਤੇ ਰਾਸ਼ਟਰਪਤੀ ਦਾ ਕਾਬੂ ਵਧ ਸਕਦਾ ਹੈ, ਪਰ ਫੈਡਰਲ ਰਿਜ਼ਰਵ ਨੂੰ ਅਜੇ ਵੀ ਵੱਖਰੀ ਸੁਰੱਖਿਆ ਮਿਲੀ ਰਹੇਗੀ।

# ਗ੍ਰੀਨ ਕਾਰਡ ਸੰਬੰਧੀ ਨਵੀਂ ਨੀਤੀ 'ਤੇ ਚਰਚਾ ਜਾਰੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਗ੍ਰੀਨ ਕਾਰਡ ਨਾਲ ਸੰਬੰਧਿਤ ਇੱਕ ਨਵੀਂ ਨੀਤੀ ਹਾਲੇ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਮਈ ਮਹੀਨੇ ਵਿਚ ਜਾਰੀ ਕੀਤੀ ਗਈ ਇਸ ਨੀਤੀ ਅਨੁਸਾਰ, ਕੁਝ ਵਿਦੇਸ਼ੀ ਨਾਗਰਿਕਾਂ ਨੂੰ ਅਮਰੀਕਾ ਦੇ ਅੰਦਰੋਂ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਦੀ ਬਜਾਏ ਆਪਣੇ ਮੂਲ ਦੇਸ਼ ਵਾਪਸ ਜਾ ਕੇ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਰਾਹੀਂ ਪ੍ਰਕਿਰਿਆ ਪੂਰੀ ਕਰਨੀ ਪੈ ਸਕਦੀ ਹੈ।




ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨੀਤੀ ਦਾ ਅਸਰ ਹਰ ਅਰਜ਼ੀਕਾਰ 'ਤੇ ਨਹੀਂ ਪਵੇਗਾ। ਇਹ ਮੁੱਖ ਤੌਰ 'ਤੇ ਉਨ੍ਹਾਂ ਲੋਕਾਂ 'ਤੇ ਲਾਗੂ ਹੋ ਸਕਦੀ ਹੈ, ਜਿਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ, ਦਾਖਲੇ ਦਾ ਤਰੀਕਾ ਜਾਂ ਕਾਨੂੰਨੀ ਯੋਗਤਾ ਇਸ ਦੀ ਮੰਗ ਕਰਦੀ ਹੈ। ਇਸ ਕਰਕੇ ਹਰ ਕੇਸ ਦੇ ਤੱਥ ਵੱਖਰੇ ਹੋ ਸਕਦੇ ਹਨ ਅਤੇ ਫ਼ੈਸਲਾ ਵੀ ਉਸੇ ਅਨੁਸਾਰ ਕੀਤਾ ਜਾਵੇਗਾ।

ਇਸ ਨੀਤੀ ਨੂੰ ਲੈ ਕੇ ਇਮੀਗ੍ਰੇਸ਼ਨ ਵਕੀਲਾਂ ਅਤੇ ਮਾਹਿਰਾਂ ਵਿਚ ਕਾਫ਼ੀ ਚਰਚਾ ਚੱਲ ਰਹੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਕਿਸੇ ਵਿਅਕਤੀ ਨੂੰ ਅਮਰੀਕਾ ਛੱਡ ਕੇ ਆਪਣੇ ਦੇਸ਼ ਜਾਣਾ ਪਿਆ, ਤਾਂ ਕਈ ਮਾਮਲਿਆਂ ਵਿਚ ਵੀਜ਼ਾ ਜਾਰੀ ਹੋਣ ਤੱਕ ਲੰਬਾ ਇੰਤਜ਼ਾਰ ਕਰਨਾ ਪੈ ਸਕਦਾ ਹੈ। ਇਸ ਨਾਲ ਪਰਿਵਾਰਾਂ ਦੇ ਇਕੱਠੇ ਰਹਿਣ, ਨੌਕਰੀ ਅਤੇ ਹੋਰ ਕਾਨੂੰਨੀ ਕਾਰਵਾਈਆਂ 'ਤੇ ਵੀ ਅਸਰ ਪੈ ਸਕਦਾ ਹੈ।

ਦੂਜੇ ਪਾਸੇ, ਅਮਰੀਕੀ ਸਰਕਾਰ ਦਾ ਕਹਿਣਾ ਹੈ ਕਿ ਇਹ ਨੀਤੀ ਇਮੀਗ੍ਰੇਸ਼ਨ ਕਾਨੂੰਨਾਂ ਦੀ ਸਹੀ ਪਾਲਣਾ ਯਕੀਨੀ ਬਣਾਉਣ ਅਤੇ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ ਬਣਾਉਣ ਲਈ ਲਿਆਂਦੀ ਗਈ ਹੈ। ਮਾਹਿਰਾਂ ਦੀ ਸਲਾਹ ਹੈ ਕਿ ਜੇ ਕੋਈ ਵਿਅਕਤੀ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਦੀ ਯੋਜਨਾ ਬਣਾ ਰਿਹਾ ਹੈ, ਤਾਂ ਉਹ ਆਪਣੇ ਕੇਸ ਦੀ ਪੂਰੀ ਜਾਂਚ ਕਿਸੇ ਤਜ਼ਰਬੇਕਾਰ ਇਮੀਗ੍ਰੇਸ਼ਨ ਵਕੀਲ ਨਾਲ ਕਰਵਾਏ। ਬਿਨਾਂ ਕਾਨੂੰਨੀ ਸਲਾਹ ਦੇ ਅਮਰੀਕਾ ਤੋਂ ਬਾਹਰ ਜਾਣ ਦਾ ਫ਼ੈਸਲਾ ਕਰਨਾ ਕਈ ਵਾਰ ਗੰਭੀਰ ਇਮੀਗ੍ਰੇਸ਼ਨ ਸਮੱਸਿਆਵਾਂ ਪੈਦਾ ਕਰ ਸਕਦਾ ਹੈ।

# ਸੁਪਰੀਮ ਕੋਰਟ ਨੇ ਟਰੰਪ ਅਤੇ ਆਪਣੇ ਲਈ ਤਾਕਤ ਵਧਾਈ, ਕਾਂਗਰਸ ਦੀ ਭੂਮਿਕਾ ਹੋਰ ਕਮਜ਼ੋਰ ਹੋਈ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਸੁਪਰੀਮ ਕੋਰਟ ਦਾ ਹਾਲ ਹੀ ਵਿਚ ਖ਼ਤਮ ਹੋਇਆ ਟਰਮ ਰਾਸ਼ਟਰਪਤੀ ਡੋਨਾਲਡ ਟਰੰਪ, ਕਾਂਗਰਸ ਅਤੇ ਖੁਦ ਅਦਾਲਤ ਦੀ ਤਾਕਤ ਦੇ ਸੰਤੁਲਨ ਲਈ ਬਹੁਤ ਮਹੱਤਵਪੂਰਨ ਰਿਹਾ। ਐਕਸੀਓਸ ਦੀ ਵਿਸ਼ਲੇਸ਼ਣਾਤਮਕ ਰਿਪੋਰਟ ਮੁਤਾਬਕ, ਇਸ ਟਰਮ ਦੌਰਾਨ ਸੁਪਰੀਮ ਕੋਰਟ ਨੇ ਕਈ ਅਜਿਹੇ ਫ਼ੈਸਲੇ ਦਿੱਤੇ, ਜਿਨ੍ਹਾਂ ਨਾਲ ਕਾਂਗਰਸ ਦੀ ਕਾਨੂੰਨ ਬਣਾਉਣ ਅਤੇ ਫੈਡਰਲ ਏਜੰਸੀਆਂ ਨੂੰ ਨਿਯੰਤਰਿਤ ਕਰਨ ਦੀ ਸਮਰੱਥਾ ਘੱਟ ਹੋਈ, ਜਦਕਿ ਰਾਸ਼ਟਰਪਤੀ ਅਤੇ ਸੁਪਰੀਮ ਕੋਰਟ ਦੀ ਤਾਕਤ ਵਧੀ।



ਇਹ ਮਾਮਲਾ ਸਿਰਫ਼ ਕਾਨੂੰਨੀ ਤਕਨੀਕਾਂ ਦਾ ਨਹੀਂ, ਸਗੋਂ ਅਮਰੀਕੀ ਲੋਕਤੰਤਰ ਦੇ ਤਿੰਨ ਵੱਡੇ ਸਤੰਭਾਂ—ਕਾਂਗਰਸ, ਰਾਸ਼ਟਰਪਤੀ ਅਤੇ ਸੁਪਰੀਮ ਕੋਰਟ—ਵਿਚ ਤਾਕਤ ਦੇ ਵੰਡ ਨਾਲ ਜੁੜਿਆ ਹੋਇਆ ਹੈ। ਅਮਰੀਕਾ ਦੇ ਸੰਵਿਧਾਨ ਵਿਚ ਕਾਂਗਰਸ ਨੂੰ ਕਾਨੂੰਨ ਬਣਾਉਣ ਅਤੇ ਪੈਸੇ ਦੇ ਖ਼ਰਚ 'ਤੇ ਕੰਟਰੋਲ ਦੀ ਵੱਡੀ ਤਾਕਤ ਦਿੱਤੀ ਗਈ ਹੈ। ਪਰ ਇਸ ਟਰਮ ਦੇ ਕੁਝ ਫ਼ੈਸਲਿਆਂ ਤੋਂ ਬਾਅਦ ਇਹ ਚਰਚਾ ਤੇਜ਼ ਹੋ ਗਈ ਹੈ ਕਿ ਕੀ ਅਮਰੀਕੀ ਸਿਸਟਮ ਵਿਚ ਕਾਂਗਰਸ ਹੌਲੀ-ਹੌਲੀ ਕਮਜ਼ੋਰ ਅਤੇ ਰਾਸ਼ਟਰਪਤੀ ਹੋਰ ਮਜ਼ਬੂਤ ਹੋ ਰਿਹਾ ਹੈ।

ਇਸ ਟਰਮ ਦਾ ਇੱਕ ਵੱਡਾ ਫ਼ੈਸਲਾ **Trump v. Slaughter** ਮਾਮਲੇ ਵਿਚ ਆਇਆ। ਇਸ ਕੇਸ ਵਿਚ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਨੂੰ ਸੁਤੰਤਰ ਫੈਡਰਲ ਏਜੰਸੀਆਂ ਦੇ ਮੁਖੀਆਂ ਨੂੰ ਹਟਾਉਣ ਦੀ ਹੋਰ ਵੱਡੀ ਤਾਕਤ ਦਿੱਤੀ। ਰਿਪੋਰਟਾਂ ਮੁਤਾਬਕ, ਇਸ ਫ਼ੈਸਲੇ ਨਾਲ ਲਗਭਗ 90 ਸਾਲ ਪੁਰਾਣੀ ਉਸ ਕਾਨੂੰਨੀ ਮਿਸਾਲ ਨੂੰ ਕਮਜ਼ੋਰ ਜਾਂ ਖ਼ਤਮ ਕੀਤਾ ਗਿਆ, ਜਿਸ ਹੇਠ ਕਾਂਗਰਸ ਕੁਝ ਏਜੰਸੀਆਂ ਨੂੰ ਸਿੱਧੇ ਰਾਜਨੀਤਿਕ ਦਬਾਅ ਤੋਂ ਬਚਾ ਸਕਦੀ ਸੀ।

ਇਸ ਫ਼ੈਸਲੇ ਨਾਲ "ਯੂਨਿਟਰੀ ਐਗਜ਼ੈਕਟਿਵ" ਥਿਊਰੀ ਨੂੰ ਹੋਰ ਮਜ਼ਬੂਤੀ ਮਿਲੀ ਹੈ। ਇਸ ਥਿਊਰੀ ਅਨੁਸਾਰ ਫੈਡਰਲ ਕਾਨੂੰਨ ਲਾਗੂ ਕਰਨ ਵਾਲੀ ਐਗਜ਼ੈਕਟਿਵ ਬ੍ਰਾਂਚ ਆਖ਼ਰਕਾਰ ਰਾਸ਼ਟਰਪਤੀ ਦੇ ਕੰਟਰੋਲ ਹੇਠ ਹੋਣੀ ਚਾਹੀਦੀ ਹੈ। ਸਮਰਥਕਾਂ ਦਾ ਕਹਿਣਾ ਹੈ ਕਿ ਇਸ ਨਾਲ ਜਵਾਬਦੇਹੀ ਵਧਦੀ ਹੈ, ਕਿਉਂਕਿ ਜਨਤਾ ਰਾਸ਼ਟਰਪਤੀ ਨੂੰ ਚੁਣਦੀ ਹੈ। ਵਿਰੋਧੀਆਂ ਦਾ ਕਹਿਣਾ ਹੈ ਕਿ ਇਸ ਨਾਲ ਸੁਤੰਤਰ ਰੈਗੂਲੇਟਰੀ ਏਜੰਸੀਆਂ ਰਾਜਨੀਤਿਕ ਦਬਾਅ ਹੇਠ ਆ ਸਕਦੀਆਂ ਹਨ।

ਸੁਪਰੀਮ ਕੋਰਟ ਨੇ ਫੈਡਰਲ ਟਰੇਡ ਕਮਿਸ਼ਨ ਵਰਗੀਆਂ ਏਜੰਸੀਆਂ 'ਤੇ ਰਾਸ਼ਟਰਪਤੀ ਦਾ ਕੰਟਰੋਲ ਵਧਾਇਆ, ਪਰ ਫੈਡਰਲ ਰਿਜ਼ਰਵ ਲਈ ਵੱਖਰਾ ਰਵੱਈਆ ਰੱਖਿਆ। ਕਈ ਕਾਨੂੰਨੀ ਵਿਸ਼ਲੇਸ਼ਕਾਂ ਨੇ ਇਸਨੂੰ ਇੱਕ ਵੱਡੀ ਲਕੀਰ ਕਿਹਾ ਹੈ, ਅਦਾਲਤ ਨੇ ਕੁਝ ਏਜੰਸੀਆਂ ਲਈ ਰਾਸ਼ਟਰਪਤੀ ਦੀ ਤਾਕਤ ਵਧਾਈ, ਪਰ ਅਰਥਵਿਵਸਥਾ ਨਾਲ ਜੁੜੀ ਫੈਡਰਲ ਰਿਜ਼ਰਵ ਦੀ ਖ਼ੁਦਮੁਖਤਿਆਰੀ ਨੂੰ ਪੂਰੀ ਤਰ੍ਹਾਂ ਨਹੀਂ ਛੇੜਿਆ। ਵੋਟਿੰਗ ਰਾਈਟਸ ਦੇ ਮਾਮਲੇ ਵਿਚ ਵੀ ਸੁਪਰੀਮ ਕੋਰਟ ਨੇ ਇੱਕ ਬਹੁਤ ਵੱਡਾ ਫ਼ੈਸਲਾ ਦਿੱਤਾ। ਲੂਸੀਆਨਾ ਬਨਾਮ ਕੈਲੇਸ ਕੇਸ ਵਿਚ ਅਦਾਲਤ ਨੇ ਲੂਸੀਆਨਾ ਦੇ ਉਸ ਕਾਂਗਰੇਸ਼ਨਲ ਨਕਸ਼ੇ ਨੂੰ ਰੱਦ ਕੀਤਾ, ਜਿਸ ਵਿਚ ਕਾਲੇ ਵੋਟਰਾਂ ਦੀ ਨੁਮਾਇੰਦਗੀ ਵਧਾਉਣ ਲਈ ਦੂਜਾ ਮੈਜੋਰਿਟੀ-ਬਲੈਕ ਡਿਸਟ੍ਰਿਕਟ ਬਣਾਇਆ ਗਿਆ ਸੀ। ਫ਼ੈਸਲੇ ਤੋਂ ਬਾਅਦ ਸੈਕਸ਼ਨ 2, ਵੋਟਿੰਗ ਰਾਈਟਸ ਐਕਟ, ਹੇਠ ਰੇਸ-ਕੌਂਸ਼ਸ ਡਿਸਟ੍ਰਿਕਟ ਬਣਾਉਣ ਦੀ ਕਾਨੂੰਨੀ ਗੁੰਜਾਇਸ਼ ਕਾਫ਼ੀ ਘੱਟ ਹੋ ਗਈ ਹੈ।

ਨਾਗਰਿਕ ਅਧਿਕਾਰਾਂ ਨਾਲ ਜੁੜੀਆਂ ਸੰਸਥਾਵਾਂ ਨੇ ਇਸ ਫ਼ੈਸਲੇ ਨੂੰ ਘੱਟਗਿਣਤੀ ਵੋਟਰਾਂ ਦੀ ਰਾਜਨੀਤਿਕ ਤਾਕਤ ਲਈ ਝਟਕਾ ਦੱਸਿਆ। ਦੂਜੇ ਪਾਸੇ, ਫ਼ੈਸਲੇ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਨਸਲ ਦੇ ਆਧਾਰ 'ਤੇ ਵੋਟਿੰਗ ਡਿਸਟ੍ਰਿਕਟ ਨਹੀਂ ਬਣਾਉਣੇ ਚਾਹੀਦੇ। ਇਸ ਤਰ੍ਹਾਂ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਸਿਰਫ਼ ਲੂਸੀਆਨਾ ਤੱਕ ਸੀਮਤ ਨਹੀਂ, ਸਗੋਂ ਪੂਰੇ ਦੇਸ਼ ਵਿਚ ਰੀਡਿਸਟ੍ਰਿਕਟਿੰਗ ਅਤੇ ਵੋਟਿੰਗ ਰਾਈਟਸ ਦੇ ਕੇਸਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

# ਸੁਪਰੀਮ ਕੋਰਟ ਤੋਂ ਝਟਕੇ ਬਾਅਦ ਟਰੰਪ ਪ੍ਰਸ਼ਾਸਨ ਦੀ ਨਵੀਂ ਕਾਰਵਾਈ !

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਸੁਪਰੀਮ ਕੋਰਟ ਵੱਲੋਂ ਜਨਮ ਨਾਲ ਨਾਗਰਿਕਤਾ ਦੇ ਸੰਵਿਧਾਨਕ ਹੱਕ ਨੂੰ ਕਾਇਮ ਰੱਖਣ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਹੁਣ ਨਵਾਂ ਰਾਹ ਚੁਣਿਆ ਹੈ। ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲਾਂਚ ਨੇ ਕਿਹਾ ਹੈ ਕਿ ਫੈਡਰਲ ਪ੍ਰੌਸੀਕਿਊਟਰ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਹੁਣ ਕਥਿਤ "ਜਨਮ ਸੈਰ-ਸਪਾਟਾ" ਨੂੰ ਰੋਕਣ 'ਤੇ ਖ਼ਾਸ ਧਿਆਨ ਦੇਣਗੀਆਂ। ਇਸਦਾ ਮਤਲਬ ਉਹ ਮਾਮਲੇ ਹਨ, ਜਿੱਥੇ ਵਿਦੇਸ਼ੀ ਸੈਲਾਨੀ, ਅਸਥਾਈ ਵੀਜ਼ਾ ਧਾਰਕ ਜਾਂ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਲੋਕ ਮੁੱਖ ਤੌਰ 'ਤੇ ਅਮਰੀਕਾ ਆ ਕੇ ਬੱਚੇ ਨੂੰ ਜਨਮ ਦੇਣ ਅਤੇ ਉਸ ਬੱਚੇ ਲਈ ਅਮਰੀਕੀ ਨਾਗਰਿਕਤਾ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ।

**ਹੁਣ ਟਰੰਪ ਸਰਕਾਰ ਦੇ ਨਿਸ਼ਾਨੇ 'ਤੇ 'ਜਨਮ ਸੈਰ-ਸਪਾਟਾ'**

ਇਹ ਬਿਆਨ ਉਸ ਵੇਲੇ ਆਇਆ ਹੈ, ਜਦੋਂ ਇੱਕ ਦਿਨ ਪਹਿਲਾਂ ਹੀ ਅਮਰੀਕੀ ਸੁਪਰੀਮ ਕੋਰਟ ਨੇ 14ਵੀਂ ਸੋਧ ਹੇਠ ਮਿਲਣ ਵਾਲੀ ਜਨਮ ਨਾਲ ਨਾਗਰਿਕਤਾ ਨੂੰ ਬਰਕਰਾਰ ਰੱਖਿਆ। ਅਦਾਲਤ ਨੇ ਟਰੰਪ ਪ੍ਰਸ਼ਾਸਨ ਦੀ ਉਸ ਕੋਸ਼ਿਸ਼ ਨੂੰ ਝਟਕਾ ਦਿੱਤਾ, ਜਿਸ ਰਾਹੀਂ ਅਮਰੀਕਾ ਵਿਚ ਜਨਮੇ ਉਨ੍ਹਾਂ ਬੱਚਿਆਂ ਦੀ ਨਾਗਰਿਕਤਾ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਜਿਨ੍ਹਾਂ ਦੇ ਮਾਪੇ ਪੱਕੇ ਕਾਨੂੰਨੀ ਦਰਜੇ ਵਿਚ ਨਹੀਂ ਹਨ। ਇਸ ਫੈਸਲੇ ਨੂੰ ਟਰੰਪ ਪ੍ਰਸ਼ਾਸਨ ਲਈ ਵੱਡਾ ਕਾਨੂੰਨੀ ਝਟਕਾ ਮੰਨਿਆ ਜਾ ਰਿਹਾ ਹੈ।

ਟੌਡ ਬਲਾਂਚ ਦਾ ਕਹਿਣਾ ਹੈ ਕਿ ਭਾਵੇਂ ਸੁਪਰੀਮ ਕੋਰਟ ਨੇ ਜਨਮ ਨਾਲ ਨਾਗਰਿਕਤਾ ਦੇ ਹੱਕ ਨੂੰ ਕਾਇਮ ਰੱਖਿਆ ਹੈ, ਪਰ ਸਰਕਾਰ ਕੋਲ ਵੀਜ਼ਾ ਪ੍ਰਕਿਰਿਆ ਅਤੇ ਅਰਜ਼ੀ ਪ੍ਰਕਿਰਿਆ ਵਿਚ ਅਜੇ ਵੀ ਕਈ ਕਾਨੂੰਨੀ ਰਸਤੇ ਮੌਜੂਦ ਹਨ। ਉਨ੍ਹਾਂ ਅਨੁਸਾਰ ਸਰਕਾਰ ਉਨ੍ਹਾਂ ਲੋਕਾਂ 'ਤੇ ਧਿਆਨ ਦੇਵੇਗੀ, ਜੋ ਟੂਰਿਸਟ ਵੀਜ਼ੇ 'ਤੇ ਅਮਰੀਕਾ ਆਉਣ ਦਾ ਮਕਸਦ ਕੁਝ ਹੋਰ ਦੱਸਦੇ ਹਨ, ਪਰ ਅਸਲ ਮਕਸਦ ਇੱਥੇ ਬੱਚੇ ਨੂੰ ਜਨਮ ਦੇਣਾ ਹੁੰਦਾ ਹੈ। ਬਲਾਂਚ ਨੇ ਕਿਹਾ ਕਿ ਨਿਆਂ ਵਿਭਾਗ, ਐੱਫ.ਬੀ.ਆਈ. ਅਤੇ ਹੋਰ ਏਜੰਸੀਆਂ ਨੂੰ ਇਸ ਤਰ੍ਹਾਂ ਦੇ ਮਾਮਲਿਆਂ ਨੂੰ ਰੋਕਣ ਲਈ ਕੇਂਦਰਿਤ ਕੀਤਾ ਜਾਵੇਗਾ।

ਸਰਕਾਰ ਦਾ ਦਾਅਵਾ ਹੈ ਕਿ ਜੇਕਰ ਕੋਈ ਵਿਅਕਤੀ ਵੀਜ਼ਾ ਅਰਜ਼ੀ ਵਿਚ ਝੂਠ ਬੋਲਦਾ ਹੈ, ਆਪਣਾ ਅਸਲ ਮਕਸਦ ਲੁਕਾਉਂਦਾ ਹੈ ਜਾਂ ਕਿਸੇ ਗੈਰ-ਕਾਨੂੰਨੀ ਸਕੀਮ ਰਾਹੀਂ ਅਮਰੀਕਾ ਆ ਕੇ ਬੱਚੇ ਨੂੰ ਜਨਮ ਦਿਵਾਉਣ ਦੀ ਯੋਜਨਾ ਬਣਾਉਂਦਾ ਹੈ, ਤਾਂ ਉਸ ਖ਼ਿਲਾਫ਼ ਵੀਜ਼ਾ ਧੋਖਾਧੜੀ, ਵਾਇਰ ਫਰਾਡ, ਮਨੀ ਲਾਂਡਰਿੰਗ ਜਾਂ ਹੋਰ ਕਾਨੂੰਨੀ ਧਾਰਾਵਾਂ ਹੇਠ ਕਾਰਵਾਈ ਹੋ ਸਕਦੀ ਹੈ। ਨਿਆਂ ਵਿਭਾਗ ਪਹਿਲਾਂ ਵੀ ਕੁਝ ਅਜਿਹੇ ਮਾਮਲਿਆਂ ਵਿਚ ਸਜ਼ਾਵਾਂ ਦਾ ਹਵਾਲਾ ਦੇ ਚੁੱਕਾ ਹੈ, ਜਿੱਥੇ ਬੱਚੇ ਦੀ ਅਮਰੀਕੀ ਨਾਗਰਿਕਤਾ ਲਈ ਵਿਦੇਸ਼ੀ ਮਹਿਲਾਵਾਂ ਨੂੰ ਯੋਜਨਾਬੱਧ ਤਰੀਕੇ ਨਾਲ ਅਮਰੀਕਾ ਲਿਆਂਦਾ ਗਿਆ ਸੀ।

ਇਸ ਮਾਮਲੇ ਦੀ ਵੱਡੀ ਗੱਲ ਇਹ ਵੀ ਹੈ ਕਿ ਅਪ੍ਰੈਲ ਵਿਚ ਟਰੰਪ ਬਨਾਮ ਬਾਰਬਰਾ ਕੇਸ ਦੀ ਸੁਣਵਾਈ ਦੌਰਾਨ ਸਰਕਾਰ ਦੇ ਵਕੀਲ ਡੀ. ਜੌਨ ਸਾਊਅਰ ਨੇ ਇਹ ਮੰਨਿਆ ਸੀ ਕਿ ਸਰਕਾਰ ਕੋਲ ਇਹ ਪੱਕਾ ਅੰਕੜਾ ਨਹੀਂ ਹੈ ਕਿ "ਜਨਮ ਸੈਰ-ਸਪਾਟਾ" ਅਸਲ ਵਿਚ ਕਿੰਨਾ ਵੱਡਾ ਮਸਲਾ ਹੈ। ਕੁਝ ਅੰਦਾਜ਼ੇ 20 ਹਜ਼ਾਰ ਤੋਂ 26 ਹਜ਼ਾਰ ਸਾਲਾਨਾ ਜਨਮਾਂ ਦੀ ਗੱਲ ਕਰਦੇ ਹਨ, ਪਰ ਫੈਡਰਲ ਸਰਕਾਰ ਇਸਦਾ ਪੂਰਾ ਅਤੇ ਪੱਕਾ ਅੰਕੜਾ ਟ੍ਰੈਕ ਨਹੀਂ ਕਰਦੀ। ਇਸ ਕਰਕੇ ਵਿਰੋਧੀ ਧਿਰਾਂ ਅਤੇ ਇਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਸਰਕਾਰ ਇੱਕ ਅਜਿਹੇ ਮਸਲੇ ਨੂੰ ਬਹੁਤ ਵੱਡਾ ਬਣਾ ਕੇ ਪੇਸ਼ ਕਰ ਰਹੀ ਹੈ, ਜਿਸਦਾ ਪੈਮਾਨਾ ਆਪ ਸਰਕਾਰ ਨੂੰ ਵੀ ਸਪੱਸ਼ਟ ਨਹੀਂ।

ਹੁਣ ਟਰੰਪ ਵੱਲੋਂ ਸੰਸਦ ਮੈਂਬਰਾਂ 'ਤੇ ਦਬਾਅ ਬਣਾਇਆ ਜਾ ਰਿਹਾ ਹੈ ਕਿ ਉਹ ਨਵਾਂ ਕਾਨੂੰਨ ਲਿਆਉਣ, ਜਿਸ ਰਾਹੀਂ ਉਨ੍ਹਾਂ ਬੱਚਿਆਂ ਲਈ ਜਨਮ ਨਾਲ ਨਾਗਰਿਕਤਾ 'ਤੇ ਛੋਟਾਂ ਜਾਂ ਪਾਬੰਦੀਆਂ ਲਗਾਈਆਂ ਜਾ ਸਕਣ, ਜਿਨ੍ਹਾਂ ਦੇ ਮਾਪਿਆਂ ਕੋਲ ਅਮਰੀਕਾ ਵਿਚ ਪੱਕਾ ਕਾਨੂੰਨੀ ਦਰਜਾ ਨਹੀਂ ਹੈ। ਪਰ ਕਾਨੂੰਨੀ ਮਾਹਰਾਂ ਦਾ ਮੰਨਣਾ ਹੈ ਕਿ 14ਵੀਂ ਸੋਧ ਦੇ ਸਪੱਸ਼ਟ ਸ਼ਬਦਾਂ ਅਤੇ 100 ਸਾਲ ਤੋਂ ਵੱਧ ਪੁਰਾਣੀ ਅਦਾਲਤੀ ਮਿਸਾਲ ਦੇ ਕਾਰਨ ਇਸ ਤਰ੍ਹਾਂ ਦੇ ਕਾਨੂੰਨ ਨੂੰ ਅਦਾਲਤਾਂ ਵਿਚ ਵੱਡੀ ਚੁਣੌਤੀ ਮਿਲ ਸਕਦੀ ਹੈ।

# ਓਰੇਗਨ ਹਾਦਸੇ 'ਚ ਨਵ-ਵਿਆਹੇ ਪਤੀ-ਪਤਨੀ ਦੀ ਮੌਤ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਦੇ ਓਰੇਗਨ ਸੂਬੇ ਵਿਚ ਪਿਛਲੇ ਸਾਲ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ ਦਾ ਕੇਸ ਹੁਣ ਨਵਾਂ ਮੋੜ ਲੈ ਗਿਆ ਹੈ। ਹਾਈਵੇ 20 'ਤੇ ਹੋਏ ਇਸ ਹਾਦਸੇ ਵਿਚ ਨਵ-ਵਿਆਹੇ ਪਤੀ-ਪਤਨੀ ਵਿਲੀਅਮ ਮਾਈਕਾ ਕਾਰਟਰ ਅਤੇ ਜੈਨੀਫਰ ਲਿਨ ਲੋਅਰ ਕਾਰਟਰ ਦੀ ਮੌਤ ਹੋ ਗਈ ਸੀ। ਇਸ ਮਾਮਲੇ ਵਿਚ ਭਾਰਤੀ ਮੂਲ ਦੇ ਟਰੱਕ ਡਰਾਈਵਰ ਰਾਜਿੰਦਰ ਕੁਮਾਰ ਖ਼ਿਲਾਫ਼ ਓਰੇਗਨ ਅਦਾਲਤ ਵਿਚ ਗੰਭੀਰ ਫੌਜਦਾਰੀ ਦੋਸ਼ ਲਗਾਏ ਗਏ ਸਨ, ਪਰ ਹੁਣ ਰਿਪੋਰਟਾਂ ਮੁਤਾਬਕ ਉਸਨੂੰ ਅਦਾਲਤੀ ਟ੍ਰਾਇਲ ਤੋਂ ਪਹਿਲਾਂ ਭਾਰਤ ਡਿਪੋਰਟ ਕੀਤਾ ਜਾਵੇਗਾ।

ਇਹ ਹਾਦਸਾ 24 ਨਵੰਬਰ 2025 ਦੀ ਰਾਤ ਨੂੰ ਓਰੇਗਨ ਦੇ ਬ੍ਰਦਰਜ਼ ਇਲਾਕੇ ਨੇੜੇ ਹਾਈਵੇ 20 'ਤੇ ਵਾਪਰਿਆ ਸੀ। ਓਰੇਗਨ ਸਟੇਟ ਪੁਲਿਸ ਦੀ ਪ੍ਰਾਰੰਭਿਕ ਜਾਂਚ ਮੁਤਾਬਕ ਰਾਜਿੰਦਰ ਕੁਮਾਰ ਦਾ ਫ੍ਰੇਟਲਾਈਨਰ ਟਰੱਕ ਅਤੇ ਟ੍ਰੇਲਰ ਜੈਕਨਾਈਫ ਹੋ ਕੇ ਦੋਵੇਂ ਲੇਨਾਂ ਨੂੰ ਰੋਕ ਰਿਹਾ ਸੀ। ਉਸ ਵੇਲੇ ਵਿਲੀਅਮ ਕਾਰਟਰ ਆਪਣੀ ਸੁਬਾਰੂ ਆਊਟਬੈਕ ਗੱਡੀ ਵਿਚ ਪੱਛਮ ਵੱਲ ਜਾ ਰਹੇ ਸਨ ਅਤੇ ਉਨ੍ਹਾਂ ਦੀ ਪਤਨੀ ਜੈਨੀਫਰ ਲਿਨ ਲੋਅਰ ਕਾਰਟਰ ਵੀ ਗੱਡੀ ਵਿਚ ਸਵਾਰ ਸਨ। ਗੱਡੀ ਹਾਈਵੇ ਸਪੀਡ 'ਤੇ ਟ੍ਰੇਲਰ ਨਾਲ ਟਕਰਾ ਗਈ ਅਤੇ ਦੋਵੇਂ ਦੀ ਮੌਕੇ 'ਤੇ ਮੌਤ ਹੋ ਗਈ।

ਇਸ ਹਾਦਸੇ ਨੂੰ ਹੋਰ ਵੀ ਦੁਖਦਾਈ ਬਣਾਉਣ ਵਾਲੀ ਗੱਲ ਇਹ ਸੀ ਕਿ ਵਿਲੀਅਮ ਅਤੇ ਜੈਨੀਫਰ ਦਾ ਵਿਆਹ ਸਿਰਫ਼ 16 ਦਿਨ ਪਹਿਲਾਂ ਹੋਇਆ ਸੀ।

**■ ਭਾਰਤੀ ਮੂਲ ਦਾ ਟਰੱਕ ਡਰਾਈਵਰ ਟ੍ਰਾਇਲ ਤੋਂ ਪਹਿਲਾਂ ਹੋਵੇਗਾ ਡਿਪੋਰਟ**

ਉਹ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰ ਰਹੇ ਸਨ, ਪਰ ਇੱਕ ਰਾਤ ਨੇ ਦੋ ਪਰਿਵਾਰਾਂ ਦੀ ਦੁਨੀਆਂ ਬਦਲ ਦਿੱਤੀ। ਜਾਂਚ ਅਧਿਕਾਰੀਆਂ ਨੇ ਹਨੇਰਾ ਅਤੇ ਟਰੱਕ ਦੇ ਆਲੇ-ਦੁਆਲੇ ਐਕਟਿਵ ਐਮਰਜੈਂਸੀ ਵਾਰਨਿੰਗ ਸਾਜ਼ੋ-ਸਾਮਾਨ ਦੀ ਕਮੀ ਨੂੰ ਹਾਦਸੇ ਦਾ ਵੱਡਾ ਕਾਰਨ ਮੰਨਿਆ ਹੈ। ਕੋਰਟ ਰਿਕਾਰਡਾਂ ਮੁਤਾਬਕ ਰਾਜਿੰਦਰ ਕੁਮਾਰ ਉੱਤੇ ਦੋ ਕਾਊਂਟ ਫਰਸਟ-ਡਿਗਰੀ ਮੈਨਸਲਾਟਰ ਅਤੇ ਤਿੰਨ ਮਿਸਡੀਮੀਨਰ ਰੈਕਲੈੱਸ ਐਂਡੇਂਜਰਿੰਗ ਦੇ ਦੋਸ਼ ਲਗਾਏ ਗਏ ਸਨ। ਮਾਰਚ 2026 ਵਿਚ ਉਸਨੇ ਇਨ੍ਹਾਂ ਦੋਸ਼ਾਂ ਲਈ ਨਾਟ ਗਿਲਟੀ ਪਲੀ ਕੀਤਾ ਸੀ। ਡੇਸ਼ੂਟਸ ਕਾਊਂਟੀ ਸਰਕਿਟ ਜੱਜ ਵੇਲਜ਼ ਐਸ਼ਬੀ ਨੇ ਇਸ ਕੇਸ ਦਾ ਨੌਂ ਦਿਨਾਂ ਦਾ ਜੂਰੀ ਟ੍ਰਾਇਲ 19 ਜਨਵਰੀ 2027 ਤੋਂ ਸ਼ੁਰੂ ਕਰਨ ਲਈ ਤੈਅ ਕੀਤਾ ਸੀ। ਪਰ ਹੁਣ ਇਹ ਟ੍ਰਾਇਲ ਹੋਣ ਦੀ ਸੰਭਾਵਨਾ ਖਤਮ ਹੋ ਗਈ ਹੈ। ਰਿਪੋਰਟ ਮੁਤਾਬਕ ਰਾਜਿੰਦਰ ਕੁਮਾਰ ਦੀ ਡਿਟੈਨਸ਼ਨ ਹੀਅਰਿੰਗ ਤੋਂ ਬਾਅਦ ਉਸਦੇ ਖ਼ਿਲਾਫ਼ ਰਿਮੂਵਲ ਆਰਡਰ ਜਾਰੀ ਹੋਇਆ ਅਤੇ ਹੁਣ ਉਸਨੂੰ ਭਾਰਤ ਡਿਪੋਰਟ ਕੀਤਾ ਜਾਣਾ ਹੈ। ਇਸਦਾ ਮਤਲਬ ਹੈ ਕਿ ਓਰੇਗਨ ਦੀ ਫੌਜਦਾਰੀ ਅਦਾਲਤ ਵਿਚ ਜੋ ਕੇਸ ਚੱਲਣਾ ਸੀ, ਉਹ ਟ੍ਰਾਇਲ ਰਾਹੀਂ ਆਪਣੇ ਅੰਤ ਤੱਕ ਨਹੀਂ ਪਹੁੰਚੇਗਾ।

ਇੱਥੇ ਇੱਕ ਮਹੱਤਵਪੂਰਨ ਕਾਨੂੰਨੀ ਗੱਲ ਸਮਝਣ ਵਾਲੀ ਹੈ। ਰਾਜਿੰਦਰ ਕੁਮਾਰ




ਉੱਤੇ ਗੰਭੀਰ ਦੋਸ਼ ਲਗੇ ਸਨ, ਪਰ ਟ੍ਰਾਇਲ ਨਾ ਹੋਣ ਕਰਕੇ ਅਦਾਲਤ ਵਿਚ ਦੋਸ਼ ਸਾਬਤ ਜਾਂ ਰੱਦ ਨਹੀਂ ਹੋਏ। ਪਰਿਵਾਰਾਂ ਲਈ ਇਹ ਵੱਡੀ ਪੀੜਾ ਵਾਲੀ ਗੱਲ ਹੈ, ਕਿਉਂਕਿ ਉਹ ਚਾਹੁੰਦੇ ਸਨ ਕਿ ਹਾਦਸੇ ਦੀ ਪੂਰੀ ਹਕੀਕਤ ਅਦਾਲਤ ਵਿਚ ਖੁੱਲ੍ਹ ਕੇ ਸਾਹਮਣੇ ਆਵੇ। ਇਮੀਗ੍ਰੇਸ਼ਨ ਪੱਖੋਂ ਵੀ ਇਹ ਕੇਸ ਚਰਚਾ ਵਿਚ ਹੈ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ ਪਹਿਲਾਂ ਕਿਹਾ ਸੀ ਕਿ ਰਾਜਿੰਦਰ ਕੁਮਾਰ ਭਾਰਤ ਤੋਂ ਹੈ ਅਤੇ ਤਿੰਨ ਸਾਲ ਪਹਿਲਾਂ ਐਰੀਜ਼ੋਨਾ ਬਾਰਡਰ ਰਾਹੀਂ ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਇਆ ਸੀ। ਉਸਨੂੰ ਕੈਲੀਫੋਰਨੀਆ ਵਿਚ ਕਮਰਸ਼ੀਅਲ ਡਰਾਈਵਰ ਲਾਇਸੈਂਸ ਮਿਲਣ ਦੀ ਗੱਲ ਵੀ ਰਾਸ਼ਟਰੀ ਪੱਧਰ 'ਤੇ ਵੱਡੀ ਚਰਚਾ ਬਣੀ। ਡੇਸ਼ੂਟਸ ਕਾਊਂਟੀ ਦੇ ਜ਼ਿਲ੍ਹਾ ਅਟਾਰਨੀ ਸਟੀਫਨ ਗਨਲਜ਼ ਨੇ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਦੀ ਇੱਛਾ ਸੀ ਕਿ ਫੌਜਦਾਰੀ ਕੇਸ ਅੱਗੇ ਵਧੇ, ਪਰ ਫੈਡਰਲ ਇਮੀਗ੍ਰੇਸ਼ਨ ਕਾਰਵਾਈ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਹੈ। ਇਹੀ ਗੱਲ ਇਸ ਕੇਸ ਦੀ ਸਭ ਤੋਂ ਵੱਡੀ ਉਲਝਣ ਹੈ—ਇੱਕ ਪਾਸੇ ਸੂਬੇ ਦੀ ਅਦਾਲਤ ਵਿਚ ਦੋ ਮੌਤਾਂ ਦਾ ਫੌਜਦਾਰੀ ਕੇਸ ਹੈ, ਦੂਜੇ ਪਾਸੇ ਫੈਡਰਲ ਇਮੀਗ੍ਰੇਸ਼ਨ ਸਿਸਟਮ ਨੇ ਉਸ ਵਿਅਕਤੀ ਨੂੰ ਦੇਸ਼ ਤੋਂ ਬਾਹਰ ਕਰਨ ਦਾ ਹੁਕਮ ਦਿੱਤਾ ਹੈ। ਓਰੇਗਨ ਦੇ ਸੈਨੇਟਰ ਰੌਨ ਵਾਇਡਨ ਨੇ ਵੀ ਇਸ ਮਾਮਲੇ 'ਤੇ ਕਿਹਾ ਕਿ ਜਿਨ੍ਹਾਂ ਲੋਕਾਂ ਉੱਤੇ ਅਮਰੀਕੀ ਅਦਾਲਤ ਵਿਚ ਅਪਰਾਧਿਕ ਦੋਸ਼ ਹਨ, ਉਨ੍ਹਾਂ ਨੂੰ ਪਹਿਲਾਂ ਅਮਰੀਕੀ ਅਦਾਲਤ ਵਿਚ ਟ੍ਰਾਇਲ ਦਾ ਸਾਹਮਣਾ ਕਰਨਾ ਚਾਹੀਦਾ ਹੈ, ਤਾਂ ਜੋ ਨਿਆਂ ਪ੍ਰਣਾਲੀ ਦੋਸ਼ੀ ਜਾਂ ਬੇਦੋਸ਼ ਹੋਣ ਦਾ ਫੈਸਲਾ ਕਰ ਸਕੇ।

ਇਹ ਮਾਮਲਾ ਸਿਰਫ਼ ਇਮੀਗ੍ਰੇਸ਼ਨ ਦਾ ਨਹੀਂ, ਸੜਕ ਸੁਰੱਖਿਆ ਦਾ ਵੀ ਹੈ। ਕਮਰਸ਼ੀਅਲ ਟਰੱਕਾਂ ਲਈ ਐਮਰਜੈਂਸੀ ਤਿਕੋਣ, ਫਲੇਅਰ, ਕੋਨ ਅਤੇ ਵਾਰਨਿੰਗ ਲਾਈਟਾਂ ਸਿਰਫ਼ ਰਸਮੀ ਚੀਜ਼ਾਂ ਨਹੀਂ ਹੁੰਦੀਆਂ। ਹਾਈਵੇ 'ਤੇ ਰਾਤ ਦੇ ਸਮੇਂ ਜੇ ਕੋਈ ਵੱਡਾ ਟਰੱਕ ਸੜਕ ਰੋਕ ਰਿਹਾ ਹੋਵੇ, ਤਾਂ ਇਹ ਚੇਤਾਵਨੀ ਸਾਜ਼ੋ-ਸਾਮਾਨ ਜਾਨ ਬਚਾਉਣ ਅਤੇ ਜਾਨ ਜਾਣ ਦੇ ਵਿਚਕਾਰ ਫ਼ਰਕ ਬਣ ਸਕਦਾ ਹੈ। ਇਸ ਕੇਸ ਨੇ ਤਿੰਨ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਹਿਲਾ, ਕੀ ਕਿਸੇ ਵਿਅਕਤੀ ਨੂੰ ਡਿਪੋਰਟ ਕਰਨ ਤੋਂ ਪਹਿਲਾਂ ਉਸਦੇ ਖ਼ਿਲਾਫ਼ ਚੱਲ ਰਹੇ ਗੰਭੀਰ ਫੌਜਦਾਰੀ ਕੇਸ ਦਾ ਟ੍ਰਾਇਲ ਹੋਣਾ ਚਾਹੀਦਾ ਹੈ? ਦੂਜਾ, ਗੈਰ-ਪੱਕੇ ਇਮੀਗ੍ਰੇਸ਼ਨ ਸਟੇਟਸ ਵਾਲੇ ਲੋਕਾਂ ਨੂੰ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਦੇ ਨਿਯਮ ਕਿੰਨੇ ਸਖ਼ਤ ਹੋਣੇ ਚਾਹੀਦੇ ਹਨ? ਅਤੇ ਤੀਜਾ, ਹਾਦਸੇ ਤੋਂ ਬਾਅਦ ਟਰੱਕ ਡਰਾਈਵਰਾਂ ਵੱਲੋਂ ਲਾਜ਼ਮੀ ਐਮਰਜੈਂਸੀ ਵਾਰਨਿੰਗ ਸਿਸਟਮ ਨਾ ਲਗਾਉਣ 'ਤੇ ਕਿੰਨੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ?

# ਟਰੰਪ ਪ੍ਰਸ਼ਾਸਨ ਦੀ ਸਖਤੀ ਕਾਰਨ ਕਾਨੂੰਨੀ ਇਮੀਗ੍ਰੇਸ਼ਨ ਵੀ ਹੋ ਰਹੀ ਪ੍ਰਭਾਵਿਤ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦਾ ਅਸਰ ਹੁਣ ਸਿਰਫ਼ ਗੈਰ-ਕਾਨੂੰਨੀ ਇਮੀਗ੍ਰੇਸ਼ਨ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਕਾਨੂੰਨੀ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਵੀ ਪ੍ਰਭਾਵਿਤ ਹੋ ਰਹੀਆਂ ਹਨ। ਤਾਜ਼ਾ ਵਿਸ਼ਲੇਸ਼ਣਾਂ ਮੁਤਾਬਕ, ਗ੍ਰੀਨ ਕਾਰਡ, ਪਰਿਵਾਰਕ ਸਪਾਂਸਰਸ਼ਿਪ, ਵਰਕ ਵੀਜ਼ਾ, ਸਟੂਡੈਂਟ ਵੀਜ਼ਾ ਅਤੇ ਨਾਗਰਿਕਤਾ ਨਾਲ ਜੁੜੀਆਂ ਕਈ ਅਰਜ਼ੀਆਂ ਦੀ ਪ੍ਰਕਿਰਿਆ ਵਿਚ ਦੇਰੀ ਵੇਖੀ ਜਾ ਰਹੀ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਵਧੇਰੇ ਸੁਰੱਖਿਆ ਜਾਂਚਾਂ, ਵਾਧੂ ਦਸਤਾਵੇਜ਼ਾਂ ਦੀ ਮੰਗ ਅਤੇ ਨਵੇਂ ਪ੍ਰਸ਼ਾਸਕੀ ਨਿਯਮਾਂ ਕਾਰਨ ਬਹੁਤ ਸਾਰੇ ਕੇਸ ਪਹਿਲਾਂ ਨਾਲੋਂ ਜ਼ਿਆਦਾ ਸਮਾਂ ਲੈ ਰਹੇ ਹਨ। ਇਸ ਦਾ ਅਸਰ ਹਜ਼ਾਰਾਂ ਪਰਿਵਾਰਾਂ, ਵਿਦਿਆਰਥੀਆਂ, ਕਰਮਚਾਰੀਆਂ ਅਤੇ ਰੁਜ਼ਗਾਰਦਾਤਾਵਾਂ 'ਤੇ ਪੈ ਰਿਹਾ ਹੈ, ਜੋ ਆਪਣੇ ਕੇਸਾਂ ਦੇ ਫ਼ੈਸਲਿਆਂ ਦੀ ਉਡੀਕ ਕਰ ਰਹੇ ਹਨ।

ਕਈ ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਭਾਵੇਂ ਸਰਕਾਰ ਦਾ ਮੁੱਖ ਧਿਆਨ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ 'ਤੇ ਹੈ, ਪਰ ਇਸ ਦਾ ਪ੍ਰਭਾਵ ਕਾਨੂੰਨੀ ਤਰੀਕੇ ਨਾਲ ਅਮਰੀਕਾ ਆਉਣ ਜਾਂ ਇੱਥੇ ਆਪਣਾ ਦਰਜਾ ਬਦਲਣ ਵਾਲੇ



ਲੋਕਾਂ 'ਤੇ ਵੀ ਦਿਖਾਈ ਦੇ ਰਿਹਾ ਹੈ। ਕਈ ਮਾਮਲਿਆਂ ਵਿਚ ਇੰਟਰਵਿਊਆਂ ਦੀਆਂ ਤਰੀਕਾਂ ਲੰਬੀਆਂ ਹੋ ਰਹੀਆਂ ਹਨ ਅਤੇ ਫ਼ੈਸਲੇ ਆਉਣ ਵਿਚ ਮਹੀਨਿਆਂ ਦੀ ਦੇਰੀ ਹੋ ਰਹੀ ਹੈ।

ਹਾਲਾਂਕਿ, ਅਮਰੀਕੀ ਸਰਕਾਰ ਦਾ ਕਹਿਣਾ ਹੈ ਕਿ ਇਹ ਸਾਰੇ ਕਦਮ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਹੋਰ ਸੁਰੱਖਿਅਤ, ਪਾਰਦਰਸ਼ੀ ਅਤੇ ਧੋਖਾਧੜੀ ਤੋਂ ਮੁਕਤ ਬਣਾਉਣ ਲਈ ਚੁੱਕੇ ਜਾ ਰਹੇ ਹਨ। ਦੂਜੇ ਪਾਸੇ, ਇਮੀਗ੍ਰੇਸ਼ਨ ਮਾਹਿਰਾਂ ਦੀ ਸਲਾਹ ਹੈ ਕਿ ਜਿਨ੍ਹਾਂ ਲੋਕਾਂ ਨੇ ਵੀਜ਼ਾ, ਗ੍ਰੀਨ ਕਾਰਡ ਜਾਂ ਨਾਗਰਿਕਤਾ ਲਈ ਅਰਜ਼ੀ ਦੇਣੀ ਹੈ, ਉਹ ਆਪਣੇ ਸਾਰੇ ਦਸਤਾਵੇਜ਼ ਪੂਰੇ ਰੱਖਣ ਅਤੇ ਕਿਸੇ ਵੀ ਸਰਕਾਰੀ ਨੋਟਿਸ ਦਾ ਸਮੇਂ ਸਿਰ ਜਵਾਬ ਦੇਣ, ਤਾਂ ਜੋ ਬੇਲੋੜੀ ਦੇਰੀ ਤੋਂ ਬਚਿਆ ਜਾ ਸਕੇ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com



# ਅਮਰੀਕੀ ਸੁਪਰੀਮ ਕੋਰਟ ਵਲੋਂ ਬਰਥਰਾਈਟ ਸਿਟੀਜ਼ਨਸ਼ਿਪ 'ਤੇ ਟਰੰਪ ਨੂੰ ਝਟਕਾ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸੁਪਰੀਮ ਕੋਰਟ ਵੱਲੋਂ ਜਨਮ-ਅਧਿਕਾਰ ਨਾਗਰਿਕਤਾ (ਬਰਥਰਾਈਟ ਸਿਟੀਜ਼ਨਸ਼ਿਪ) ਨੂੰ ਬਰਕਰਾਰ ਰੱਖਣ ਦੇ ਫ਼ੈਸਲੇ ਦਾ ਡੈਮੋਕ੍ਰੈਟਿਕ ਪਾਰਟੀ ਦੇ ਆਗੂਆਂ ਨੇ ਸਵਾਗਤ ਕੀਤਾ ਹੈ। ਉਨ੍ਹਾਂ ਇਸ ਨੂੰ ਅਮਰੀਕੀ ਸੰਵਿਧਾਨ ਦੀ 14ਵੀਂ ਸੋਧ ਦੀ ਜਿੱਤ ਅਤੇ ਪ੍ਰਵਾਸੀ ਪਰਿਵਾਰਾਂ ਲਈ ਵੱਡੀ ਰਾਹਤ ਕਰਾਰ ਦਿੱਤਾ ਹੈ। ਇਹ ਫ਼ੈਸਲਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਉਸ ਕੋਸ਼ਿਸ਼ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ, ਜਿਸ ਰਾਹੀਂ ਜਨਮ-ਅਧਿਕਾਰ ਨਾਗਰਿਕਤਾ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।

ਵਰਜੀਨੀਆ ਤੋਂ ਕਾਂਗਰਸ ਮੈਂਬਰ ਸੁਹਾਸ ਸੁਬਰਾਮਣਿਅਮ ਨੇ ਕਿਹਾ ਕਿ ਅਦਾਲਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਟਰੰਪ ਦਾ ਕਾਰਜਕਾਰੀ ਹੁਕਮ ਸੰਵਿਧਾਨ ਦੇ ਖ਼ਿਲਾਫ਼ ਸੀ। ਉਨ੍ਹਾਂ ਕਿਹਾ ਕਿ ਇਹ ਹੁਕਮ ਦੇਸ਼ ਭਰ ਦੇ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਤੋਂ ਉਨ੍ਹਾਂ ਦਾ ਸੰਵਿਧਾਨਕ ਹੱਕ ਖੋਹਣ ਦੀ ਕੋਸ਼ਿਸ਼ ਸੀ। ਉਨ੍ਹਾਂ ਕਿਹਾ ਕਿ ਪ੍ਰਵਾਸੀਆਂ ਨੇ ਅਮਰੀਕਾ ਦੀ ਤਰੱਕੀ ਅਤੇ ਅਰਥਵਿਵਸਥਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਅਤੇ ਉਹ ਇਮੀਗ੍ਰੇਸ਼ਨ ਸੁਧਾਰ ਲਈ ਆਪਣੀ ਲੜਾਈ ਜਾਰੀ ਰੱਖਣਗੇ।




ਵਾਸ਼ਿੰਗਟਨ ਤੋਂ ਕਾਂਗਰਸ ਮੈਂਬਰ ਪ੍ਰਮਿਲਾ ਜੈਪਾਲ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਸਿਰਫ਼ ਇੱਕ ਦਸਤਖ਼ਤ ਨਾਲ ਸੰਵਿਧਾਨ ਨਹੀਂ ਬਦਲ ਸਕਦੇ। ਉਨ੍ਹਾਂ ਕਿਹਾ ਕਿ 14ਵੀਂ ਸੋਧ ਅਮਰੀਕਾ ਵਿਚ ਜਨਮੇ ਹਰ ਬੱਚੇ ਨੂੰ ਨਾਗਰਿਕਤਾ ਦੀ ਗਾਰੰਟੀ ਦਿੰਦੀ ਹੈ ਅਤੇ ਅਦਾਲਤ ਨੇ ਇਸ ਸੰਵਿਧਾਨਕ ਅਧਿਕਾਰ ਨੂੰ ਮੁੜ ਮਜ਼ਬੂਤ ਕੀਤਾ ਹੈ। ਉਨ੍ਹਾਂ ਟਰੰਪ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਕਾਰਜਕਾਰੀ ਹੁਕਮ ਜਾਰੀ ਕਰਨੇ ਬੰਦ ਕਰਨ, ਜੋ ਗੈਰ-ਕਾਨੂੰਨੀ ਅਤੇ ਪ੍ਰਵਾਸੀ ਵਿਰੋਧੀ ਹਨ।

ਕੈਲੀਫੋਰਨੀਆ ਤੋਂ ਕਾਂਗਰਸ ਮੈਂਬਰ ਐਮੀ ਬੇਰਾ ਨੇ ਵੀ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਸਹੀ ਫ਼ੈਸਲਾ ਦਿੱਤਾ ਹੈ। ਹਾਲਾਂਕਿ ਉਨ੍ਹਾਂ ਅਦਾਲਤ ਦੇ ਕੁਝ ਹੋਰ ਹਾਲੀਆ ਫ਼ੈਸਲਿਆਂ 'ਤੇ ਅਸਹਿਮਤੀ ਵੀ ਜਤਾਈ।

ਮਿਸ਼ੀਗਨ ਤੋਂ ਕਾਂਗਰਸ ਮੈਂਬਰ ਸ਼੍ਰੀ ਥਾਨੇਦਾਰ ਅਤੇ ਵਰਜੀਨੀਆ ਦੀ ਉਪ-ਰਾਜਪਾਲ ਗ਼ਜ਼ਾਲਾ ਹਾਸ਼ਮੀ ਨੇ ਵੀ ਇਸ ਫ਼ੈਸਲੇ ਦਾ ਸਵਾਗਤ ਕੀਤਾ। ਹਾਸ਼ਮੀ ਨੇ ਕਿਹਾ ਕਿ ਇਹ ਫ਼ੈਸਲਾ ਸੰਵਿਧਾਨ ਦੇ ਉਸ ਬੁਨਿਆਦੀ ਸਿਧਾਂਤ ਦੀ ਪੁਸ਼ਟੀ ਕਰਦਾ ਹੈ ਕਿ ਅਮਰੀਕਾ ਵਿਚ

## ■ ਡੈਮੋਕ੍ਰੈਟਿਕ ਆਗੂਆਂ ਵੱਲੋਂ ਫ਼ੈਸਲੇ ਦਾ ਸਵਾਗਤ

ਜਨਮ ਲੈਣ ਵਾਲਾ ਹਰ ਬੱਚਾ ਅਮਰੀਕੀ ਨਾਗਰਿਕ ਹੈ, ਭਾਵੇਂ ਉਸ ਦੇ ਮਾਪਿਆਂ ਦੀ ਇਮੀਗ੍ਰੇਸ਼ਨ ਸਥਿਤੀ ਕੋਈ ਵੀ ਹੋਵੇ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਹਜ਼ਾਰਾਂ ਪਰਿਵਾਰਾਂ ਦੀਆਂ ਚਿੰਤਾਵਾਂ ਦੂਰ ਹੋਣਗੀਆਂ ਅਤੇ ਇਹ ਸਪੱਸ਼ਟ ਹੋ ਗਿਆ ਹੈ ਕਿ ਨਾਗਰਿਕਤਾ ਨੂੰ ਸਿਆਸੀ ਹਥਿਆਰ ਨਹੀਂ ਬਣਾਇਆ ਜਾ ਸਕਦਾ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ 30 ਜੂਨ ਨੂੰ ਟਰੰਪ ਦੇ ਉਸ ਕਾਰਜਕਾਰੀ ਹੁਕਮ ਨੂੰ ਸੰਵਿਧਾਨ ਦੀ 14ਵੀਂ ਸੋਧ ਦੇ ਉਲਟ ਕਰਾਰ ਦਿੱਤਾ, ਜਿਸ ਵਿਚ ਇਹ ਪ੍ਰਸਤਾਵ ਸੀ ਕਿ ਅਮਰੀਕਾ ਵਿਚ ਜਨਮੇ ਬੱਚੇ ਨੂੰ ਨਾਗਰਿਕਤਾ ਤਾਂ ਹੀ ਮਿਲੇ, ਜੇ ਉਸ ਦੇ ਮਾਪਿਆਂ ਵਿਚੋਂ ਘੱਟੋ-ਘੱਟ ਇੱਕ ਅਮਰੀਕੀ ਨਾਗਰਿਕ ਜਾਂ ਗ੍ਰੀਨ ਕਾਰਡ ਧਾਰਕ ਹੋਵੇ। ਅਦਾਲਤ ਨੇ 1898 ਦੇ ਇਤਿਹਾਸਕ 'ਯੂਨਾਈਟਿਡ ਸਟੇਟਸ ਬਨਾਮ ਵੋਂਗ ਕਿਮ ਆਰਕ' ਫ਼ੈਸਲੇ ਨੂੰ ਬਰਕਰਾਰ ਰੱਖਦਿਆਂ ਜਨਮ-ਅਧਿਕਾਰ ਨਾਗਰਿਕਤਾ ਦੇ ਸੰਵਿਧਾਨਕ ਸਿਧਾਂਤ ਨੂੰ ਦੁਬਾਰਾ ਮਜ਼ਬੂਤ ਕੀਤਾ।

# ਟੈਨੇਸੀ 'ਚ ਗੈਰ-ਕਾਨੂੰਨੀ ਪਰਵਾਸੀਆਂ ਸਬੰਧੀ ਨਵਾਂ ਕਾਨੂੰਨ ਹੋਇਆ ਲਾਗੂ

ਟੈਨੇਸੀ, (ਪੰਜਾਬ ਮੇਲ)- ਟੈਨੇਸੀ ਰਾਜ ਦਾ ਇੱਕ ਨਵਾਂ ਇਮੀਗ੍ਰੇਸ਼ਨ ਕਾਨੂੰਨ, ਜਿਸ ਤਹਿਤ ਜਿਨ੍ਹਾਂ ਵਿਅਕਤੀਆਂ ਖ਼ਿਲਾਫ਼ ਅਮਰੀਕਾ ਤੋਂ ਦੇਸ਼ ਨਿਕਾਲੇ (ਡਿਪੋਰਟੇਸ਼ਨ) ਦਾ ਅੰਤਿਮ ਹੁਕਮ ਜਾਰੀ ਹੋ ਚੁੱਕਾ ਹੈ, ਉਨ੍ਹਾਂ ਲਈ ਰਾਜ ਵਿਚ ਰਹਿਣਾ ਅਪਰਾਧ ਮੰਨਿਆ ਜਾਵੇਗਾ, ਲਾਗੂ ਹੋ ਗਿਆ ਹੈ। ਇਹ ਕਾਨੂੰਨ ਇੱਕ ਸੰਘੀ ਅਦਾਲਤੀ ਚੁਣੌਤੀ ਰੱਦ ਹੋਣ ਤੋਂ ਬਾਅਦ ਲਾਗੂ ਹੋਇਆ ਹੈ।

ਇਸ ਕਾਨੂੰਨ ਖ਼ਿਲਾਫ਼ ਨੈਸ਼ਨਲ ਇਮੀਗ੍ਰੇਸ਼ਨ ਲਾ ਸੈਂਟਰ ਅਤੇ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ (ਏ.ਸੀ.ਐੱਲ.ਯੂ.) ਨੇ ਦੋ ਵਿਅਕਤੀਆਂ ਦੀ ਓਰੋਂ ਸੰਘੀ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਇਹ ਕਾਨੂੰਨ ਉਨ੍ਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਇਸ ਅਧੀਨ ਇੱਕ ਸਾਲ ਤੱਕ ਦੀ ਕੈਦ ਹੋ ਸਕਦੀ ਹੈ।

ਪਰ ਸੰਘੀ ਜੱਜ ਏਲੀ ਰਿਚਰਡਸਨ ਨੇ ਇਹ ਕਹਿੰਦੇ ਹੋਏ ਮਾਮਲਾ ਖਾਰਜ ਕਰ ਦਿੱਤਾ ਕਿ ਮੁਕੱਦਮਾ ਕਰਨ ਵਾਲੇ ਇਹ ਸਾਬਤ ਨਹੀਂ ਕਰ ਸਕੇ ਕਿ ਉਨ੍ਹਾਂ ਖ਼ਿਲਾਫ਼ ਵਾਸਤਵ ਵਿਚ ਕੋਈ ਵੈਧ ਅਤੇ ਲਾਗੂ ਡਿਪੋਰਟੇਸ਼ਨ ਆਰਡਰ ਮੌਜੂਦ ਹੈ। ਇਸ ਕਾਰਨ ਉਨ੍ਹਾਂ ਨੂੰ ਅਦਾਲਤ ਵਿਚ ਇਹ ਚੁਣੌਤੀ ਦੇਣ ਦਾ ਕਾਨੂੰਨੀ ਹੱਕ ਨਹੀਂ ਬਣਦਾ। ਜੱਜ ਨੇ ਇਸ ਨੂੰ ਸਮੂਹਕ (ਕਲਾਸ ਐਕਸ਼ਨ) ਮੁਕੱਦਮਾ ਬਣਾਉਣ ਦੀ ਅਰਜ਼ੀ ਵੀ ਰੱਦ ਕਰ ਦਿੱਤੀ।

ਟੈਨੇਸੀ ਦੇ ਗਵਰਨਰ ਬਿੱਲ ਲੀ ਨੇ ਇਸ ਬਿੱਲ 'ਤੇ ਦਸਤਖ਼ਤ ਕਰਕੇ ਇਸ ਨੂੰ ਕਾਨੂੰਨ ਬਣਾਇਆ ਸੀ। ਇਸ ਤੋਂ ਪਹਿਲਾਂ ਟੈਕਸਾਸ, ਆਇਓਵਾ ਅਤੇ ਓਕਲਾਹੋਮਾ ਵਿਚ ਵੀ ਇਸ ਤਰ੍ਹਾਂ ਦੇ ਕਾਨੂੰਨ ਬਣਾਏ ਗਏ ਸਨ। ਉਸ ਵੇਲੇ ਬਾਇਡਨ ਪ੍ਰਸ਼ਾਸਨ ਦੇ ਨਿਆਂ ਵਿਭਾਗ ਨੇ ਉਨ੍ਹਾਂ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ, ਪਰ ਟਰੰਪ ਪ੍ਰਸ਼ਾਸਨ ਨੇ ਉਹ ਚੁਣੌਤੀਆਂ ਵਾਪਸ ਲੈ ਲਈਆਂ। ਇਸ ਕਾਨੂੰਨ ਦਾ ਇੱਕ ਹੋਰ ਪ੍ਰਬੰਧ ਇਹ ਵੀ ਹੈ ਕਿ ਜੇ ਕੋਈ ਵਿਅਕਤੀ ਡਿਪੋਰਟੇਸ਼ਨ ਆਰਡਰ ਦੇ ਬਾਵਜੂਦ ਟੈਨੇਸੀ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਵੀ ਅਪਰਾਧ ਹੋਵੇਗਾ। ਹਾਲਾਂਕਿ ਇਹ ਪ੍ਰਬੰਧ ਉਸੇ ਵੇਲੇ ਲਾਗੂ ਹੋਵੇਗਾ, ਜੇ ਅਮਰੀਕੀ ਸੁਪਰੀਮ ਕੋਰਟ 2012 ਦੇ Arizona v. United States ਫ਼ੈਸਲੇ ਨੂੰ ਬਦਲ ਦੇਵੇ, ਜਿਸ ਵਿਚ ਕਿਹਾ ਗਿਆ ਸੀ ਕਿ ਰਾਜ ਸਰਕਾਰਾਂ ਆਪਣੇ ਪੱਧਰ 'ਤੇ ਸੰਘੀ ਇਮੀਗ੍ਰੇਸ਼ਨ ਕਾਨੂੰਨ ਲਾਗੂ ਨਹੀਂ ਕਰ ਸਕਦੀਆਂ।

ਇਸ ਦੇ ਨਾਲ ਹੀ ਟੈਨੇਸੀ ਵਿਚ ਹੋਰ ਕਈ ਨਵੇਂ ਇਮੀਗ੍ਰੇਸ਼ਨ-ਸਬੰਧੀ ਕਾਨੂੰਨ ਵੀ ਲਾਗੂ ਹੋ ਰਹੇ ਹਨ। ਹੁਣ ਰਾਜ ਅਤੇ ਸਥਾਨਕ ਸਰਕਾਰੀ ਏਜੰਸੀਆਂ ਨੂੰ ਨੌਕਰੀ ਲਈ ਕਿਸੇ ਵੀ ਵਿਅਕਤੀ ਦੀ ਕੰਮ ਕਰਨ ਦੀ ਕਾਨੂੰਨੀ ਯੋਗਤਾ ਦੀ ਜਾਂਚ ਈ-ਵੈਰੀਫਾਈ ਪ੍ਰਣਾਲੀ ਰਾਹੀਂ ਕਰਨੀ ਲਾਜ਼ਮੀ ਹੋਵੇਗੀ।




# ਟਰੰਪ ਦੀ ਇੰਪੀਚਮੈਂਟ ਦੀ ਮੰਗ ਕਰਨ ਵਾਲਾ ਅਮਰੀਕੀ ਏਅਰ ਫੋਰਸ ਮੇਜਰ ਕੈਪੀਟਲ ਹਿੱਲ ਤੋਂ ਗ੍ਰਿਫ਼ਤਾਰ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਇੱਕ ਅਸਧਾਰਨ ਘਟਨਾ ਦੌਰਾਨ ਐਕਟਿਵ ਡਿਊਟੀ ’ਤੇ ਤਾਇਨਾਤ ਯੂ.ਐੱਸ. ਏਅਰ ਫੋਰਸ ਦੇ ਮੇਜਰ ਜੇਸਨ ਵਾਟਸਨ ਨੂੰ ਅਮਰੀਕੀ ਕੈਪੀਟਲ ਦੀਆਂ ਪੌੜੀਆਂ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਹ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਦੀ ਇੰਪੀਚਮੈਂਟ, ਸਜ਼ਾ ਅਤੇ ਅਹੁਦੇ ਤੋਂ ਹਟਾਉਣ ਦੀ ਮੰਗ ਕਰ ਰਹੇ ਸਨ। ਵਾਟਸਨ ਨੇ ਫੌਜੀ ਵਰਦੀ ਪਹਿਨੀ ਹੋਈ ਸੀ ਅਤੇ ਹੱਥ ਵਿਚ “ਮਹਾਂਦੋਸ਼, ਦੋਸ਼ੀ ਠਹਿਰਾਉਣਾ, ਹਟਾਓ” ਦਾ ਬੋਰਡ ਫੜਿਆ ਹੋਇਆ ਸੀ।

ਇਹ ਘਟਨਾ ਕੈਪੀਟਲ ਹਿੱਲ ’ਤੇ ਹੋਈ, ਜਿੱਥੇ “ਰਿਮੂਵਲ ਕੋਅਲਿਸ਼ਨ” ਨਾਂ ਦੀ ਇੱਕ ਗਰਾਸਰੂਟ ਐਕਟਿਵਿਸਟ ਸੰਸਥਾ ਵੱਲੋਂ ਪ੍ਰੈੱਸ ਕਾਨਫਰੰਸ ਕਰਵਾਈ ਗਈ ਸੀ। ਇਸ ਮੌਕੇ ਟੈਕਸਸ ਦੇ ਡੈਮੋਕ੍ਰੇਟਿਕ ਕਾਂਗਰਸਮੈਨ ਐਲ ਗ੍ਰੀਨ ਵੀ ਮੌਜੂਦ ਸਨ, ਜੋ ਪਹਿਲਾਂ ਵੀ ਟਰੰਪ ਖ਼ਿਲਾਫ਼ ਇੰਪੀਚਮੈਂਟ ਦੀ ਮੰਗ ਕਰਦੇ ਰਹੇ ਹਨ। ਵਾਟਸਨ ਪਹਿਲਾਂ ਕਾਂਗਰਸਮੈਨ ਦੇ ਨਾਲ ਪੌੜੀਆਂ ਤੱਕ ਗਏ, ਪਰ ਜਦੋਂ ਮੈਂਬਰ ਕਾਂਗਰਸ ਉਥੋਂ ਹਟ ਗਏ, ਤਾਂ ਕੈਪੀਟਲ ਪੁਲਿਸ ਮੁਤਾਬਕ ਉਹ ਹਾਊਸ ਦੀਆਂ ਪੌੜੀਆਂ ’ਤੇ ਇਕੱਲੇ ਪ੍ਰਦਰਸ਼ਨ ਕਰਨ ਕਾਰਨ ਕਾਨੂੰਨੀ ਉਲੰਘਣਾ ਵਿਚ ਆ ਗਏ।

ਕੈਪੀਟਲ ਪੁਲਿਸ ਨੇ ਕਿਹਾ ਕਿ ਜਨਤਾ ਨੂੰ ਹਾਊਸ ਦੀਆਂ ਪੌੜੀਆਂ ’ਤੇ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਹੁੰਦੀ, ਜਦ ਤੱਕ ਕੋਈ ਮੈਂਬਰ ਕਾਂਗਰਸ ਨਾਲ ਨਾ ਹੋਵੇ। ਪੁਲਿਸ ਮੁਤਾਬਕ ਵਾਟਸਨ ਨੂੰ ਕਈ ਵਾਰ ਪ੍ਰਦਰਸ਼ਨ ਰੋਕਣ ਲਈ ਕਿਹਾ ਗਿਆ, ਪਰ ਉਨ੍ਹਾਂ ਨੇ ਹੁਕਮ ਨਹੀਂ ਮੰਨੇ। ਇਸ ਤੋਂ ਬਾਅਦ ਉਨ੍ਹਾਂ ਨੂੰ “ਭੀੜ, ਰੁਕਾਵਟਾਂ ਅਤੇ ਅਸੁਵਿਧਾਜਨਕ” ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ।

ਵਾਟਸਨ ਨੇ ਆਪਣੇ ਭਾਸ਼ਣ ਵਿਚ ਟਰੰਪ ਪ੍ਰਸ਼ਾਸਨ ਦੀ ਇਰਾਨ ਅਤੇ ਵੈਨੇਜ਼ੂਏਲਾ ਸੰਬੰਧੀ ਫੌਜੀ ਕਾਰਵਾਈਆਂ ਅਤੇ ਇਮੀਗ੍ਰੇਸ਼ਨ ਨੀਤੀਆਂ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਦਾ ਦਾਅਵਾ ਸੀ ਕਿ ਪ੍ਰਸ਼ਾਸਨ ਨੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ ਅਤੇ ਇਸ ਕਰਕੇ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਨੂੰ ਇੰਪੀਚ ਕਰਕੇ ਅਹੁਦੇ ਤੋਂ ਹਟਾਇਆ ਜਾਣਾ ਚਾਹੀਦਾ ਹੈ। ਰਿਪੋਰਟਾਂ ਮੁਤਾਬਕ ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਆਪਣੀ ਗੱਲ ਕਹਿਣ ਲਈ ਸੰਭਾਵੀ ਨਤੀਜਿਆਂ ਦਾ ਸਾਹਮਣਾ ਕਰਨ ਲਈ ਤਿਆਰ ਹਨ।

ਇਸ ਮਾਮਲੇ ਦੀ ਸਭ ਤੋਂ ਵੱਡੀ ਗੰਭੀਰਤਾ ਇਸ ਗੱਲ ਵਿਚ ਹੈ ਕਿ ਵਾਟਸਨ ਇੱਕ ਐਕਟਿਵ ਡਿਊਟੀ ਫੌਜੀ ਅਫਸਰ ਹਨ। ਅਮਰੀਕੀ ਫੌਜੀ ਨਿਯਮਾਂ ਅਨੁਸਾਰ ਸਰਵਿਸ ਮੈਂਬਰਾਂ ਦੀ ਰਾਜਨੀਤਿਕ ਸਰਗਰਮੀ ’ਤੇ ਕਈ ਪਾਬੰਦੀਆਂ ਹਨ, ਖ਼ਾਸ ਕਰਕੇ ਜਦੋਂ ਉਹ ਫੌਜੀ ਵਰਦੀ ਵਿਚ ਹੋਣ। ਯੂਨੀਫਾਰਮ ਕੋਡ ਆਫ਼ ਮਿਲਟਰੀ ਜਸਟਿਸ ਦੇ ਆਰਟੀਕਲ 88 ਤਹਿਤ ਫੌਜੀ ਅਧਿਕਾਰੀਆਂ ਵੱਲੋਂ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਕਾਂਗਰਸ ਜਾਂ ਹੋਰ ਉੱਚ ਅਧਿਕਾਰੀਆਂ ਖ਼ਿਲਾਫ਼ ਤੌਹੀਨਜਨਕ ਭਾਸ਼ਾ ਵਰਤਣਾ ਸਜ਼ਾਯੋਗ ਮੰਨਿਆ ਜਾਂਦਾ ਹੈ।

ਏਅਰ ਫੋਰਸ ਸਕੱਤਰ ਟਰੌਇ ਮੀਂਕ ਨੇ ਇਸ ਘਟਨਾ ਤੋਂ ਬਾਅਦ ਕਿਹਾ ਕਿ ਹਰ ਏਅਰਮੈਨ ਅਤੇ ਗਾਰਡੀਅਨ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਕਾਨੂੰਨਾਂ, ਨਿੱਜੀ ਆਚਰਨ, ਰਾਜਨੀਤਿਕ ਭਾਗੀਦਾਰੀ ਅਤੇ ਵਰਦੀ ਪਹਿਨਣ ਨਾਲ ਸਬੰਧਤ ਨਿਯਮਾਂ ਦੀ ਪਾਲਣਾ ਕਰਨ। ਉਨ੍ਹਾਂ ਨੇ ਕਿਹਾ ਕਿ ਮਾਮਲੇ ਦੀ ਜਾਂਚ ਬਿਨਾਂ ਰੁਕਾਵਟ ਅੱਗੇ ਵਧੇਗੀ ਅਤੇ ਫੌਜੀ ਕਾਨੂੰਨ ਤੇ ਡਿਊ ਪ੍ਰੋਸੈਸ ਦੇ ਅਧਾਰ ’ਤੇ ਅਗਲਾ ਫੈਸਲਾ ਕੀਤਾ ਜਾਵੇਗਾ।

ਇਹ ਮਾਮਲਾ ਅਮਰੀਕਾ ਵਿਚ ਫੌਜ ਦੀ ਗੈਰ-ਰਾਜਨੀਤਿਕ ਭੂਮਿਕਾ, ਸੰਵਿਧਾਨਕ ਅਧਿਕਾਰਾਂ ਅਤੇ ਫੌਜੀ ਅਨੁਸ਼ਾਸਨ ਵਿਚਕਾਰ ਚੱਲ ਰਹੀ ਬਹਿਸ ਨੂੰ ਹੋਰ ਗਰਮ ਕਰ ਸਕਦਾ ਹੈ।

## ਐਰੀਜ਼ੋਨਾ ’ਚ ਨਵੇਂ ਆਈਸ ਹਿਰਾਸਤੀ ਕੇਂਦਰ ਦੇ ਨਿਰਮਾਣ ’ਤੇ ਅਦਾਲਤ ਵੱਲੋਂ ਅਸਥਾਈ ਰੋਕ

**ਐਰੀਜ਼ੋਨਾ, (ਪੰਜਾਬ ਮੇਲ)**- ਅਮਰੀਕਾ ਦੇ ਐਰੀਜ਼ੋਨਾ ਰਾਜ ਦੇ ਸਰਪ੍ਰਾਈਜ਼ ਸ਼ਹਿਰ ਵਿੱਚ ਬਣ ਰਹੇ ਨਵੇਂ ਆਈਸ (ICE) ਹਿਰਾਸਤੀ ਕੇਂਦਰ ਦੇ ਨਿਰਮਾਣ ’ਤੇ ਅਦਾਲਤੀ ਕਾਰਵਾਈ ਤੋਂ ਬਾਅਦ ਅਸਥਾਈ ਰੋਕ ਲਗਾ ਦਿੱਤੀ ਗਈ ਹੈ। ਇਹ ਰੋਕ ਉਸ ਸਮੇਂ ਤੱਕ ਲਾਗੂ ਰਹੇਗੀ, ਜਦੋਂ ਤੱਕ ਪ੍ਰੋਜੈਕਟ ਨਾਲ ਜੁੜੀ ਵਾਤਾਵਰਣ ਸਮੀਖਿਆ ਦੀ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ।

ਮਾਮਲੇ ਵਿਚ ਦਲੀਲ ਦਿੱਤੀ ਗਈ ਸੀ ਕਿ ਹਿਰਾਸਤੀ ਕੇਂਦਰ ਦਾ ਨਿਰਮਾਣ ਸ਼ੁਰੂ ਕਰਨ ਤੋਂ ਪਹਿਲਾਂ ਵਾਤਾਵਰਣ ’ਤੇ ਪੈਣ ਵਾਲੇ ਪ੍ਰਭਾਵਾਂ ਦਾ ਪੂਰਾ ਮੁਲਾਂਕਣ ਕਰਨਾ ਕਾਨੂੰਨੀ ਤੌਰ ’ਤੇ ਲਾਜ਼ਮੀ ਹੈ। ਇਸ ਤੋਂ ਬਾਅਦ ਅਦਾਲਤ ਵਿਚ ਹੋਈ ਕਾਰਵਾਈ ਦੌਰਾਨ ਸਬੰਧਤ ਧਿਰਾਂ ਨੇ ਸਹਿਮਤੀ ਦਿੱਤੀ ਕਿ ਸਮੀਖਿਆ ਪੂਰੀ ਹੋਣ ਤੱਕ ਨਿਰਮਾਣ ਦਾ ਕੰਮ ਅੱਗੇ ਨਹੀਂ ਵਧਾਇਆ ਜਾਵੇਗਾ।

ਇਹ ਹਿਰਾਸਤੀ ਕੇਂਦਰ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿਚ ਰਹਿ ਰਹੇ ਜਾਂ ਇਮੀਗ੍ਰੇਸ਼ਨ ਕਾਰਵਾਈ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਰੱਖਣ ਲਈ ਬਣਾਇਆ ਜਾ ਰਿਹਾ ਹੈ। ਇਸ ਪ੍ਰੋਜੈਕਟ ਨੂੰ ਲੈ ਕੇ ਸਥਾਨਕ ਵਸਨੀਕਾਂ ਅਤੇ ਕੁਝ ਸਮਾਜਿਕ ਸੰਗਠਨਾਂ ਵੱਲੋਂ ਵੀ ਚਿੰਤਾਵਾਂ ਪ੍ਰਗਟ ਕੀਤੀਆਂ ਜਾ ਰਹੀਆਂ ਹਨ।

ਫਿਲਹਾਲ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਵਾਤਾਵਰਣ ਸਮੀਖਿਆ ਕਦੋਂ ਪੂਰੀ ਹੋਵੇਗੀ ਅਤੇ ਨਿਰਮਾਣ ਦਾ ਕੰਮ ਦੁਬਾਰਾ ਕਦੋਂ ਸ਼ੁਰੂ ਕੀਤਾ ਜਾਵੇਗਾ। ਇਸ ਲਈ ਇਹ ਪ੍ਰੋਜੈਕਟ ਫਿਲਹਾਲ ਰੁਕਿਆ ਰਹੇਗਾ।

# ਅਮਰੀਕਾ ਵਿਚ ਵਿਦੇਸ਼ੀ ਨਾਗਰਿਕਾਂ ਦੀ ਰਜਿਸਟ੍ਰੇਸ਼ਨ ਦਾ ਨਵਾਂ ਨਿਯਮ ਹੋਇਆ ਪੱਕਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਵਿਦੇਸ਼ੀ ਨਾਗਰਿਕਾਂ ਦੀ ਰਜਿਸਟ੍ਰੇਸ਼ਨ ਸਬੰਧੀ ਨਵੇਂ ਨਿਯਮ ਨੂੰ ਅੰਤਿਮ ਮਨਜ਼ੂਰੀ ਦੇ ਦਿੱਤੀ ਹੈ। ਇਸ ਨਿਯਮ ਨਾਲ ਇਹ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਹਰ ਵਿਦੇਸ਼ੀ ਨਾਗਰਿਕ ਨੂੰ ਦੁਬਾਰਾ ਆਨਲਾਈਨ ਰਜਿਸਟ੍ਰੇਸ਼ਨ ਜਾਂ ਬਾਇਓਮੈਟਰਿਕਸ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਹ ਪ੍ਰਕਿਰਿਆ ਸਿਰਫ਼ ਉਨ੍ਹਾਂ ਲੋਕਾਂ ਲਈ ਹੈ, ਜਿਨ੍ਹਾਂ ਦੇ ਇਮੀਗ੍ਰੇਸ਼ਨ ਰਿਕਾਰਡ ਅਧੂਰੇ ਹਨ ਜਾਂ ਜਿਨ੍ਹਾਂ ਦੀ ਪਹਿਲਾਂ ਕਦੇ ਸਰਕਾਰੀ ਰਜਿਸਟ੍ਰੇਸ਼ਨ ਅਤੇ ਫਿੰਗਰਪ੍ਰਿੰਟਿੰਗ ਨਹੀਂ ਹੋਈ।

ਨਵੇਂ ਨਿਯਮ ਅਨੁਸਾਰ 14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਉਹ ਵਿਦੇਸ਼ੀ ਨਾਗਰਿਕ, ਜੋ 30 ਦਿਨ ਜਾਂ ਇਸ ਤੋਂ ਵੱਧ ਸਮੇਂ ਲਈ ਅਮਰੀਕਾ ਵਿਚ ਰਹਿਣਗੇ ਅਤੇ ਜਿਨ੍ਹਾਂ ਦਾ ਕੋਈ ਪੂਰਾ ਇਮੀਗ੍ਰੇਸ਼ਨ ਰਿਕਾਰਡ ਨਹੀਂ ਹੈ, ਉਨ੍ਹਾਂ ਨੂੰ ਆਨਲਾਈਨ ਰਜਿਸਟ੍ਰੇਸ਼ਨ ਕਰਵਾਉਣੀ ਪਵੇਗੀ। ਇਸ ਤੋਂ ਇਲਾਵਾ, ਜਿਹੜੇ ਬੱਚੇ ਅਮਰੀਕਾ ਵਿਚ ਰਹਿੰਦੇ ਹੋਏ 14 ਸਾਲ ਦੇ ਹੋ ਜਾਂਦੇ ਹਨ, ਉਨ੍ਹਾਂ ਨੂੰ ਵੀ 30 ਦਿਨਾਂ ਦੇ ਅੰਦਰ ਦੁਬਾਰਾ ਰਜਿਸਟ੍ਰੇਸ਼ਨ ਅਤੇ ਬਾਇਓਮੈਟਰਿਕਸ ਦੀ ਪ੍ਰਕਿਰਿਆ ਪੂਰੀ ਕਰਨੀ ਹੋਵੇਗੀ।

ਦੂਜੇ ਪਾਸੇ, ਗ੍ਰੀਨ ਕਾਰਡ ਧਾਰਕਾਂ, ਵੈਧ ਵੀਜ਼ੇ ਨਾਲ ਦਾਖ਼ਲ ਹੋਏ ਲੋਕਾਂ, ਆਈ-94 ਰਿਕਾਰਡ ਰੱਖਣ ਵਾਲਿਆਂ, ਵਰਕ ਪਰਮਿਟ ਧਾਰਕਾਂ, ਪੈਰੋਲ ’ਤੇ ਮੌਜੂਦ ਵਿਅਕਤੀਆਂ ਅਤੇ ਇਮੀਗ੍ਰੇਸ਼ਨ ਅਦਾਲਤ ਵਿਚ ਕੇਸ ਚੱਲ ਰਹੇ ਬਹੁਤ ਸਾਰੇ ਲੋਕਾਂ ਨੂੰ ਆਮ ਤੌਰ ’ਤੇ ਇਸ ਨਵੀਂ ਰਜਿਸਟ੍ਰੇਸ਼ਨ ਤੋਂ ਛੋਟ ਮਿਲੇਗੀ, ਕਿਉਂਕਿ ਉਹ ਪਹਿਲਾਂ ਹੀ ਸਰਕਾਰੀ ਰਿਕਾਰਡ ਵਿਚ ਦਰਜ ਮੰਨੇ ਜਾਂਦੇ ਹਨ।

ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਹ ਰਜਿਸਟ੍ਰੇਸ਼ਨ ਕਿਸੇ ਵੀ ਵਿਅਕਤੀ ਨੂੰ ਕਾਨੂੰਨੀ ਇਮੀਗ੍ਰੇਸ਼ਨ ਦਰਜਾ, ਵਰਕ ਪਰਮਿਟ ਜਾਂ ਗ੍ਰੀਨ ਕਾਰਡ ਦਾ ਹੱਕ ਨਹੀਂ ਦਿੰਦੀ। ਇਹ ਸਿਰਫ਼ ਸੰਘੀ ਕਾਨੂੰਨ ਅਧੀਨ ਰਜਿਸਟ੍ਰੇਸ਼ਨ ਦੀ ਲਾਜ਼ਮੀ ਸ਼ਰਤ ਨੂੰ ਪੂਰਾ ਕਰਨ ਲਈ ਹੈ। ਜੇ ਕੋਈ ਵਿਅਕਤੀ ਜਾਣਬੁੱਝ ਕੇ ਇਸ ਨਿਯਮ ਦੀ ਪਾਲਣਾ ਨਹੀਂ ਕਰਦਾ, ਤਾਂ ਉਸ ਵਿਰੁੱਧ ਜੁਰਮਾਨਾ ਜਾਂ ਹੋਰ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com



# ਪੈਨੀ ਦੀ ਬਣਤ ਬੰਦ ਹੋਣ ਤੋਂ ਬਾਅਦ ਵਾਸ਼ਿੰਗਟਨ ਸਟੇਟ ਵੱਲੋਂ ਨਵਾਂ ਕਾਨੂੰਨ ਲਾਗੂ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਇੱਕ ਸੈਂਟ ਵਾਲੇ ਸਿੱਕੇ, ਯਾਨੀ ਪੈਨੀ, ਦੀ ਨਵੀਂ ਬਣਤ ਬੰਦ ਹੋਣ ਤੋਂ ਬਾਅਦ ਵਾਸ਼ਿੰਗਟਨ ਸਟੇਟ ਨੇ ਰਿਟੇਲ ਸਟੋਰਾਂ ਅਤੇ ਗਾਹਕਾਂ ਲਈ ਨਵੇਂ ਨਿਯਮ ਲਾਗੂ ਕਰ ਦਿੱਤੇ ਹਨ। ਇਹ ਕਾਨੂੰਨ ਪੈਨੀ ਦੀ ਘਟਦੀ ਉਪਲਬਧਤਾ ਕਾਰਨ ਬਣਾਇਆ ਗਿਆ ਹੈ, ਤਾਂ ਜੋ ਨਕਦ ਲੈਣ-ਦੇਣ ਦੌਰਾਨ ਦੁਕਾਨਦਾਰਾਂ ਅਤੇ ਗਾਹਕਾਂ ਵਿਚਕਾਰ ਛੋਟੇ ਸਿੱਕਿਆਂ ਦੇ ਚੇਂਜ ਨੂੰ ਲੈ ਕੇ ਉਲਝਣ ਨਾ ਬਣੇ।

ਵਾਸ਼ਿੰਗਟਨ ਸਟੇਟ ਦਾ ਹਾਊਸ ਬਿੱਲ 2334 ਗਵਰਨਰ ਵੱਲੋਂ 23 ਮਾਰਚ 2026 ਨੂੰ ਸਾਈਨ ਕੀਤਾ ਗਿਆ ਸੀ ਅਤੇ ਇਹ 11 ਜੂਨ 2026 ਤੋਂ ਲਾਗੂ ਹੋ ਗਿਆ। ਸਟੇਟ ਲੈਜਿਸਲੇਚਰ ਦੇ ਰਿਕਾਰਡ ਮੁਤਾਬਕ ਇਹ ਹੁਣ 2026 ਦੇ ਕਾਨੂੰਨਾਂ ਦਾ ਚੈਪਟਰ 138 ਬਣ ਚੁੱਕਾ ਹੈ।

ਇਸ ਕਾਨੂੰਨ ਅਧੀਨ ਦੁਕਾਨਦਾਰਾਂ ਨੂੰ ਨਕਦ ਭੁਗਤਾਨ ਵਾਲੀਆਂ ਇਨ-ਪਰਸਨ ਟ੍ਰਾਂਜ਼ੈਕਸ਼ਨਾਂ ਵਿਚ ਕੁੱਲ ਰਕਮ ਨੂੰ ਨਜ਼ਦੀਕੀ ਪੰਜ ਸੈਂਟ ਤੱਕ ਰਾਊਂਡ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਇਹ ਲਾਜ਼ਮੀ ਨਹੀਂ ਹੈ; ਮਤਲਬ ਹਰ ਕਾਰੋਬਾਰ ਲਈ ਇਹ ਕਰਨਾ ਜ਼ਰੂਰੀ ਨਹੀਂ। ਪਰ ਜੇ ਕਿਸੇ ਦੁਕਾਨ ਕੋਲ ਪੈਨੀ ਉਪਲਬਧ ਨਹੀਂ, ਤਾਂ ਉਹ ਸਪੱਸ਼ਟ ਨਿਯਮਾਂ ਅਨੁਸਾਰ ਰਕਮ ਰਾਊਂਡ ਕਰ ਸਕਦੀ ਹੈ।

## ਨਕਦ ਭੁਗਤਾਨ 'ਚ ਰਾਊਂਡਿੰਗ ਦੀ ਇਜਾਜ਼ਤ

ਨਿਯਮ ਅਨੁਸਾਰ, ਜੇ ਕੁੱਲ ਰਕਮ ਦਾ ਆਖਰੀ ਅੰਕ 1, 2, 6 ਜਾਂ 7 ਸੈਂਟ 'ਤੇ ਖ਼ਤਮ ਹੁੰਦਾ ਹੈ, ਤਾਂ ਰਕਮ ਹੇਠਾਂ ਨਜ਼ਦੀਕੀ ਪੰਜ ਸੈਂਟ 'ਤੇ ਰਾਊਂਡ ਹੋ ਸਕਦੀ ਹੈ। ਉਦਾਹਰਨ ਵਜੋਂ, ਜੇ ਬਿੱਲ 19 ਡਾਲਰ 97 ਸੈਂਟ ਹੈ ਅਤੇ ਗਾਹਕ 20 ਡਾਲਰ ਨਕਦ ਦਿੰਦਾ ਹੈ, ਤਾਂ ਰਕਮ 19 ਡਾਲਰ 95 ਸੈਂਟ ਮੰਨੀ ਜਾ ਸਕਦੀ ਹੈ ਅਤੇ ਗਾਹਕ ਨੂੰ 5 ਸੈਂਟ ਵਾਪਸ ਮਿਲ ਸਕਦੇ ਹਨ।

ਜੇ ਕੁੱਲ ਰਕਮ ਦਾ ਆਖਰੀ ਅੰਕ 3, 4, 8 ਜਾਂ 9 ਸੈਂਟ 'ਤੇ ਖ਼ਤਮ ਹੁੰਦਾ ਹੈ, ਤਾਂ ਰਕਮ ਉੱਪਰ ਨਜ਼ਦੀਕੀ ਪੰਜ ਸੈਂਟ 'ਤੇ ਰਾਊਂਡ ਹੋ ਸਕਦੀ ਹੈ। ਉਦਾਹਰਨ ਵਜੋਂ, 19 ਡਾਲਰ 99 ਸੈਂਟ ਦਾ ਬਿੱਲ 20 ਡਾਲਰ ਬਣ ਸਕਦਾ ਹੈ ਅਤੇ ਗਾਹਕ ਨੂੰ ਕੋਈ ਚੇਂਜ ਨਹੀਂ ਮਿਲੇਗਾ। ਜੇ ਰਕਮ ਪਹਿਲਾਂ ਹੀ 0 ਜਾਂ 5 ਸੈਂਟ 'ਤੇ ਖ਼ਤਮ ਹੁੰਦੀ ਹੈ, ਤਾਂ ਉਸ ਵਿਚ ਕੋਈ ਰਾਊਂਡਿੰਗ ਨਹੀਂ ਹੋਵੇਗੀ।

ਇਹ ਰਾਊਂਡਿੰਗ ਸਿਰਫ਼ ਨਕਦ ਭੁਗਤਾਨ 'ਤੇ ਲਾਗੂ ਹੈ। ਡੈਬਿਟ ਕਾਰਡ, ਕ੍ਰੈਡਿਟ ਕਾਰਡ, ਚੈਕ ਜਾਂ ਹੋਰ ਇਲੈਕਟ੍ਰਾਨਿਕ ਭੁਗਤਾਨਾਂ ਵਿਚ ਰਕਮ ਪੂਰੇ ਸੈਂਟ ਤੱਕ ਜਿਵੇਂ ਦੀ ਤਿਵੇਂ ਰਹੇਗੀ। ਅਮਰੀਕੀ ਟ੍ਰੇਜ਼ਰੀ ਦੀ ਗਾਈਡੈਂਸ ਮੁਤਾਬਕ ਰਾਊਂਡਿੰਗ ਸਿਰਫ਼ ਕੈਸ਼ ਪੇਮੈਂਟ ਲਈ ਹੋਣੀ ਚਾਹੀਦੀ ਹੈ ਅਤੇ ਨਾਨ-ਕੈਸ਼ ਟ੍ਰਾਂਜ਼ੈਕਸ਼ਨ ਨੂੰ ਅਸਲ ਰਕਮ 'ਤੇ ਹੀ ਪ੍ਰੋਸੈਸ ਕੀਤਾ ਜਾਣਾ ਚਾਹੀਦਾ ਹੈ।

ਇਸ ਕਾਨੂੰਨ ਨਾਲ ਟੈਕਸ ਜਾਂ ਫੀਸ ਦੀ ਗਿਣਤੀ ਨਹੀਂ ਬਦਲੇਗੀ। ਟੈਕਸ ਅਤੇ ਹੋਰ ਚਾਰਜ ਪਹਿਲਾਂ ਅਸਲ ਰਕਮ 'ਤੇ ਹੀ ਲੱਗਣਗੇ, ਉਸ ਤੋਂ ਬਾਅਦ ਜੇ ਨਕਦ ਭੁਗਤਾਨ ਵਿਚ ਪੈਨੀ ਦੀ ਲੋੜ ਪੈਂਦੀ ਹੈ, ਤਾਂ ਆਖਰੀ ਕੁੱਲ ਰਕਮ ਰਾਊਂਡ ਹੋਵੇਗੀ। ਅਮਰੀਕੀ ਟ੍ਰੇਜ਼ਰੀ ਨੇ ਵੀ ਕਿਹਾ ਹੈ ਕਿ ਕੈਸ਼ ਰਾਊਂਡਿੰਗ ਆਮ ਤੌਰ 'ਤੇ ਟੈਕਸ ਦੀ ਰਕਮ ਨੂੰ ਪ੍ਰਭਾਵਿਤ ਨਹੀਂ ਕਰਨੀ ਚਾਹੀਦੀ ਅਤੇ ਟੈਕਸ ਅਸਲ ਕੁੱਲ 'ਤੇ ਹੀ ਗਿਣਿਆ ਜਾਣਾ ਚਾਹੀਦਾ ਹੈ।

ਪੈਨੀ ਦੀ ਬਣਤ ਬੰਦ ਕਰਨ ਪਿੱਛੇ ਮੁੱਖ ਕਾਰਨ ਇਸ ਦੀ ਲਾਗਤ ਹੈ। ਟ੍ਰੇਜ਼ਰੀ ਮੁਤਾਬਕ ਪਿਛਲੇ 10 ਸਾਲਾਂ ਵਿਚ ਇੱਕ ਪੈਨੀ ਬਣਾਉਣ ਦੀ ਕੁੱਲ ਲਾਗਤ 1.3 ਸੈਂਟ ਤੋਂ ਵਧ ਕੇ 3.69 ਸੈਂਟ ਤੱਕ ਪਹੁੰਚ ਗਈ। ਸਰਕਾਰ ਦਾ ਅੰਦਾਜ਼ਾ ਹੈ ਕਿ ਪੈਨੀ ਦੀ ਬਣਤ ਬੰਦ ਕਰਨ ਨਾਲ ਸਿਰਫ਼ ਮਟੀਰੀਅਲ ਖਰਚੇ ਵਿਚ ਹੀ ਤੁਰੰਤ ਲਗਭਗ 56 ਮਿਲੀਅਨ ਡਾਲਰ ਸਾਲਾਨਾ ਬਚਤ ਹੋ ਸਕਦੀ ਹੈ।

ਹਾਲਾਂਕਿ ਨਵੀਆਂ ਪੈਨੀਆਂ ਨਹੀਂ ਬਣ ਰਹੀਆਂ, ਪਰ ਮੌਜੂਦਾ ਪੈਨੀਆਂ ਕਾਨੂੰਨੀ ਕਰੰਸੀ ਹੀ ਰਹਿਣਗੀਆਂ।

# ਟਰੰਪ ਦੇ ਮੀਮਕੋਇਨ ਨੂੰ ਲੈ ਕੇ ਖੜ੍ਹਾ ਹੋਇਆ ਵਿਵਾਦ!

ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਦੇ ਮੀਮਕੋਇਨ ਨੂੰ ਲੈ ਕੇ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਰਿਪੋਰਟ ਮੁਤਾਬਕ, ਜੂਨ ਦੇ ਅੰਤ ਤੱਕ ਲਗਭਗ 9 ਲੱਖ 88 ਹਜ਼ਾਰ 905 ਖਰੀਦਦਾਰਾਂ ਨੂੰ ਇਸ ਸਿੱਕੇ ਵਿੱਚ ਨੁਕਸਾਨ ਹੋਇਆ ਹੈ। ਕੁੱਲ ਨੁਕਸਾਨ ਲਗਭਗ 3.8 ਬਿਲੀਅਨ ਡਾਲਰ ਦੱਸਿਆ ਜਾ ਰਿਹਾ ਹੈ।

ਇਹ ਸਿੱਕਾ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਕੁਝ ਦਿਨ ਪਹਿਲਾਂ ਲਾਂਚ ਕੀਤਾ ਗਿਆ ਸੀ। ਸ਼ੁਰੂ ਵਿਚ ਇਸ ਦੀ ਕੀਮਤ ਤੇਜ਼ੀ ਨਾਲ ਵਧੀ, ਪਰ ਬਾਅਦ ਵਿਚ ਇਹ ਆਪਣੇ ਸਭ ਤੋਂ ਉੱਚੇ ਦਰ ਤੋਂ ਲਗਭਗ 97 ਫੀਸਦੀ ਡਿੱਗ ਗਿਆ। ਇਸ ਕਾਰਨ ਦੇਰ ਨਾਲ ਖਰੀਦਣ ਵਾਲੇ ਛੋਟੇ ਨਿਵੇਸ਼ਕਾਂ ਨੂੰ ਵੱਡਾ ਨੁਕਸਾਨ ਝੱਲਣਾ ਪਿਆ।

ਦੂਜੇ ਪਾਸੇ, ਰਿਪੋਰਟਾਂ ਮੁਤਾਬਕ ਟਰੰਪ ਨੂੰ ਇਸੇ ਮੀਮਕੋਇਨ ਨਾਲ ਲਗਭਗ 636 ਮਿਲੀਅਨ ਡਾਲਰ ਦੀ ਕਮਾਈ ਹੋਈ। ਇਸ ਤੋਂ ਇਲਾਵਾ ਉਸ ਦੇ ਹੋਰ ਕ੍ਰਿਪਟੋ ਕਾਰੋਬਾਰਾਂ ਤੋਂ ਵੀ ਵੱਡੀ ਆਮਦਨ ਦਰਜ ਕੀਤੀ ਗਈ ਹੈ।

ਵ੍ਹਾਈਟ ਹਾਊਸ ਨੇ ਕਿਸੇ ਵੀ ਗਲਤ ਕੰਮ ਦੇ ਦੋਸ਼ਾਂ ਨੂੰ ਰੱਦ ਕੀਤਾ ਹੈ ਅਤੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਦੇ ਕਦਮ ਅਮਰੀਕੀ ਲੋਕਾਂ ਦੇ ਹਿੱਤ ਵਿਚ ਹਨ। ਪਰ ਆਲੋਚਕਾਂ ਦਾ ਕਹਿਣਾ ਹੈ ਕਿ ਇੱਕ ਮੌਜੂਦਾ ਰਾਸ਼ਟਰਪਤੀ ਵੱਲੋਂ ਕ੍ਰਿਪਟੋ ਕਾਰੋਬਾਰ ਤੋਂ ਇੰਨੀ ਵੱਡੀ ਕਮਾਈ ਕਰਨਾ ਨੈਤਿਕਤਾ ਅਤੇ ਹਿਤਾਂ ਦੇ ਟਕਰਾਅ ਬਾਰੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

# ਸੈਕਰਾਮੈਂਟੋ 'ਚ ਫੈਡਰਲ ਅਧਿਕਾਰੀਆਂ ਵੱਲੋਂ ਐਲਕ ਗਰੋਵ ਦਾ 19 ਸਾਲਾ ਨੌਜਵਾਨ ਗ੍ਰਿਫ਼ਤਾਰ

ਸੈਕਰਾਮੈਂਟੋ, (ਪੰਜਾਬ ਮੇਲ)- ਅਮਰੀਕਾ ਦੇ ਕੈਲੀਫ਼ੋਰਨੀਆ ਸੂਬੇ ਦੇ ਸੈਕਰਾਮੈਂਟੋ ਖੇਤਰ ਵਿਚ ਫੈਡਰਲ ਅਧਿਕਾਰੀਆਂ ਨੇ ਐਲਕ ਗਰੋਵ ਦੇ 19 ਸਾਲਾ ਨੌਜਵਾਨ ਟ੍ਰੇਵੋਨ ਮੈਕਡੈਨੀਅਲ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਫੈਡਰਲ ਸਰਕਾਰੀ ਇਮਾਰਤਾਂ ਨੂੰ ਅੱਗ ਜਾਂ ਧਮਾਕੇਖੇਜ਼ ਸਮੱਗਰੀ ਨਾਲ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦੇਣ ਦਾ ਦੋਸ਼ ਲਗਾਇਆ ਗਿਆ ਹੈ।

ਅਮਰੀਕੀ ਅਟਾਰਨੀ ਦੇ ਦਫ਼ਤਰ ਅਨੁਸਾਰ, ਮੈਕਡੇਨੀਅਲ ਸੋਸ਼ਲ ਮੀਡੀਆ 'ਤੇ "The_wild_wolfspider" ਨਾਮ ਨਾਲ ਸਰਗਰਮ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਉਸ ਦਾ ਸੰਪਰਕ ਅਬਰਾਹਿਮ ਹਰਮੋਸਿਲੋ ਅਲਵਾਰੇਜ਼ ਨਾਲ ਸੀ, ਜਿਸ 'ਤੇ 14 ਜੂਨ ਨੂੰ ਵ੍ਹਾਈਟ ਹਾਊਸ ਦੇ ਸਾਊਥ ਲਾਨ 'ਤੇ ਹੋਣ ਵਾਲੇ ਯੂ.ਐੱਫ.ਸੀ. ਸਮਾਗਮ ਦੌਰਾਨ ਹਮਲੇ ਦੀ ਕਥਿਤ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ ਹਨ।

ਜਾਂਚਕਾਰਾਂ ਨੇ ਦੱਸਿਆ ਕਿ ਅਲਵਾਰੇਜ਼ ਦੇ ਮੋਬਾਈਲ ਫ਼ੋਨ ਵਿਚ ਮਿਲੇ ਟਿਕਟੋਕ ਸੁਨੇਹਿਆਂ ਰਾਹੀਂ ਮੈਕਡੇਨੀਅਲ ਦੀ ਪਛਾਣ ਹੋਈ। ਇਹ ਸੁਨੇਹੇ 17 ਅਪ੍ਰੈਲ ਤੋਂ 7 ਜੂਨ ਦਰਮਿਆਨ ਭੇਜੇ ਗਏ ਸਨ।

ਐੱਫ.ਬੀ.ਆਈ. ਅਨੁਸਾਰ, ਮੈਕਡੇਨੀਅਲ ਨੇ ਟਿਕਟੋਕ 'ਤੇ ਇੱਕ ਵੀਡੀਓ ਪੋਸਟ ਕੀਤੀ ਸੀ, ਜਿਸ ਵਿਚ ਉਹ ਸੁਪਰਹੀਰੋ ਵਰਗੇ

## ਇਮਾਰਤਾਂ ਨੂੰ ਧਮਾਕੇਖੇਜ਼ ਸਮੱਗਰੀ ਨਾਲ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦੇਣ ਦਾ ਦੋਸ਼

ਪਹਿਰਾਵੇ ਵਿਚ ਨਜ਼ਰ ਆ ਰਿਹਾ ਸੀ ਅਤੇ ਕਥਿਤ ਤੌਰ 'ਤੇ ਸੈਕਰਾਮੈਂਟੋ ਦੀਆਂ ਫੈਡਰਲ ਇਮਾਰਤਾਂ ਨੂੰ ਬਿਜਲੀ ਸਪਲਾਈ ਕਰਨ ਵਾਲੇ ਜਨਰੇਟਰਾਂ ਖ਼ਿਲਾਫ਼ ਆਤਿਸ਼ਬਾਜ਼ੀ ਵਰਤਣ ਬਾਰੇ ਗੱਲ ਕਰ ਰਿਹਾ ਸੀ।

ਤਲਾਸ਼ੀ ਦੌਰਾਨ ਅਧਿਕਾਰੀਆਂ ਨੇ ਉਸ ਦੇ ਘਰ ਤੋਂ ਵੀਡੀਓ ਵਿਚ ਦਿਖਾਈ ਦਿੱਤਾ ਪਹਿਰਾਵਾ, ਇੱਕ ਮੋਬਾਈਲ ਫ਼ੋਨ, ਦੋ ਮਿਨੀ ਬੈਟਨ ਅਤੇ ਇੱਕ ਬੈਟਨ ਹੋਲਸਟਰ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।

ਮੈਕਡੇਨੀਅਲ ਨੂੰ ਫੈਡਰਲ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਮੈਜਿਸਟ੍ਰੇਟ ਜੱਜ ਨੇ ਉਸ ਨੂੰ ਹਿਰਾਸਤ ਵਿਚ ਰੱਖਣ ਦੇ ਹੁਕਮ ਦਿੱਤੇ।

ਇਸ ਮਾਮਲੇ ਦੀ ਜਾਂਚ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਨੇ ਸੈਕਰਾਮੈਂਟੋ ਪੁਲਿਸ ਡਿਪਾਰਟਮੈਂਟ ਅਤੇ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ ਦੇ ਸਹਿਯੋਗ ਨਾਲ ਕੀਤੀ ਹੈ।

ਜੇਕਰ ਅਦਾਲਤ ਵਿਚ ਦੋਸ਼ ਸਾਬਤ ਹੋ ਜਾਂਦੇ ਹਨ, ਤਾਂ ਮੈਕਡੇਨੀਅਲ ਨੂੰ ਵੱਧ ਤੋਂ ਵੱਧ 10 ਸਾਲ ਦੀ ਫੈਡਰਲ ਕੈਦ ਦੀ ਸਜ਼ਾ ਹੋ ਸਕਦੀ ਹੈ।


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਭਾਰਤ-ਪਾਕਿ ਦਾ ਤਣਾਅ ਖਤਮ ਕਰਨ ਲਈ ਦੋਵਾਂ ਦੇਸ਼ਾਂ ਦੇ ਸਿਆਸਤਦਾਨਾਂ ਵੱਲੋਂ ਪ੍ਰਧਾਨ ਮੰਤਰੀਆਂ ਨੂੰ ਖੁੱਲ੍ਹਾ ਪੱਤਰ !

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਅਤੇ ਪਾਕਿਸਤਾਨ ਦੇ 100 ਤੋਂ ਵੱਧ ਪ੍ਰਮੁੱਖ ਨਾਗਰਿਕਾਂ, ਸਿਆਸਤਦਾਨਾਂ ਅਤੇ ਸਾਬਕਾ ਰਾਜਦੂਤਾਂ ਨੇ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ- ਨਰਿੰਦਰ ਮੋਦੀ ਅਤੇ ਸ਼ਹਿਬਾਜ਼ ਸ਼ਰੀਫ਼ ਨੂੰ ਇੱਕ ਖੁੱਲ੍ਹਾ ਪੱਤਰ ਲਿਖ ਕੇ ਦੁਵੱਲੀ ਗੱਲਬਾਤ ਅਤੇ ਆਮ ਸਬੰਧਾਂ ਨੂੰ ਤੁਰੰਤ ਬਹਾਲ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਹੈ। 'ਸੈਂਟਰ ਫਾਰ ਪੀਸ ਐਂਡ ਪ੍ਰੋਗਰੈੱਸ' ਦੇ ਪ੍ਰਧਾਨ ਓ.ਪੀ. ਸ਼ਾਹ ਵੱਲੋਂ ਕੋਆਰਡੀਨੇਟ ਕੀਤੇ ਗਏ ਇਸ ਪੱਤਰ 'ਤੇ ਭਾਰਤ ਦੇ 61 ਅਤੇ ਪਾਕਿਸਤਾਨ ਦੇ 55 ਪ੍ਰਮੁੱਖ ਨਾਗਰਿਕਾਂ ਸਣੇ ਕੁੱਲ 116 ਨੇ ਹਸਤਾਖਰ ਕੀਤੇ ਹਨ।

ਪੱਤਰ ਲਿਖਣ ਵਾਲਿਆਂ 'ਚ ਫਾਰੂਕ ਅਬਦੁੱਲਾ, ਮਹਿਬੂਬਾ ਮੁਫ਼ਤੀ, ਰਾਅ ਦੇ ਸਾਬਕਾ ਮੁਖੀ ਏ.ਐੱਸ. ਦੁਲਤ, ਮਨੋਜ ਝਾਅ, ਮਣੀਸ਼ੰਕਰ ਅਈਅਰ, ਮੀਰਵਾਈਜ਼ ਉਮਰ ਫਾਰੂਕ ਅਤੇ ਪਾਕਿਸਤਾਨ ਦੇ



ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਮਹਿਮੂਦ ਕਸੂਰੀ ਸ਼ਾਮਲ ਹਨ। ਇਨ੍ਹਾਂ ਲੋਕਾਂ ਨੇ ਪੱਤਰ ਰਾਹੀਂ ਮੰਗ ਕੀਤੀ ਕਿ ਦੋਵਾਂ ਦੇਸ਼ਾਂ 'ਚ ਪੂਰਨ ਕੂਟਨੀਤਕ ਸਬੰਧਾਂ ਨੂੰ ਬਹਾਲ ਕੀਤਾ ਜਾਵੇ, ਹਾਈ ਕਮਿਸ਼ਨਰਾਂ ਦੀ ਨਿਯੁਕਤੀ ਦੁਬਾਰਾ ਕੀਤੀ ਜਾਵੇ ਅਤੇ ਵੀਜ਼ਾ ਪ੍ਰਕਿਰਿਆ ਨੂੰ ਆਸਾਨ ਬਣਾਇਆ ਜਾਵੇ।

ਇਸ ਤੋਂ ਇਲਾਵਾ ਇਸ ਪੱਤਰ 'ਚ ਅਟਾਰੀ-ਵਾਹਗਾ ਸਰਹੱਦ ਰਾਹੀਂ ਵਪਾਰਕ ਰਸਤੇ ਦੁਬਾਰਾ ਖੋਲ੍ਹੇ ਜਾਣ, ਦਿੱਲੀ-ਲਾਹੌਰ ਬੱਸ, ਸਮਝੌਤਾ ਐਕਸਪ੍ਰੈਸ, ਥਾਰ ਐਕਸਪ੍ਰੈਸ ਅਤੇ ਵਪਾਰਕ ਉਡਾਣਾਂ ਲਈ ਏਅਰਸਪੇਸ ਮੁੜ ਸ਼ੁਰੂ ਕਰਨ ਬਾਰੇ ਵੀ ਅਪੀਲ ਕੀਤੀ ਗਈ ਹੈ। ਨਾਲ ਹੀ ਕਰਤਾਰਪੁਰ ਸਾਹਿਬ ਕਾਰੀਡੋਰ, ਸ਼ਾਰਦਾ ਪੀਠ ਦੇ ਰਸਤੇ ਖੋਲ੍ਹਣ, ਜੰਮੂ-ਕਸ਼ਮੀਰ ਦੇ ਮੁੱਦੇ 'ਤੇ 2004-2007 ਦੇ ਢਾਂਚੇ ਮੁਤਾਬਕ ਫ਼ੌਜ ਦੀ ਤਾਇਨਾਤੀ ਅਤੇ ਤਣਾਅ ਨੂੰ ਘਟਾਉਣ ਦੀ ਅਪੀਲ ਵੀ ਇਸ ਪੱਤਰ 'ਚ ਕੀਤੀ ਗਈ ਹੈ।

ਇਸ ਪੱਤਰ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਅਪੀਲ ਕਿਸੇ ਰਾਜਨੀਤਿਕ ਪੱਖ ਦਾ ਸਮਰਥਨ ਨਹੀਂ ਹੈ, ਬਲਕਿ ਦੋਵਾਂ ਦੇਸ਼ਾਂ ਦੀ ਲਗਭਗ 2 ਅਰਬ ਆਬਾਦੀ ਦੀ ਭਲਾਈ ਲਈ ਹੈ। ਪੱਤਰ 'ਤੇ ਦਸਤਖ਼ਤ ਕਰਨ ਵਾਲਿਆਂ ਮੁਤਾਬਕ, ਲਗਾਤਾਰ ਤਣਾਅਪੂਰਨ ਮਾਹੌਲ ਕਾਰਨ ਕਰੋੜਾਂ ਨੌਜਵਾਨ ਤਰੱਕੀ ਦੇ ਮੌਕਿਆਂ ਤੋਂ ਵਾਂਝੇ ਰਹਿ ਜਾਂਦੇ ਹਨ, ਇਸ ਲਈ ਦੱਖਣੀ ਏਸ਼ੀਆ ਦਾ ਭਵਿੱਖ ਟਕਰਾਅ ਦੀ ਬਜਾਏ ਸ਼ਾਂਤੀ ਅਤੇ ਸਾਂਝੀ ਤਰੱਕੀ ਨਾਲ ਤੈਅ ਹੋਣਾ ਚਾਹੀਦਾ ਹੈ।

## ਸੰਜੀਵ ਅਰੋੜਾ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਟਲ਼ੀ

**ਚੰਡੀਗੜ੍ਹ, (ਪੰਜਾਬ ਮੇਲ)-** ਮਨੀ ਲਾਂਡਰਿੰਗ ਅਤੇ ਕਥਿਤ ਜੀ.ਐੱਸ.ਟੀ. ਧੋਖਾਧੜੀ ਦੇ ਮਾਮਲੇ ਵਿਚ ਘਿਰੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਆਗੂ ਸੰਜੀਵ ਅਰੋੜਾ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਮੌਜੂਦਾ ਸਥਿਤੀ ਬਾਰੇ ਕੇਂਦਰੀ ਜਾਂਚ ਏਜੰਸੀ ਤੋਂ 'ਸਟੇਟਸ ਰਿਪੋਰਟ' ਮੰਗ ਲਈ ਹੈ।

ਦੂਜੇ ਪਾਸੇ, ਸੰਜੀਵ ਅਰੋੜਾ ਨਾਲ ਜੁੜੇ ਇਸੇ ਮਾਮਲੇ ਦੀ ਰੈਗੂਲਰ ਸੁਣਵਾਈ ਗੁਰੂਗ੍ਰਾਮ ਦੀ ਵਿਸ਼ੇਸ਼ ਅਦਾਲਤ ਵਿਚ ਵੀ ਚੱਲ ਰਹੀ ਹੈ। ਗੁਰੂਗ੍ਰਾਮ ਅਦਾਲਤ ਨੇ ਕੇਸ ਦੀ ਅਗਲੀ ਕਾਰਵਾਈ ਅਤੇ ਸੁਣਵਾਈ ਲਈ 10 ਜੁਲਾਈ ਦੀ ਤਾਰੀਖ਼ ਤੈਅ ਕੀਤੀ ਹੈ। ਜ਼ਿਕਰਯੋਗ ਹੈ ਕਿ ਈ.ਡੀ. ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਸੰਜੀਵ ਅਰੋੜਾ ਫਿਲਹਾਲ ਨਿਆਂਇਕ ਹਿਰਾਸਤ ਅਧੀਨ ਜੇਲ੍ਹ ਵਿਚ ਬੰਦ ਹਨ ਅਤੇ ਉਨ੍ਹਾਂ ਦੇ ਬਚਾਅ ਪੱਖ ਵੱਲੋਂ ਲਗਾਤਾਰ ਅਦਾਲਤੀ ਰਾਹਤ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਭਾਰਤ ਸਰਕਾਰ ਵੱਲੋਂ ਵਿਦੇਸ਼ਾਂ 'ਚ ਰਹਿੰਦੇ ਭਾਰਤੀਆਂ ਲਈ ਈ-ਓ.ਸੀ.ਆਈ. ਕਾਰਡ ਲਾਂਚ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਸਰਕਾਰ ਨੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਲਈ ਵੱਡਾ ਕਦਮ ਚੁੱਕਦਿਆਂ ਈ-ਓ.ਸੀ.ਆਈ. ਕਾਰਡ ਪ੍ਰਣਾਲੀ ਸ਼ੁਰੂ ਕਰ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਵੀਂ ਦਿੱਲੀ ਵਿਚ ਇਸ ਪ੍ਰਣਾਲੀ ਦੀ ਸ਼ੁਰੂਆਤ ਕੀਤੀ। ਸਰਕਾਰ ਮੁਤਾਬਕ ਇਸ ਨਵੀਂ ਸਹੂਲਤ ਨਾਲ ਪੰਜਾਹ ਲੱਖ ਤੋਂ ਵੱਧ ਓ.ਸੀ.ਆਈ. ਕਾਰਡ ਧਾਰਕਾਂ ਨੂੰ ਲਾਭ ਮਿਲੇਗਾ।

ਨਵੀਂ ਪ੍ਰਣਾਲੀ ਰਾਹੀਂ ਓ.ਸੀ.ਆਈ. ਨਾਲ ਜੁੜੀਆਂ ਬਹੁਤ ਸਾਰੀਆਂ ਸੇਵਾਵਾਂ ਹੁਣ ਇੰਟਰਨੈੱਟ ਰਾਹੀਂ ਹੀ ਮਿਲ ਸਕਣਗੀਆਂ। ਅਰਜ਼ੀਦਾਰ ਆਪਣੀ ਅਰਜ਼ੀ ਭਰ ਸਕਣਗੇ, ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰ ਸਕਣਗੇ, ਆਪਣੀ ਅਰਜ਼ੀ ਦੀ ਸਥਿਤੀ ਦੇਖ ਸਕਣਗੇ ਅਤੇ ਮਨਜ਼ੂਰੀ ਮਿਲਣ ਤੋਂ ਬਾਅਦ ਆਪਣਾ ਈ-ਓ.ਸੀ.ਆਈ. ਕਾਰਡ ਵੀ ਉਤਾਰ ਸਕਣਗੇ। ਇਸ ਨਾਲ ਪਹਿਲਾਂ ਵਾਲੀ ਕਾਗਜ਼ੀ ਕਾਰਵਾਈ ਅਤੇ ਦਫ਼ਤਰਾਂ ਦੇ ਚੱਕਰ ਕਾਫ਼ੀ ਹੱਦ ਤੱਕ ਘਟਣ ਦੀ ਉਮੀਦ ਹੈ।

ਇਸ ਪ੍ਰਣਾਲੀ ਦੀ ਸਭ ਤੋਂ ਵੱਡੀ ਸਹੂਲਤ ਇਹ ਹੈ ਕਿ ਵੀਹ ਸਾਲ ਦੀ ਉਮਰ ਤੋਂ ਬਾਅਦ ਨਵਾਂ ਪਾਸਪੋਰਟ ਬਣਨ 'ਤੇ ਹੁਣ ਹਰ ਵਾਰ ਨਵੀਂ ਓ.ਸੀ.ਆਈ. ਕਿਤਾਬਚੀ ਬਣਵਾਉਣ ਦੀ ਲੋੜ ਨਹੀਂ ਰਹੇਗੀ। ਕਾਰਡ ਧਾਰਕ ਨੂੰ ਸਿਰਫ਼ ਆਪਣੀ ਨਵੀਂ ਪਾਸਪੋਰਟ ਜਾਣਕਾਰੀ ਸਰਕਾਰੀ ਪ੍ਰਣਾਲੀ ਵਿਚ ਦਰਜ ਕਰਨੀ ਪਵੇਗੀ। ਇਸ ਨਾਲ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਸਰਕਾਰ ਦਾ ਕਹਿਣਾ ਹੈ ਕਿ ਇਸ ਨਵੀਂ ਪ੍ਰਣਾਲੀ ਨਾਲ ਅਰਜ਼ੀਆਂ ਦੀ ਕਾਰਵਾਈ ਤੇਜ਼ ਹੋਵੇਗੀ, ਦਸਤਾਵੇਜ਼ਾਂ ਦੀ ਜਾਂਚ ਆਸਾਨ ਬਣੇਗੀ ਅਤੇ ਹਵਾਈ ਅੱਡਿਆਂ ਤੇ ਇਮੀਗ੍ਰੇਸ਼ਨ ਜਾਂਚ ਦੌਰਾਨ ਵੀ ਜਾਣਕਾਰੀ ਦੀ ਪੁਸ਼ਟੀ ਹੋਰ ਸੁਚੱਜੇ ਢੰਗ ਨਾਲ ਹੋ ਸਕੇਗੀ।

# ਏਅਰ ਇੰਡੀਆ ਵੱਲੋਂ ਅਮਰੀਕਾ ਤੇ ਯੂਰਪ ਦੀਆਂ ਉਡਾਣਾਂ ਲਈ ਫਿਊਲ ਸਰਚਾਰਜ 'ਚ ਕਟੌਤੀ

**ਨਵੀਂ ਦਿੱਲੀ, (ਪੰਜਾਬ ਮੇਲ)-** ਏਅਰ ਇੰਡੀਆ ਨੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਕਮੀ ਆਉਣ ਤੋਂ ਬਾਅਦ ਉੱਤਰੀ ਅਮਰੀਕਾ, ਯੂਰਪ, ਬ੍ਰਿਟੇਨ ਅਤੇ ਆਸਟ੍ਰੇਲੀਆ ਜਾਣ ਵਾਲੀਆਂ ਉਡਾਣਾਂ ਲਈ ਫਿਊਲ ਸਰਚਾਰਜ ਵਿਚ ਕਟੌਤੀ ਕੀਤੀ ਹੈ, ਜਿਸ ਨਾਲ ਹਵਾਈ ਟਿਕਟਾਂ ਸਸਤੀਆਂ ਹੋ ਗਈਆਂ ਹਨ। ਇਹ ਨਵੇਂ ਰੇਟ 1 ਜੁਲਾਈ ਤੋਂ ਲਾਗੂ ਹੋ ਗਏ ਹਨ।

ਜਾਣਕਾਰੀ ਅਨੁਸਾਰ ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਦੀਆਂ ਉਡਾਣਾਂ ਲਈ ਫਿਊਲ ਸਰਚਾਰਜ 280 ਅਮਰੀਕੀ ਡਾਲਰ ਪ੍ਰਤੀ ਟਿਕਟ ਤੋਂ ਘਟਾ ਕੇ 200 ਅਮਰੀਕੀ ਡਾਲਰ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਯੂਰਪ ਅਤੇ ਬ੍ਰਿਟੇਨ ਦੀਆਂ ਉਡਾਣਾਂ ਲਈ ਇਹ ਸਰਚਾਰਜ 205 ਅਮਰੀਕੀ ਡਾਲਰ ਤੋਂ ਘਟਾ ਕੇ 125 ਅਮਰੀਕੀ ਡਾਲਰ ਕਰ ਦਿੱਤਾ ਗਿਆ ਹੈ। ਏਅਰ ਇੰਡੀਆ ਨੇ ਇਸ ਬਾਰੇ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ ਹੈ।

ਏਅਰਲਾਈਨ ਨੇ ਪੱਛਮੀ ਏਸ਼ੀਆ ਵਿਚ ਤਣਾਅ ਕਾਰਨ ਕੱਚੇ ਤੇਲ ਅਤੇ ਜੈੱਟ ਫਿਊਲ ਦੀਆਂ ਕੀਮਤਾਂ ਵਿਚ ਆਏ ਵਾਧੇ ਨੂੰ ਦੇਖਦਿਆਂ 7 ਅਪ੍ਰੈਲ ਨੂੰ ਫਿਊਲ ਸਰਚਾਰਜ ਲਾਇਆ ਸੀ। ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਕੁਝ ਹਵਾਈ ਖੇਤਰਾਂ 'ਤੇ ਲੱਗੀਆਂ ਪਾਬੰਦੀਆਂ ਕਾਰਨ ਏਅਰਲਾਈਨ ਦੇ ਸੰਚਾਲਨ ਖਰਚੇ ਵਿਚ ਕਾਫ਼ੀ ਵਾਧਾ ਹੋ ਗਿਆ ਸੀ। ਉੱਤਰੀ ਅਮਰੀਕਾ, ਯੂਰਪ, ਬ੍ਰਿਟੇਨ ਅਤੇ ਆਸਟ੍ਰੇਲੀਆ ਲਈ ਇਹ ਵਧੇ ਹੋਏ ਫਿਊਲ ਸਰਚਾਰਜ 10 ਅਪ੍ਰੈਲ ਤੋਂ ਲਾਗੂ ਹੋਏ ਸਨ। ਹੁਣ ਤੇਲ ਦੀਆਂ ਕੀਮਤਾਂ ਵਿਚ ਰਾਹਤ ਮਿਲਣ ਤੋਂ ਬਾਅਦ ਇਨ੍ਹਾਂ ਵਿਚ ਕਟੌਤੀ ਕੀਤੀ ਗਈ ਹੈ।

ਹਾਲਾਂਕਿ ਏਅਰ ਇੰਡੀਆ ਦੀਆਂ ਹੋਰ ਅੰਤਰਰਾਸ਼ਟਰੀ ਉਡਾਣਾਂ ਅਤੇ ਘਰੇਲੂ ਉਡਾਣਾਂ ਲਈ ਫਿਊਲ ਸਰਚਾਰਜ ਵਿਚ ਫਿਲਹਾਲ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ।

7 ਅਪ੍ਰੈਲ ਨੂੰ ਏਅਰ ਇੰਡੀਆ ਸਮੂਹ, ਜਿਸ ਵਿਚ ਏਅਰ ਇੰਡੀਆ

**ਕੱਚੇ ਤੇਲ ਦੀਆਂ ਕੀਮਤਾਂ ਘਟਣ ਤੋਂ ਬਾਅਦ ਯਾਤਰੀਆਂ ਨੂੰ ਮਿਲੀ ਰਾਹਤ**



ਅਤੇ ਏਅਰ ਇੰਡੀਆ ਐਕਸਪ੍ਰੈੱਸ ਸ਼ਾਮਲ ਹਨ, ਨੇ ਜ਼ਿਆਦਾਤਰ ਅੰਤਰਰਾਸ਼ਟਰੀ ਉਡਾਣਾਂ ਲਈ 280 ਅਮਰੀਕੀ ਡਾਲਰ ਤੱਕ ਅਤੇ ਘਰੇਲੂ ਉਡਾਣਾਂ ਲਈ 299 ਤੋਂ 899 ਰੁਪਏ ਤੱਕ ਫਿਊਲ ਸਰਚਾਰਜ ਲਾਗੂ ਕੀਤਾ ਸੀ।

ਉਸ ਸਮੇਂ ਏਅਰਲਾਈਨ ਨੇ ਕਿਹਾ ਸੀ ਕਿ ਸਰਕਾਰ ਵੱਲੋਂ ਘਰੇਲੂ ਹਵਾਬਾਜ਼ੀ ਟਰਬਾਈਨ ਫਿਊਲ (ਏ.ਟੀ.ਐੱਫ.) ਦੀ ਕੀਮਤ ਵਿਚ ਵਾਧੇ ਨੂੰ 25 ਫ਼ੀਸਦੀ ਤੱਕ ਸੀਮਤ ਕਰਨ ਦੇ ਫ਼ੈਸਲੇ ਤੋਂ ਬਾਅਦ ਕੰਪਨੀ ਨੇ ਇਕਸਾਰ ਸਰਚਾਰਜ ਦੀ ਥਾਂ ਦੂਰੀ ਦੇ ਆਧਾਰ 'ਤੇ ਸਰਚਾਰਜ ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ।

ਏਅਰ ਇੰਡੀਆ ਨੇ ਉਸ ਵੇਲੇ ਅੰਤਰਰਾਸ਼ਟਰੀ ਹਵਾਈ ਆਵਾਜਾਈ ਸੰਘ (ਆਈ.ਏ.ਟੀ.ਏ.) ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ 27 ਮਾਰਚ ਨੂੰ ਖ਼ਤਮ ਹੋਏ ਹਫ਼ਤੇ ਦੌਰਾਨ ਵਿਸ਼ਵ ਪੱਧਰ 'ਤੇ ਜੈੱਟ ਫਿਊਲ ਦੀ ਔਸਤ ਕੀਮਤ 195.19 ਅਮਰੀਕੀ ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ ਸੀ, ਜੋ ਫਰਵਰੀ ਦੇ ਅੰਤ ਵਿਚ 99.40 ਅਮਰੀਕੀ ਡਾਲਰ ਪ੍ਰਤੀ ਬੈਰਲ ਸੀ। ਇਸ ਤਰ੍ਹਾਂ ਜੈੱਟ ਫਿਊਲ ਦੀ ਕੀਮਤ ਵਿਚ ਲਗਪਗ 100 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਸੀ।

ਹਵਾਬਾਜ਼ੀ ਖੇਤਰ ਵਿਚ ਜੈੱਟ ਫਿਊਲ ਕਿਸੇ ਵੀ ਏਅਰਲਾਈਨ ਦੇ ਕੁੱਲ ਸੰਚਾਲਨ ਖਰਚ ਦਾ ਲਗਪਗ 40 ਤੋਂ 45 ਫ਼ੀਸਦੀ ਹਿੱਸਾ ਹੁੰਦਾ ਹੈ। ਇਸ ਲਈ ਤੇਲ ਦੀਆਂ ਕੀਮਤਾਂ ਵਿਚ ਹੋਣ ਵਾਲੇ ਬਦਲਾਅ ਦਾ ਸਿੱਧਾ ਅਸਰ ਹਵਾਈ ਟਿਕਟਾਂ ਦੀ ਲਾਗਤ ਅਤੇ ਏਅਰਲਾਈਨਾਂ ਦੇ ਖਰਚਿਆਂ 'ਤੇ ਪੈਂਦਾ ਹੈ।

# ਦੁਨੀਆਂ ਭਰ 'ਚ 2025 ਦੌਰਾਨ ਨਿੱਜੀ ਦੌਲਤ 'ਚ 10.8 ਫ਼ੀਸਦੀ ਦਾ ਵਾਧਾ ਦਰਜ

**ਵਿਨੀਪੈੱਗ, (ਪੰਜਾਬ ਮੇਲ)-** ਦੁਨੀਆਂ ਭਰ ਵਿਚ 2025 ਦੌਰਾਨ ਨਿੱਜੀ ਦੌਲਤ (ਪਰਸਨਲ ਵੈਲਥ) ਵਿਚ 10.8 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ, ਜੋ ਪਿਛਲੇ ਕਈ ਸਾਲਾਂ ਵਿਚ ਸਭ ਤੋਂ ਤੇਜ਼ ਸਾਲਾਨਾ ਵਾਧਾ ਹੈ। ਇਸੇ ਦੌਰਾਨ ਲਗਪਗ 10 ਲੱਖ ਨਵੇਂ ਅਮਰੀਕੀ ਕਰੋੜਪਤੀ (ਮਿਲੀਅਨੇਅਰ) ਬਣੇ ਅਤੇ ਦੁਨੀਆਂ ਵਿਚ ਅਜਿਹੇ ਲੋਕਾਂ ਦੀ ਕੁੱਲ ਗਿਣਤੀ 5.75 ਕਰੋੜ ਤੋਂ ਵੱਧ ਹੋ ਗਈ। ਇਹ ਖ਼ੁਲਾਸਾ ਸਵਿਟਜ਼ਰਲੈਂਡ ਦੀ ਵਿੱਤੀ ਸੰਸਥਾ ਯੂ.ਬੀ.ਐੱਸ. ਦੀ ਗਲੋਬਲ ਵੈਲਥ ਰਿਪੋਰਟ 2026 ਵਿਚ ਕੀਤਾ ਗਿਆ ਹੈ।

ਰਿਪੋਰਟ ਅਨੁਸਾਰ ਇਸ ਵਾਧੇ ਪਿੱਛੇ ਸਭ ਤੋਂ ਵੱਡਾ ਕਾਰਨ ਵਿਸ਼ਵ ਦੇ ਸ਼ੇਅਰ ਬਾਜ਼ਾਰਾਂ ਵਿਚ ਆਈ ਤੇਜ਼ੀ, ਜਾਇਦਾਦ ਦੀਆਂ ਵਧੀਆਂ ਕੀਮਤਾਂ ਅਤੇ ਵਿੱਤੀ ਸੰਪਤੀਆਂ ਦੀ ਮਜ਼ਬੂਤ ਕਾਰਗੁਜ਼ਾਰੀ ਰਹੀ। ਖ਼ਾਸ ਤੌਰ 'ਤੇ ਉੱਤਰੀ ਅਮਰੀਕਾ ਨੇ ਵਿਸ਼ਵ ਦੌਲਤ ਵਿਚ ਸਭ ਤੋਂ ਵੱਡਾ ਯੋਗਦਾਨ ਪਾਇਆ, ਜਦਕਿ ਏਸ਼ੀਆ-ਪ੍ਰਸ਼ਾਂਤ ਖੇਤਰ ਵਿਚ ਵੀ ਦੌਲਤ ਵਿਚ ਕਰੀਬ 6 ਫ਼ੀਸਦੀ ਵਾਧਾ ਦਰਜ ਕੀਤਾ ਗਿਆ।

ਰਿਪੋਰਟ ਮੁਤਾਬਕ 2025 ਦੌਰਾਨ ਦੁਨੀਆਂ ਵਿਚ ਬਣੇ ਕਰੀਬ 10 ਲੱਖ

**ਭਾਰਤੀ ਲੋਕਾਂ ਦੀ ਵੀ ਵਧ ਰਹੀ ਦੌਲਤ; ਦੌਲਤ 'ਚ ਵਾਧੇ ਦੇ ਬਾਵਜੂਦ ਮੱਧ ਵਰਗ ਦੀ ਸੰਪਤੀ 'ਚ ਆਈ ਗਿਰਾਵਟ**

ਨਵੇਂ ਮਿਲੀਅਨੇਅਰਾਂ ਵਿਚੋਂ 4.4 ਲੱਖ ਤੋਂ ਵੱਧ ਇਕੱਲੇ ਅਮਰੀਕਾ ਵਿਚ ਹਨ। ਇਸ ਦਾ ਭਾਵ ਹੈ ਕਿ ਔਸਤਨ ਹਰ ਰੋਜ਼ 1,200 ਤੋਂ ਵੱਧ ਅਮਰੀਕੀ ਇੱਕ ਮਿਲੀਅਨ ਅਮਰੀਕੀ ਡਾਲਰ ਤੋਂ ਵੱਧ ਸੰਪਤੀ ਵਾਲੇ ਵਰਗ ਵਿਚ ਸ਼ਾਮਲ ਹੋਏ। ਚੀਨ, ਜਾਪਾਨ, ਜਰਮਨੀ, ਬਰਤਾਨੀਆ ਅਤੇ ਫਰਾਂਸ ਵਿਚ ਵੀ ਮਿਲੀਅਨੇਅਰਾਂ ਦੀ ਗਿਣਤੀ ਵਿਚ ਮਹੱਤਵਪੂਰਨ ਵਾਧਾ ਦਰਜ ਕੀਤਾ ਗਿਆ, ਜਦਕਿ ਭਾਰਤ ਨੇ ਵੀ 30 ਹਜ਼ਾਰ ਤੋਂ ਵੱਧ ਨਵੇਂ ਡਾਲਰ ਕਰੋੜਪਤੀ ਜੋੜੇ।

ਪ੍ਰਤੀ ਬਾਲਗ ਔਸਤ ਸੰਪਤੀ ਦੇ ਆਧਾਰ 'ਤੇ ਸਵਿਟਜ਼ਰਲੈਂਡ ਇੱਕ ਵਾਰ ਫਿਰ ਦੁਨੀਆਂ ਦਾ ਸਭ ਤੋਂ ਅਮੀਰ ਦੇਸ਼ ਬਣਿਆ ਹੈ, ਜਿੱਥੇ ਪ੍ਰਤੀ ਬਾਲਗ ਔਸਤ ਦੌਲਤ 9.10 ਲੱਖ ਅਮਰੀਕੀ ਡਾਲਰ ਤੋਂ ਵੱਧ ਹੈ। ਅਮਰੀਕਾ 6.96 ਲੱਖ ਡਾਲਰ ਨਾਲ ਦੂਜੇ ਸਥਾਨ 'ਤੇ ਹੈ। ਇਸ ਤੋਂ ਬਾਅਦ ਲਕਜ਼ਮਬਰਗ, ਹਾਂਗਕਾਂਗ, ਆਸਟ੍ਰੇਲੀਆ, ਸਿੰਗਾਪੁਰ, ਡੈਨਮਾਰਕ, ਨਿਊਜ਼ੀਲੈਂਡ, ਨਾਰਵੇ, ਨੀਦਰਲੈਂਡ, ਬੈਲਜੀਅਮ ਅਤੇ ਸਵੀਡਨ ਦਾ ਸਥਾਨ ਹੈ। ਕੈਨੇਡਾ 3,99,886 ਅਮਰੀਕੀ ਡਾਲਰ ਦੀ ਪ੍ਰਤੀ ਬਾਲਗ ਔਸਤ ਸੰਪਤੀ ਨਾਲ 13ਵੇਂ ਸਥਾਨ 'ਤੇ ਹੈ।

ਰਿਪੋਰਟ ਦੱਸਦੀ ਹੈ ਕਿ ਅਮਰੀਕਾ ਅਤੇ ਗ੍ਰੇਟਰ ਚਾਈਨਾ (ਚੀਨ, ਹਾਂਗਕਾਂਗ ਅਤੇ ਤਾਇਵਾਨ) ਮਿਲ ਕੇ ਯੂ.ਬੀ.ਐੱਸ. ਵੱਲੋਂ ਅਧਿਐਨ ਕੀਤੀ ਗਈ ਕੁੱਲ ਨਿੱਜੀ ਦੌਲਤ ਦੇ ਅੱਧ ਤੋਂ ਵੀ ਵੱਧ ਹਿੱਸੇ 'ਤੇ ਕਬਜ਼ਾ ਰੱਖਦੇ ਹਨ। ਇਕੱਲਾ ਅਮਰੀਕਾ ਹੀ ਇਸ ਕੁੱਲ ਦੌਲਤ ਦਾ ਕਰੀਬ 36 ਫ਼ੀਸਦੀ ਹਿੱਸਾ ਰੱਖਦਾ ਹੈ, ਜਿਸ ਨਾਲ ਉਸ ਦੀ ਵਿਸ਼ਵ ਆਰਥਿਕ ਪ੍ਰਮੁੱਖਤਾ ਹੋਰ ਮਜ਼ਬੂਤ ਹੋਈ ਹੈ।

ਭਾਰਤ ਅਤੇ ਚੀਨ ਬਾਰੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਉੱਚ ਆਮਦਨ ਵਰਗ ਅਤੇ ਉਦਯੋਗਪਤੀਆਂ ਦੀ ਸੰਪਤੀ ਲਗਾਤਾਰ ਵਧ ਰਹੀ ਹੈ। ਭਾਰਤ ਵਿਚ ਨਵੇਂ ਮਿਲੀਅਨੇਅਰਾਂ ਦੀ ਗਿਣਤੀ ਵਿਚ ਉਲੇਖਣਯੋਗ ਵਾਧਾ ਹੋਇਆ ਹੈ, ਜਦਕਿ ਚੀਨ ਅਜੇ ਵੀ ਅਮਰੀਕਾ ਤੋਂ ਬਾਅਦ ਦੁਨੀਆਂ ਦੀ ਸਭ ਤੋਂ ਵੱਡੀ ਨਿੱਜੀ ਦੌਲਤ ਵਾਲੀ ਅਰਥਵਿਵਸਥਾ ਬਣਿਆ ਹੋਇਆ ਹੈ। ਚੀਨ ਵਿਚ 50 ਲੱਖ ਤੋਂ 10 ਕਰੋੜ ਡਾਲਰ ਦਰਮਿਆਨ ਸੰਪਤੀ ਵਾਲੇ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ।

ਹਾਲਾਂਕਿ ਰਿਪੋਰਟ ਵਿਚ ਇਹ ਵੀ ਚੇਤਾਵਨੀ ਦਿੱਤੀ ਗਈ ਹੈ ਕਿ ਔਸਤ ਦੌਲਤ ਵਿਚ ਤੇਜ਼ ਵਾਧੇ ਦੇ ਬਾਵਜੂਦ ਬਹੁਤ ਸਾਰੇ ਦੇਸ਼ਾਂ ਵਿਚ ਮੱਧ ਵਰਗ ਦੀ ਸੰਪਤੀ ਵਿਚ ਕਮੀ ਆਈ ਹੈ। ਇਸ ਦਾ ਅਰਥ ਹੈ ਕਿ ਦੌਲਤ ਦਾ ਵੱਡਾ ਹਿੱਸਾ ਉੱਚ ਆਮਦਨ ਵਾਲੇ ਲੋਕਾਂ ਕੋਲ ਕੇਂਦਰਿਤ ਹੋ ਰਿਹਾ ਹੈ ਅਤੇ ਆਮ ਪਰਿਵਾਰਾਂ ਨੂੰ ਇਸ ਵਾਧੇ ਦਾ ਸਮਾਨ ਲਾਭ ਨਹੀਂ ਮਿਲ ਰਿਹਾ। ਅਮਰੀਕਾ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ, ਜਿੱਥੇ ਔਸਤ ਅਤੇ ਮੱਧਮ ਸੰਪਤੀ ਵਿਚਕਾਰ ਕਾਫ਼ੀ ਵੱਡਾ ਫ਼ਰਕ ਹੈ।

ਯੂ.ਬੀ.ਐੱਸ. ਨੇ 56 ਦੇਸ਼ਾਂ ਅਤੇ ਖੇਤਰਾਂ ਦੇ ਅੰਕੜਿਆਂ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਹੈ, ਜੋ ਵਿਸ਼ਵ ਦੀ ਕੁੱਲ ਨਿੱਜੀ ਦੌਲਤ ਦੇ 92 ਫ਼ੀਸਦੀ ਤੋਂ ਵੱਧ ਹਿੱਸੇ ਦੀ ਨੁਮਾਇੰਦਗੀ ਕਰਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਵਿੱਤੀ ਬਾਜ਼ਾਰਾਂ ਵਿਚ ਮੌਜੂਦਾ ਰੁਝਾਨ ਜਾਰੀ ਰਹੇ, ਤਾਂ ਅਗਲੇ ਪੰਜ ਸਾਲਾਂ ਦੌਰਾਨ ਵਿਸ਼ਵ ਪੱਧਰ 'ਤੇ ਨਿੱਜੀ ਦੌਲਤ ਵਿਚ ਹੋਰ ਵਾਧਾ ਹੋ ਸਕਦਾ ਹੈ।

# ਜਾਪਾਨ ਭੇਜੇ ਜਾ ਰਹੇ 28.5 ਲੱਖ ਡਾਲਰ ਦੇ ਉਦਯੋਗਿਕ ਮਾਲ ਦੀ ਕਥਿਤ ਚੋਰੀ

**ਇੰਡੀਆਨਾ, (ਪੰਜਾਬ ਮੇਲ)-** ਅਮਰੀਕਾ ਦੇ ਇੰਡੀਆਨਾ ਰਾਜ ਵਿਚ ਪੁਲਿਸ ਨੇ ਲਗਭਗ 28 ਲੱਖ 57 ਹਜ਼ਾਰ 500 ਅਮਰੀਕੀ ਡਾਲਰ (ਕਰੀਬ 2.86 ਮਿਲੀਅਨ ਡਾਲਰ) ਮੁੱਲ ਦਾ ਚੋਰੀ ਹੋਇਆ ਉਦਯੋਗਿਕ ਮਾਲ ਬਰਾਮਦ ਕਰਦੇ ਹੋਏ ਕੈਲੀਫੋਰਨੀਆ ਦੇ ਇੱਕ ਟਰੱਕ ਡਰਾਈਵਰ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਿਸ ਅਨੁਸਾਰ, 31 ਸਾਲਾ ਦੀਪਕ ਕੁਮਾਰ, ਜੋ ਫਰਿਜ਼ਨੋ, ਕੈਲੀਫੋਰਨੀਆ ਦਾ ਰਹਿਣ ਵਾਲਾ ਹੈ, 'ਤੇ ਦੋਸ਼ ਹੈ ਕਿ ਉਸ ਨੇ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਪੈਨਸਿਲਵੇਨੀਆ ਤੋਂ ਲਗਭਗ 40,000 ਪੌਂਡ ਟੰਗਸਟਨ ਆਕਸਾਈਡ ਪਾਊਡਰ ਆਪਣੇ ਕਬਜ਼ੇ ਵਿਚ ਲੈ ਲਿਆ। ਇਹ ਕੀਮਤੀ ਮਾਲ ਜਾਪਾਨ ਦੀ ਮਿਤਸੁਬਿਸ਼ੀ ਮਟੀਰੀਅਲਜ਼ ਕਾਰਪੋਰੇਸ਼ਨ ਨੂੰ

**ਕੈਲੀਫੋਰਨੀਆ ਦਾ ਟਰੱਕ ਡਰਾਈਵਰ ਗ੍ਰਿਫ਼ਤਾਰ**

ਭੇਜਿਆ ਜਾਣਾ ਸੀ।

ਇਹ ਘਟਨਾ 28 ਜੂਨ ਦੀ ਸਵੇਰ ਵਾਪਰੀ, ਜਦੋਂ ਗ੍ਰੀਨਫ਼ੀਲਡ ਪੁਲਿਸ ਵਿਭਾਗ ਨੂੰ ਸੂਚਨਾ ਮਿਲੀ ਕਿ ਇੱਕ ਸ਼ੱਕੀ ਟਰੱਕ ਇੰਟਰਸਟੇਟ-70 ਰਾਹੀਂ ਪੱਛਮ ਵੱਲ ਜਾ ਰਿਹਾ ਹੈ। ਜਾਂਚ ਦੌਰਾਨ ਪੁਲਿਸ ਨੇ ਟਰੱਕ ਨੂੰ ਰੋਕ ਲਿਆ ਅਤੇ ਤਲਾਸ਼ੀ ਵਿਚ ਚੋਰੀ ਹੋਇਆ ਸਾਰਾ ਮਾਲ ਟ੍ਰੇਲਰ ਵਿਚੋਂ ਬਰਾਮਦ ਕਰ ਲਿਆ।

ਜਾਂਚ ਅਧਿਕਾਰੀਆਂ ਮੁਤਾਬਕ, ਇਹ ਮਾਲ 25 ਜੂਨ ਨੂੰ ਪੈਨਸਿਲਵੇਨੀਆ 'ਚ ਕਥਿਤ ਤੌਰ 'ਤੇ ਧੋਖਾਧੜੀ ਨਾਲ ਹਾਸਲ ਕੀਤਾ ਗਿਆ ਸੀ। ਇਸ ਤਰੀਕੇ ਨੂੰ ਟਰਾਂਸਪੋਰਟ ਉਦਯੋਗ ਵਿਚ "ਫਿਕਟੀਸ਼ਸ ਪਿਕਅੱਪ" ਕਿਹਾ ਜਾਂਦਾ ਹੈ, ਜਿਸ ਵਿਚ ਜਾਅਲੀ ਕਾਗਜ਼ਾਂ ਦੇ ਆਧਾਰ 'ਤੇ ਆਪਣੇ ਆਪ ਨੂੰ ਅਸਲੀ ਟਰਾਂਸਪੋਰਟ ਕੰਪਨੀ ਦੱਸ ਕੇ ਮਾਲ ਚੁੱਕ ਲਿਆ ਜਾਂਦਾ ਹੈ।

ਦੀਪਕ ਕੁਮਾਰ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰਕੇ ਹੈਨਕਾਕ ਕਾਊਂਟੀ ਜੇਲ੍ਹ ਭੇਜ ਦਿੱਤਾ ਗਿਆ। ਟਰੱਕ ਅਤੇ ਟ੍ਰੇਲਰ ਨੂੰ ਸਬੂਤ ਵਜੋਂ ਜ਼ਬਤ ਕਰ ਲਿਆ ਗਿਆ ਹੈ। ਬਾਅਦ ਵਿਚ ਮਿਤਸੁਬਿਸ਼ੀ ਮਟੀਰੀਅਲਜ਼ ਦਾ ਇੱਕ ਨੁਮਾਇੰਦਾ ਗ੍ਰੀਨਫ਼ੀਲਡ ਪਹੁੰਚਿਆ ਅਤੇ ਬਰਾਮਦ ਕੀਤਾ ਗਿਆ ਮਾਲ ਆਪਣੇ ਕਬਜ਼ੇ ਵਿਚ ਲੈ ਲਿਆ।

ਪੈਨਸਿਲਵੇਨੀਆ ਵਿਚ ਦੀਪਕ ਕੁਮਾਰ ਖ਼ਿਲਾਫ਼ ਚੋਰੀ ਅਤੇ ਸੰਚਾਰ ਸਹੂਲਤ ਦੀ ਅਪਰਾਧਿਕ ਵਰਤੋਂ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਇੰਡੀਆਨਾ ਦੇ ਸਰਕਾਰੀ ਵਕੀਲ ਵੀ ਇਹ ਵੇਖ ਰਹੇ ਹਨ ਕਿ ਕੀ ਉਸ ਖ਼ਿਲਾਫ਼ ਉੱਥੇ ਵੀ ਹੋਰ ਅਪਰਾਧਿਕ ਦੋਸ਼ ਲਗਾਏ ਜਾ ਸਕਦੇ ਹਨ।

ਟੰਗਸਟਨ ਆਕਸਾਈਡ ਇੱਕ ਮਹੱਤਵਪੂਰਨ ਉਦਯੋਗਿਕ ਰਸਾਇਣ ਹੈ, ਜਿਸ ਦੀ ਵਰਤੋਂ ਟੰਗਸਟਨ ਧਾਤ, ਉੱਚ-ਗੁਣਵੱਤਾ ਕੋਟਿੰਗਾਂ ਅਤੇ ਇਲੈਕਟ੍ਰਾਨਿਕ ਉਪਕਰਣਾਂ ਦੇ ਨਿਰਮਾਣ ਵਿਚ ਕੀਤੀ ਜਾਂਦੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਚੋਰੀ ਸਿਰਫ਼ ਵੱਡਾ ਆਰਥਿਕ ਨੁਕਸਾਨ ਹੀ ਨਹੀਂ ਪਹੁੰਚਾਉਂਦੀ, ਸਗੋਂ ਅੰਤਰਰਾਸ਼ਟਰੀ ਸਪਲਾਈ ਚੇਨ ਨੂੰ ਵੀ ਪ੍ਰਭਾਵਿਤ ਕਰਦੀ ਹੈ।

ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਹੋਰ ਗ੍ਰਿਫ਼ਤਾਰੀਆਂ ਜਾਂ ਵਾਧੂ ਦੋਸ਼ਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਵੱਡੀ ਪੱਧਰ 'ਤੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ, ਤਾਂ ਜੋ ਇਹ ਲੋੜਵੰਦ ਮਰੀਜ਼ ਦਵਾਈਆਂ ਖਰੀਦਣ ਉਪਰੰਤ ਆਪਣਾ-ਆਪਣਾ ਇਲਾਜ ਕਰਵਾ ਸਕਣ।



ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ. ਰਾਜਿੰਦਰ ਸਿੰਘ ਅਟਵਾਲ ਸਲਾਹਕਾਰ ਮੈਡੀਕਲ ਸੇਵਾਵਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸ੍ਰੀ ਮੁਕਤਸਰ ਸਾਹਿਬ ਵਿਖੇ 20 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ 30 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਨ੍ਹਾਂ ਮਰੀਜ਼ਾਂ ਕੋਲ ਡਾਕਟਰ ਦੀ ਲਿਖੀ ਹੋਈ ਪਰਚੀ ਤਾਂ ਹੈ ਪ੍ਰੰਤੂ ਦਵਾਈਆਂ ਖਰੀਦਣ ਲਈ ਪੈਸੇ ਨਹੀਂ ਹਨ, ਇਨ੍ਹਾਂ ਹਾਲਤਾਂ ਵਿਚ ਅਕਸਰ ਹੀ ਇਹ ਮਰੀਜ਼ ਵਿੱਤੀ ਹਾਲਾਤ ਮਾੜੇ ਹੋਣ ਕਾਰਨ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।

ਪਰ ਸਮੇਂ-ਸਮੇਂ ਇਨ੍ਹਾਂ ਦੀ ਬਾਂਹ ਡਾਕਟਰ ਐੱਸ.ਪੀ. ਸਿੰਘ ਓਬਰਾਏ ਫੜਦੇ ਹਨ ਅਤੇ ਦਵਾਈਆਂ ਖਰੀਦਣ ਲਈ ਵਿੱਤੀ ਸਹਾਇਤਾ ਰਾਸ਼ੀ ਦਿੰਦੇ ਹਨ।

ਵਿੱਤੀ ਸਹਾਇਤਾ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਨਿਰੋਗ ਜੀਵਨ ਜਿਊਣ ਦੇ ਲਾਇਕ ਹੋਵਾਂਗੇ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮਨਾਥ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਸੁਖਬੀਰ ਸਿੰਘ ਜੈਲਦਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਗੁਰਜੀਤ ਸਿੰਘ ਜੀਤਾ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ ਆਦਿ ਹਾਜ਼ਰ ਸਨ।

# ਵਿਵਾਦਿਤ ਵੀਡੀਓ ਮਾਮਲਾ : ਸ਼੍ਰੋਮਣੀ ਕਮੇਟੀ ਵੱਲੋਂ ਮੁੱਖ ਮੰਤਰੀ ਖਿਲਾਫ਼ ਪੰਜਾਬ ਪੁਲਿਸ ਕੋਲ ਲਿਖਤੀ ਸ਼ਿਕਾਇਤ

**ਚੰਡੀਗੜ੍ਹ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਵਾਦਿਤ ਵੀਡੀਓ ਦੇ ਮਾਮਲੇ 'ਚ ਡੀ.ਜੀ.ਪੀ. ਪੰਜਾਬ ਨੂੰ ਲਿਖਤੀ ਸ਼ਿਕਾਇਤ ਸੌਂਪ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖ਼ਿਲਾਫ਼ ਪਰਚਾ ਦਰਜ ਕੀਤੇ ਜਾਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਉੱਚ ਪੱਧਰੀ ਵਫ਼ਦ ਨੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਏ.ਐੱਸ. ਰਾਏ ਇਹ ਸ਼ਿਕਾਇਤ ਦੇ ਕੇ ਮੁੱਖ ਮੰਤਰੀ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।

ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਵਿਵਾਦਿਤ ਵੀਡੀਓ ਕਾਰਨ ਦੇਸ਼ ਵਿਦੇਸ਼ 'ਚ ਵੱਸਦੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜੀ ਹੈ। ਵਫ਼ਦ ਨੇ ਕਿਹਾ ਕਿ ਇਸ ਗੰਭੀਰ ਮਾਮਲੇ ਨੂੰ ਦਬਾਉਣ ਲਈ ਕਥਿਤ ਤੌਰ 'ਤੇ ਜਾਅਲੀ ਫੋਰੈਂਸਿਕ ਰਿਪੋਰਟ ਤਿਆਰ ਕਰਵਾਉਣ ਦੀ ਵੀ ਸਾਜ਼ਿਸ਼ ਰਚੀ ਗਈ, ਜਿਸ ਸਬੰਧੀ ਹਰਿਆਣਾ 'ਚ ਗੁਰੂ ਗ੍ਰਾਮ ਦੇ ਡੀ.ਐੱਲ.ਐੱਫ. ਥਾਣੇ ਵਿਚ ਸਬੰਧਿਤ ਵਿਅਕਤੀਆਂ ਵਿਰੁੱਧ ਐੱਫ.ਆਈ.ਆਰ. ਵੀ ਦਰਜ ਹੋ ਚੁੱਕੀ ਹੈ।



ਵਫ਼ਦ ਨੇ ਮੰਗ ਕੀਤੀ ਕਿ ਇਹ ਬੇਹੱਦ ਗੰਭੀਰ ਮਾਮਲਾ ਹੈ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖ਼ਿਲਾਫ਼ ਤੁਰੰਤ ਐੱਫ.ਆਈ.ਆਰ. ਦਰਜ ਕਰਕੇ ਨਿਰਪੱਖ ਜਾਂਚ ਕੀਤੀ ਜਾਵੇ ਅਤੇ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ, ਤਾਂ ਜੋ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਅਤੇ ਕਾਨੂੰਨ ਦੀ ਮਰਿਆਦਾ ਬਰਕਰਾਰ ਰਹੇ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਡੀ.ਜੀ.ਪੀ. ਦਫ਼ਤਰ ਦੇ ਬਾਹਰ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ 27 ਜੂਨ 2026 ਨੂੰ ਹੋਈ ਜਰਨਲ ਇਕੱਤਰਤਾ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਅੰਤ੍ਰਿੰਗ ਕਮੇਟੀ ਨੂੰ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। ਉਸੇ ਮਤੇ ਦੇ ਮੱਦੇਨਜ਼ਰ ਡੀ.ਜੀ.ਪੀ. ਪੰਜਾਬ ਦੇ ਨਾਂ ਸ਼ਿਕਾਇਤ ਸੌਂਪੀ ਗਈ ਹੈ। ਮੁੱਖ ਸਕੱਤਰ ਨੇ ਕਿਹਾ ਕਿ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਮਾਮਲਾ ਜੁੜਿਆ ਹੋਣ ਕਰਕੇ ਕਾਨੂੰਨ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

# ਸੀ.ਬੀ.ਆਈ. ਵੱਲੋਂ ਮੁਅੱਤਲ ਡੀ.ਆਈ.ਜੀ. ਭੁੱਲਰ ਅਤੇ ਕ੍ਰਿਸ਼ਨੂ ਸ਼ਾਰਦਾ ਵੱਲੋਂ ਦਾਇਰ ਡਿਸਚਾਰਜ ਅਰਜ਼ੀਆਂ ਦਾ ਵਿਰੋਧ

**ਚੰਡੀਗੜ੍ਹ, (ਪੰਜਾਬ ਮੇਲ)**- ਪਿਛਲੇ ਸਾਲ ਦਰਜ ਹੋਏ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ 'ਚ ਪੰਜਾਬ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਕਥਿਤ ਸਾਥੀ ਕ੍ਰਿਸ਼ਾਨੂ ਸ਼ਾਰਦਾ ਨੇ ਖੁਦ ਨੂੰ ਕੇਸ ਵਿਚੋਂ ਮੁਕਤ (ਡਿਸਚਾਰਜ) ਕਰਨ ਲਈ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਿਚ ਅਰਜ਼ੀਆਂ ਲਗਾਈਆਂ ਸਨ, ਜਿਨ੍ਹਾਂ ਦਾ ਸੀ.ਬੀ.ਆਈ. ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਹੈ।

ਭੁੱਲਰ ਦੇ ਵਕੀਲ ਐੱਸ.ਪੀ.ਐੱਸ. ਭੁੱਲਰ ਨੇ ਦਲੀਲ ਦਿੱਤੀ ਕਿ ਕਾਨੂੰਨ ਦੇ ਤਹਿਤ ਸੀ.ਬੀ.ਆਈ. ਕੋਲ ਉਨ੍ਹਾਂ ਦੇ ਖ਼ਿਲਾਫ਼ ਮਾਮਲਾ ਦਰਜ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਵਕੀਲ ਨੇ ਦਲੀਲ ਦਿੱਤੀ ਕਿ ਸੀ.ਬੀ.ਆਈ. ਵੱਲੋਂ ਲਗਾਏ ਗਏ ਦੋਸ਼ਾਂ ਦੇ ਉਲਟ, ਰਿਸ਼ਵਤ ਮੰਗਣ ਜਾਂ ਲੈਣ ਦਾ ਕੋਈ ਵੀ ਸਬੂਤ ਨਹੀਂ ਹੈ। ਉਨ੍ਹਾਂ ਕਿਹਾ ਕਿ ਇੱਥੋਂ ਤੱਕ ਕਿ ਸੀ.ਐੱਫ.ਐੱਸ.ਐੱਲ. ਦੀ ਰਿਪੋਰਟ ਵਿਚ ਵੀ ਇਹ ਪੱਕੇ ਤੌਰ ਉੱਤੇ ਸਾਬਤ ਨਹੀਂ ਹੋਇਆ ਕਿ ਵੌਇਸ ਰਿਕਾਰਡਿੰਗ ਮੁਲਜ਼ਮ ਦੀ ਹੀ ਸੀ। ਉੱਥੇ ਹੀ ਸੀ.ਬੀ.ਆਈ. ਦੇ ਸਰਕਾਰੀ ਵਕੀਲ ਨਰਿੰਦਰ ਸਿੰਘ ਨੇ ਦਲੀਲ ਦਿੱਤੀ ਕਿ ਜਾਂਚ ਵਿਚ ਇਹ ਸਾਬਤ ਹੋਇਆ ਹੈ ਕਿ ਮੁਲਜ਼ਮ ਭੁੱਲਰ ਨੇ ਡੀ.ਆਈ.ਜੀ. ਰੋਪੜ ਰੇਂਜ ਵਜੋਂ ਤਾਇਨਾਤ ਰਹਿਣ ਦੌਰਾਨ ਸ਼ਾਰਦਾ ਨਾਲ ਇੱਕ ਅਪਰਾਧਿਕ ਸਾਜ਼ਿਸ਼ ਰਚੀ ਸੀ, ਜਿਸ ਨੇ ਸ਼ਿਕਾਇਤਕਰਤਾ ਬੱਤਾ ਤੋਂ ਨਾਜਾਇਜ਼ ਰਿਸ਼ਵਤ ਮੰਗਣ ਅਤੇ ਸਵੀਕਾਰ ਕਰਨ ਲਈ ਉਨ੍ਹਾਂ ਦੇ ਵਿਚੋਲੇ ਵਜੋਂ ਕੰਮ ਕੀਤਾ ਸੀ।

# ਪਾਕਿਸਤਾਨ ਦੇ ਫਰੂਕਾਬਾਦ 'ਚ ਗੁਰਦੁਆਰਾ ਸਾਹਿਬ ਦੀ ਇਮਾਰਤ ਢਾਹੇ ਜਾਣ ਦਾ ਐਡਵੋਕੇਟ ਧਾਮੀ ਵੱਲੋਂ ਸਖਤ ਨੋਟਿਸ

**ਅੰਮ੍ਰਿਤਸਰ, (ਪੰਜਾਬ ਮੇਲ)**- ਪਾਕਿਸਤਾਨ ਅੰਦਰ ਜ਼ਿਲ੍ਹਾ ਸ਼ੇਖੂਪੁਰਾ ਦੇ ਫਰੂਕਾਬਾਦ 'ਚ ਸਥਿਤ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਇੱਕ ਹਿੱਸੇ ਨੂੰ ਕੁਝ ਲੋਕਾਂ ਵੱਲੋਂ ਢਾਹ ਕੇ ਜਾਇਦਾਦ ਹਥਿਆਉਣ ਦੀ ਘਟਨਾ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨੋਟਿਸ ਲੈਂਦਿਆਂ ਪਾਕਿਸਤਾਨ ਸਰਕਾਰ ਨੂੰ ਸਿੱਖ ਵਿਰਾਸਤਾਂ ਦੀ ਸੰਭਾਲ ਯਕੀਨੀ ਬਣਾਉਣ ਲਈ ਆਖਿਆ ਹੈ।

**▪ ਕਿਹਾ; ਪਾਕਿਸਤਾਨ ਸਰਕਾਰ ਸਿੱਖ ਵਿਰਾਸਤਾਂ ਦੀ ਸੰਭਾਲ ਯਕੀਨੀ ਬਣਾਵੇ ਤੇ ਦੋਸ਼ੀਆਂ ਖਿਲਾਫ਼ ਕਰੇ ਸਖਤ ਕਾਰਵਾਈ**



ਐਡਵੋਕੇਟ ਧਾਮੀ ਨੇ ਕਿਹਾ ਕਿ ਪਾਕਿਸਤਾਨ ਅੰਦਰ ਸਿੱਖ ਇਤਿਹਾਸ ਨਾਲ ਸਬੰਧਤ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਅਤੇ ਵਿਰਾਸਤਾਂ ਮੌਜੂਦ ਹਨ, ਜਿਨ੍ਹਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਉਥੋਂ ਦੀ ਸਰਕਾਰ ਦੀ ਹੈ। ਉਨ੍ਹਾਂ ਕਿਹਾ ਕਿ ਮਿਲੀ ਜਾਣਕਾਰੀ ਅਨੁਸਾਰ ਫਰੂਖਾਬਾਦ ਦੀ ਮੰਡੀ ਸਕਰਾਨਾ ਵਿਚ ਕੁਝ ਲੋਕਾਂ ਨੇ ਗੁਰਦੁਆਰਾ ਸਾਹਿਬ ਦੀ ਜਾਇਦਾਦ ਨੂੰ ਹਥਿਆਉਣ ਲਈ ਅਜਿਹੀ ਘਿਨਾਉਣੀ ਹਰਕਤ ਕੀਤੀ ਹੈ। ਇਹ ਗੁਰਦੁਆਰਾ ਸਾਹਿਬ ਸਿੰਘ ਸਭਾ ਲਹਿਰ ਦੇ ਸਮੇਂ ਦਾ ਇਤਿਹਾਸਕ ਅਸਥਾਨ ਹੈ, ਜਿਸ ਨਾਲ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਯਾਦਾਂ ਜੁੜੀਆਂ ਹੋਈਆਂ ਹਨ। ਅਜਿਹੇ ਅਸਥਾਨਾਂ ਦੀ ਸੰਭਾਲ ਅਤੇ ਸੁਰੱਖਿਆ ਕਰਨਾ ਸਥਾਨਕ ਪ੍ਰਸ਼ਾਸਨ ਤੇ ਸਰਕਾਰ ਦੀ ਜ਼ਿੰਮੇਵਾਰੀ ਹੈ, ਨਾ ਕਿ ਉਨ੍ਹਾਂ ਨੂੰ ਢਾਹ ਕੇ ਇਤਿਹਾਸਕ ਵਿਰਾਸਤ ਨੂੰ ਮਿਟਾਇਆ ਜਾਵੇ।

ਐਡਵੋਕੇਟ ਧਾਮੀ ਨੇ ਪਾਕਿਸਤਾਨ ਸਰਕਾਰ ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਤੁਰੰਤ ਅਤੇ ਨਿਰਪੱਖ ਜਾਂਚ ਕਰਵਾ ਕੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਗੁਰਦੁਆਰਾ ਸਾਹਿਬ ਦੀ ਇਤਿਹਾਸਕ ਪਹਿਚਾਣ ਨੂੰ ਬਰਕਰਾਰ ਰੱਖਦਿਆਂ ਇਸ ਦੀ ਮੁੜ ਉਸਾਰੀ ਅਤੇ ਸੰਭਾਲ ਲਈ ਢੁੱਕਵੇਂ ਕਦਮ ਚੁੱਕੇ ਜਾਣ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਸਥਿਤ ਗੁਰੂ ਸਾਹਿਬਾਨ ਨਾਲ ਸਬੰਧਤ ਗੁਰਦੁਆਰੇ ਅਤੇ ਹੋਰ ਸਿੱਖ ਵਿਰਾਸਤੀ ਅਸਥਾਨ ਵਿਸ਼ਵ ਭਰ ਦੀ ਸੰਗਤ ਦੀ ਆਸਥਾ ਦਾ ਕੇਂਦਰ ਹਨ। ਇਨ੍ਹਾਂ ਦੀ ਸੁਰੱਖਿਆ ਲਈ ਠੋਸ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਭਵਿੱਖ ਵਿਚ ਇਸ ਤਰ੍ਹਾਂ ਦੀ ਕੋਈ ਵੀ ਘਟਨਾ ਦੁਬਾਰਾ ਨਾ ਵਾਪਰੇ।

# ਸ੍ਰੀ ਅਕਾਲ ਤਖਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸਮਾਗਮ





**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ ਹੋਇਆ, ਜਿਸ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਸਰਵਨ ਕਰਵਾਇਆ ਅਤੇ ਸੰਗਤਾਂ ਨਾਲ ਇਤਿਹਾਸ ਦੀ ਸਾਂਝ ਵੀ ਪਾਈ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਬੋਧਨ ਕਰਦਿਆਂ ਸੰਗਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ ਸਪੱਸ਼ਟ ਕੀਤਾ ਕਿ ਜਦੋਂ ਸੰਸਾਰਕ ਤਖ਼ਤ ਇਨਸਾਫ਼ ਦੇਣ ਤੋਂ ਇਨਕਾਰੀ ਹੋ ਜਾਣ, ਤਾਂ ਗੁਰੂ ਦਾ ਤਖ਼ਤ ਸਦਾ ਸੱਚ, ਧਰਮ ਅਤੇ ਇਨਸਾਫ਼ ਦਾ ਕੇਂਦਰ ਬਣ ਕੇ ਮਨੁੱਖਤਾ ਦੀ ਅਗਵਾਈ ਕਰੇਗਾ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਿਨ੍ਹਾਂ ਵੀ ਹਾਕਮਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਚੁਣੌਤੀ ਦਿੱਤੀ, ਉਹ ਸਮੇਂ ਦੀ ਧੂੜ ਬਣ ਗਏ, ਪਰ ਗੁਰੂ ਦਾ ਇਹ ਸੱਚਾ ਤਖ਼ਤ ਸਦਾ ਅਡੋਲ ਰਿਹਾ ਹੈ ਅਤੇ ਅੱਗੇ ਵੀ ਰਹੇਗਾ।

# ਮਜੀਠਾ ਪੁਲਿਸ ਥਾਣੇ ਦੇ ਮਾਮਲੇ 'ਚ ਬਿਕਰਮ ਮਜੀਠੀਆ ਨੂੰ ਮਿਲੀ ਪੱਕੀ ਜ਼ਮਾਨਤ

**ਮਜੀਠਾ, (ਪੰਜਾਬ ਮੇਲ)**- ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਸੰਬੰਧਤ ਐੱਫ.ਆਈ.ਆਰ. ਨੰਬਰ 91 ਦੇ ਮਾਮਲੇ 'ਚ ਅਦਾਲਤ ਅੰਦਰ ਸੁਣਵਾਈ ਹੋਈ। ਸੁਣਵਾਈ ਦੌਰਾਨ ਮਜੀਠੀਆ ਦੀ ਪੱਖੋਂ ਉਨ੍ਹਾਂ ਦੇ ਵਕੀਲ ਅਰਸ਼ਦੀਪ ਸਿੰਘ ਕਲੇਰ ਅਦਾਲਤ ਵਿਚ ਪੇਸ਼ ਹੋਏ। ਹੁਣ ਬਿਕਰਮ ਸਿੰਘ ਮਜੀਠੀਆ ਦੇ ਮਾਮਲੇ ਨੂੰ ਲੈ ਕੇ ਵੱਡਾ ਅਪਡੇਟ ਸਾਹਮਣੇ ਆਈ ਹੈ। ਅਦਾਲਤ ਨੇ ਮਜੀਠਾ ਪੁਲਿਸ ਸਟੇਸ਼ਨ ਮਾਮਲੇ 'ਚ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦੇ ਦਿੱਤੀ ਹੈ। ਅੰਮ੍ਰਿਤਸਰ ਜ਼ਿਲ੍ਹਾ ਅਦਾਲਤ ਨੇ ਪਹਿਲਾਂ ਉਨ੍ਹਾਂ ਨੂੰ ਅੰਤਰਿਮ ਜ਼ਮਾਨਤ ਦਿੱਤੀ ਸੀ। ਹੁਣ ਉਨ੍ਹਾਂ ਨੂੰ ਪੱਕੀ ਜ਼ਮਾਨਤ ਦੇ ਦਿੱਤੀ ਗਈ ਹੈ।



ਜ਼ਿਕਰਯੋਗ ਹੈ ਕਿ ਮਜੀਠਾ ਪੁਲਿਸ ਥਾਣੇ 'ਤੇ ਕਥਿਤ ਹਮਲੇ ਦੇ ਮਾਮਲੇ 'ਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਉਨ੍ਹਾਂ ਦੇ ਸਾਥੀਆਂ ਦੀ ਪੱਕੀ ਜ਼ਮਾਨਤ ਦੀ ਅਰਜ਼ੀ 'ਤੇ ਅਦਾਲਤ ਨੇ ਸੁਣਵਾਈ ਕਰਦਿਆਂ ਫ਼ੈਸਲਾ ਸੁਣਾਇਆ ਹੈ। ਦੱਸ ਦੇਈਏ ਕਿ ਬੀਤੇ ਦਿਨੀਂ ਅਦਾਲਤ 'ਚ ਪੱਕੀ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਹੋਈ ਸੀ। ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਨੂੰ ਸੁਣਿਆ ਹੈ ਅਤੇ ਸ਼ਾਮ ਵੇਲੇ ਇਸ ਕੇਸ ਸਬੰਧੀ ਫ਼ੈਸਲੇ ਨੂੰ 4 ਜੁਲਾਈ ਲਈ ਰਾਖਵਾਂ ਰੱਖ ਲਿਆ ਸੀ। ਇਸ ਤੋਂ ਪਹਿਲਾਂ ਮਜੀਠੀਆ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਇਸ ਮਾਮਲੇ 'ਚ ਅਗਾਊਂ ਜ਼ਮਾਨਤ ਮਿਲ ਚੁੱਕੀ ਹੈ। ਹੁਣ ਅਦਾਲਤ ਵਿਚ ਪੱਕੀ ਜ਼ਮਾਨਤ ਵਾਸਤੇ ਅਰਜ਼ੀ ਦਾਇਰ ਕੀਤੀ ਗਈ ਸੀ।

ਦੱਸਣਯੋਗ ਹੈ ਕਿ ਇਹ ਘਟਨਾ ਨਗਰ ਪੰਚਾਇਤ ਨਗਰ ਨਗਰ ਕੌਂਸਲ ਦੀਆਂ ਚੋਣਾਂ ਦੌਰਾਨ ਵਾਪਰੀ ਸੀ। ਅਕਾਲੀ ਦਲ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦਾ ਇਕ ਸਮਰਥਕ ਪੁਲਿਸ ਵੱਲੋਂ ਜਬਰੀ ਚੁੱਕ ਲਿਆ ਗਿਆ, ਜਿਸ ਨੂੰ ਨਾਜਾਇਜ਼ ਪੁਲਿਸ ਹਿਰਾਸਤ 'ਚ ਰੱਖਿਆ ਗਿਆ ਹੈ। ਜਿਸ ਦੀ ਰਿਹਾਈ ਵਾਸਤੇ ਥਾਣੇ ਦੇ ਬਾਹਰ ਧਰਨਾ ਦਿੱਤਾ ਗਿਆ ਸੀ। ਧਰਨੇ ਦੌਰਾਨ ਹੀ ਇਹ ਘਟਨਾ ਵਾਪਰੀ ਸੀ ਅਤੇ ਪੁਲਿਸ ਵੱਲੋਂ ਥਾਣੇ 'ਤੇ ਕਥਿਤ ਹਮਲੇ ਦਾ ਦੋਸ਼ ਲਾਇਆ ਗਿਆ ਸੀ।

# 300 ਸਾਲ ਪੁਰਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੱਥ-ਲਿਖਤ ਸਰੂਪ ਦੇ ਦਰਸ਼ਨਾਂ ਦੀਆਂ ਤਿਆਰੀਆਂ

**ਸਕਾਟਲੈਂਡ, (ਪੰਜਾਬ ਮੇਲ)-** ਸਕਾਟਲੈਂਡ 'ਚ ਸੰਭਾਲ ਕੇ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਰੀਬ 300 ਸਾਲ ਪੁਰਾਣੇ ਹੱਥ-ਲਿਖਤ ਸਰੂਪ ਦੇ ਸੰਗਤ ਲਈ ਦਰਸ਼ਨਾਂ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸ ਸਬੰਧੀ ਐਡਿਨਬਰਗ ਸਥਿਤ ਭਾਰਤੀ ਵਾਣਜ ਦੂਤਾਵਾਸ ਦੀ ਟੀਮ ਨੇ ਐਡਿਨਬਰਗ ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਐਡਿਨਬਰਗ ਤੇ ਗਲਾਸਗੋ ਦੇ ਗੁਰਦੁਆਰਾ ਨੁਮਾਇੰਦਿਆਂ ਨਾਲ ਇੱਕ ਤਾਲਮੇਲ ਬੈਠਕ ਕੀਤੀ।



ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 300 ਸਾਲ ਪੁਰਾਣੀ ਹੱਥ-ਲਿਖਤ।

ਭਾਰਤੀ ਵਾਣਜ ਦੂਤਾਵਾਸ ਨੇ ਦੱਸਿਆ ਕਿ ਇਸ ਬੈਠਕ ਦਾ ਉਦੇਸ਼ ਗਲਾਸਗੋ ਦੇ ਸੈਂਟਰਲ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਇਤਿਹਾਸਕ ਹੱਥ-ਲਿਖਤ ਸਰੂਪ ਦੇ ਦਰਸ਼ਨਾਂ ਲਈ ਲੋੜੀਂਦੇ ਪ੍ਰਬੰਧਾਂ ਨੂੰ ਅੰਤਿਮ ਰੂਪ ਦੇਣਾ ਸੀ।

ਇਹ ਪਾਵਨ ਸਰੂਪ ਸਾਲ 2020 ਵਿਚ ਐਡਿਨਬਰਗ ਯੂਨੀਵਰਸਿਟੀ ਦੇ ਅਭਿਲੇਖਾਗਾਰ ਵਿਚ ਮਿਲਿਆ ਸੀ। ਇਸ ਤੋਂ ਬਾਅਦ ਇਸ ਦੀ ਵਿਗਿਆਨਕ ਢੰਗ ਨਾਲ ਮੁਰੰਮਤ, ਸੰਭਾਲ ਅਤੇ ਸੰਰੱਖਣ ਦਾ ਕੰਮ ਕੀਤਾ ਗਿਆ। ਭਾਰਤੀ ਵਣਜ ਦੂਤਾਵਾਸ ਨੇ ਇਸ ਨੂੰ ਸਾਂਝੀ ਧਾਰਮਿਕ ਅਤੇ ਇਤਿਹਾਸਕ ਵਿਰਾਸਤ ਦੀ ਸੰਭਾਲ ਵੱਲ ਇੱਕ ਮਹੱਤਵਪੂਰਨ ਕਦਮ ਕਰਾਰ ਦਿੱਤਾ ਹੈ।

ਇਸ ਹੱਥ-ਲਿਖਤ ਸਰੂਪ ਨੂੰ ਪਹਿਲੀ ਵਾਰ ਪਿਛਲੇ ਸਾਲ ਨਵੰਬਰ ਵਿਚ ਐਡਿਨਬਰਗ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਖੇ ਸੰਗਤ ਦੇ ਦਰਸ਼ਨਾਂ ਲਈ ਰੱਖਿਆ ਗਿਆ ਸੀ। ਦੂਤਾਵਾਸ ਨੇ ਇਸ ਨੂੰ ਆਸਥਾ, ਵਿਰਾਸਤ ਅਤੇ ਭਾਈਚਾਰੇ ਨੂੰ ਜੋੜਨ ਵਾਲਾ ਇਤਿਹਾਸਕ ਪਲ ਦੱਸਦਿਆਂ ਐਡਿਨਬਰਗ ਗੁਰਦੁਆਰਾ, ਸਿੱਖ ਸੰਜੋਗ ਅਤੇ ਐਡਿਨਬਰਗ ਯੂਨੀਵਰਸਿਟੀ ਦਾ ਧੰਨਵਾਦ ਕੀਤਾ।

ਐਡਿਨਬਰਗ ਯੂਨੀਵਰਸਿਟੀ ਅਨੁਸਾਰ ਇਹ ਸਰੂਪ ਉੱਥੇ ਸੁਰੱਖਿਅਤ ਰੱਖੇ ਗਏ ਤਿੰਨ ਸਿੱਖ ਧਰਮ ਗ੍ਰੰਥਾਂ ਵਿਚੋਂ ਇੱਕ ਹੈ। ਯੂਨੀਵਰਸਿਟੀ ਮੁਤਾਬਕ ਇਹ ਸਰੂਪ ਪਹਿਲਾਂ ਸਿੱਖ ਸਾਮਰਾਜ ਦੇ ਦੂਜੇ ਮਹਾਰਾਜਾ ਖੜਕ ਸਿੰਘ ਦੇ ਕੋਲ ਸੀ। ਸਾਲ 1848 ਵਿਚ ਦੱਲੇਵਾਲਾ ਕਿਲ੍ਹੇ 'ਤੇ ਕਬਜ਼ੇ ਤੋਂ ਬਾਅਦ ਇਹ ਬਰਤਾਨਵੀ ਅਧਿਕਾਰੀਆਂ ਦੇ ਹੱਥ ਲੱਗਾ ਅਤੇ ਬਾਅਦ ਵਿਚ ਸਰ ਜੌਨ ਸਪੈਂਸਰ ਲੋਗਿਨ ਨੇ ਇਸ ਨੂੰ ਐਡਿਨਬਰਗ ਯੂਨੀਵਰਸਿਟੀ ਨੂੰ ਦਾਨ ਕਰ ਦਿੱਤਾ। ਇਹ ਉਹੀ ਅਧਿਕਾਰੀ ਸਨ, ਜੋ ਕੋਹਿਨੂਰ ਹੀਰਾ ਮਹਾਰਾਣੀ ਵਿਕਟੋਰੀਆ ਕੋਲ ਲੈ ਕੇ ਗਏ ਸਨ। ਯੂਨੀਵਰਸਿਟੀ ਵਿਚ ਇਹ ਪਾਵਨ ਸਰੂਪ 175 ਸਾਲਾਂ ਤੋਂ ਵੱਧ ਸਮੇਂ ਤੋਂ ਮੌਜੂਦ ਹੈ, ਪਰ ਇਸ ਦੇ ਇਤਿਹਾਸ ਅਤੇ ਮਹੱਤਵ ਬਾਰੇ ਵਿਸਥਾਰ ਨਾਲ ਖੋਜ ਦਾ ਕੰਮ ਸਾਲ 2020 ਵਿਚ ਇਸ ਦੀ ਮੁੜ ਪਛਾਣ ਹੋਣ ਤੋਂ ਬਾਅਦ ਹੀ ਸ਼ੁਰੂ ਕੀਤਾ ਗਿਆ।

## ਬਰੈਂਪਟਨ 'ਚ ਅਦਾਲਤ ਵੱਲੋਂ ਗੋਲੀਬਾਰੀ ਕਰਨ ਵਾਲਾ ਪੰਜਾਬੀ ਨੂੰ ਜ਼ਮਾਨਤ ਦੇਣ ਤੋਂ ਨਾਂਹ: ਜੇਲ੍ਹ ਭੇਜਿਆ

**ਵੈਨਕੂਵਰ, (ਪੰਜਾਬ ਮੇਲ)-** ਬਰੈਂਪਟਨ 'ਚ ਫਿਰੌਤੀ ਲਈ ਦੋ ਵਾਰ ਗੋਲੀਬਾਰੀ ਕਰਨ ਅਤੇ ਇੱਕ ਵਿਅਕਤੀ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ਾਂ ਦਾ



ਸਾਹਮਣਾ ਕਰ ਰਹੇ 22 ਸਾਲਾ ਸਫਲਦੀਪ ਸਿੰਘ ਨੂੰ ਅਦਾਲਤ ਵੱਲੋਂ ਜ਼ਮਾਨਤ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਗਈ ਹੈ, ਜਿਸ ਤੋਂ ਬਾਅਦ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪੀਲ ਪੁਲਿਸ ਦੇ ਉਪ ਮੁੱਖੀ ਨਿੱਕ ਮਿਲੀਨੋਵਿਚ ਨੇ ਦੱਸਿਆ ਕਿ ਮੁਲਜ਼ਮ 21 ਅਪ੍ਰੈਲ ਅਤੇ 6 ਮਈ ਨੂੰ ਬਰੈਂਪਟਨ ਦੇ ਕਾਰੋਬਾਰੀਆਂ ਨੂੰ ਫਿਰੌਤੀ ਵਾਸਤੇ ਡਰਾਉਣ ਲਈ ਗੋਲੀਬਾਰੀ ਕਰਕੇ ਫਰਾਰ ਹੋ ਗਿਆ ਸੀ। 6 ਮਈ ਵਾਲੀ ਗੋਲੀਬਾਰੀ ਮੌਕੇ ਇੱਕ ਰਿਹਾਇਸ਼ ਤੇ ਗੋਲੀਬਾਰੀ ਕਰਦਿਆਂ ਉਸ ਨੇ ਮਾਲਕ ਨੂੰ ਮਾਰਨ ਦਾ ਯਤਨ ਕੀਤਾ, ਪਰ ਚੌਕਸੀ ਕਾਰਣ ਉਸਦੀ ਜਾਨ ਬਚ ਗਈ।

23 ਜੂਨ ਨੂੰ ਐਡਮਿੰਟਨ ਪੁਲਿਸ ਵਲੋਂ ਲਾਏ ਟਰੈਫਿਕ ਨਾਕੇ ਮੌਕੇ ਉਸਦੀ ਕਾਰ ਦੀ ਤਲਾਸੀ ਹੋਈ, ਤਾਂ ਉਸ 'ਚੋਂ ਭਰੀ ਹੋਈ ਬੰਦੂਕ ਅਤੇ ਡਰੱਗ ਮਿਲੀ। ਜਿਥੋਂ ਉਸਦੇ ਖ਼ਿਲਾਫ਼ ਕੇਸ ਦਰਜ ਹੋਣ ਤੋਂ ਬਾਦ ਪੀਲ ਪੁਲਿਸ ਬਰੈਂਪਟਨ ਲੈ ਆਈ। ਉਸ ਨੇ ਮੰਨਿਆ ਕਿ ਉਹ ਫਾਰ ਬ੍ਰਦਰਜ਼ ਗ੍ਰੋਹ ਦਾ ਮੈਂਬਰ ਹੈ ਤੇ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਕੰਮ ਕਰਦਾ ਸੀ।

## ਓ.ਸੀ.ਆਈ. ਕਾਰਡ ਧਾਰਕਾਂ ਲਈ ਭਾਰਤ 'ਚ ਕੁੱਝ ਗਤੀਵਿਧੀਆਂ ਲਈ ਪਹਿਲਾਂ ਮਨਜ਼ੂਰੀ ਲੈਣੀ ਲਾਜ਼ਮੀ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਨੇ ਓ.ਸੀ.ਆਈ. ਕਾਰਡ ਧਾਰਕਾਂ ਨੂੰ ਨਵੀਂ ਐਡਵਾਇਜ਼ਰੀ ਜਾਰੀ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਭਾਰਤ ਵਿਚ ਕੁਝ ਖਾਸ ਗਤੀਵਿਧੀਆਂ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਪਹਿਲਾਂ ਮਨਜ਼ੂਰੀ ਲੈਣੀ ਲਾਜ਼ਮੀ ਹੋਵੇਗੀ। ਭਾਵੇਂ ਓ.ਸੀ.ਆਈ. ਸਕੀਮ ਤਹਿਤ ਕਾਰਡ ਧਾਰਕਾਂ ਨੂੰ ਭਾਰਤ ਆਉਣ-ਜਾਣ ਅਤੇ ਰਹਿਣ ਲਈ ਜੀਵਨ ਭਰ ਦੀ ਵੀਜ਼ਾ-ਮੁਕਤ ਸਹੂਲਤ ਮਿਲਦੀ ਹੈ, ਪਰ ਕੁਝ ਕੰਮਾਂ ਲਈ ਪਹਿਲਾਂ ਇਜਾਜ਼ਤ ਲੈਣੀ ਜ਼ਰੂਰੀ ਹੈ।

ਇਮੀਗ੍ਰੇਸ਼ਨ ਵਿਭਾਗ ਨੇ ਆਪਣੇ ਅਧਿਕਾਰਕ ਸੋਸ਼ਲ ਮੀਡੀਆ ਖਾਤੇ ਰਾਹੀਂ ਜਾਣਕਾਰੀ ਦਿੰਦਿਆਂ ਕਿਹਾ ਕਿ ਓ.ਸੀ.ਆਈ. ਕਾਰਡ ਧਾਰਕਾਂ ਨੂੰ ਭਾਰਤ ਵਿਚ ਖੋਜ, ਪੱਤਰਕਾਰੀ ਕੰਮ, ਪਹਾੜ-ਚੜ੍ਹਾਈ, ਵਿਦੇਸ਼ੀ ਰਾਜਨਾਇਕ ਮਿਸ਼ਨਾਂ ਜਾਂ ਵਿਦੇਸ਼ੀ ਸਰਕਾਰੀ ਸੰਸਥਾਵਾਂ ਨਾਲ ਤਰਬੀਅਤ, ਵਿਦੇਸ਼ੀ ਰਾਜਨਾਇਕ ਮਿਸ਼ਨਾਂ ਵਿਚ ਨੌਕਰੀ, ਮਿਸ਼ਨਰੀ ਜਾਂ ਤਬਲੀਗੀ ਗਤੀਵਿਧੀਆਂ ਲਈ ਪਹਿਲਾਂ ਮਨਜ਼ੂਰੀ ਲੈਣੀ ਪਵੇਗੀ।

ਇਹ ਮਨਜ਼ੂਰੀ ਵਿਦੇਸ਼ੀ ਖੇਤਰੀ ਰਜਿਸਟ੍ਰੇਸ਼ਨ ਦਫ਼ਤਰ ਜਾਂ ਸੰਬੰਧਤ ਭਾਰਤੀ ਮਿਸ਼ਨ ਤੋਂ ਲੈਣੀ ਹੋਵੇਗੀ। ਵਿਭਾਗ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਓ.ਸੀ.ਆਈ. ਕਾਰਡ ਧਾਰਕਾਂ ਨੂੰ ਭਾਰਤ ਦੇ ਸੁਰੱਖਿਅਤ, ਸੀਮਤ ਜਾਂ ਮਨਾਹੀ ਵਾਲੇ ਖੇਤਰਾਂ ਵਿਚ ਜਾਣ ਲਈ ਵੱਖਰਾ ਖਾਸ ਪਰਮਿਟ ਵੀ ਲੈਣਾ ਲਾਜ਼ਮੀ ਹੋਵੇਗਾ। ਇਨ੍ਹਾਂ ਮਨਜ਼ੂਰੀਆਂ ਅਤੇ ਪਰਮਿਟਾਂ ਲਈ ਅਰਜ਼ੀ ਓ.ਸੀ.ਆਈ. ਸੇਵਾਵਾਂ ਵਾਲੇ ਸਰਕਾਰੀ ਪੋਰਟਲ ਰਾਹੀਂ ਦਿੱਤੀ ਜਾ ਸਕਦੀ ਹੈ।

ਇਹ ਸਪੱਸ਼ਟੀਕਰਨ ਉਸ ਸਮੇਂ ਆਇਆ ਹੈ, ਜਦੋਂ ਭਾਰਤ ਨੇ ਹਾਲ ਹੀ ਵਿਚ ਨਵਾਂ ਇਲੈਕਟ੍ਰਾਨਿਕ ਓ.ਸੀ.ਆਈ. ਸਿਸਟਮ ਸ਼ੁਰੂ ਕੀਤਾ ਹੈ। ਇਸ ਸਿਸਟਮ ਰਾਹੀਂ ਮੌਜੂਦਾ ਓ.ਸੀ.ਆਈ. ਕਾਰਡ ਧਾਰਕ ਆਪਣਾ ਡਿਜ਼ੀਟਲ ਓ.ਸੀ.ਆਈ. ਕਾਰਡ ਤਿਆਰ ਕਰਕੇ ਡਾਊਨਲੋਡ ਕਰ ਸਕਦੇ ਹਨ, ਜਿਸਨੂੰ ਯਾਤਰਾ ਦੌਰਾਨ ਵਰਤਿਆ ਜਾ ਸਕਦਾ ਹੈ।

ਇਮੀਗ੍ਰੇਸ਼ਨ ਵਿਭਾਗ ਦੇ ਅਨੁਸਾਰ ਓ.ਸੀ.ਆਈ. ਕਾਰਡ ਧਾਰਕ ਆਪਣੇ ਮੌਜੂਦਾ ਲੌਗਇਨ ਵੇਰਵਿਆਂ ਨਾਲ ਓ.ਸੀ.ਆਈ. ਸੇਵਾਵਾਂ ਵਾਲੇ ਪੋਰਟਲ ਵਿਚ ਦਾਖ਼ਲ ਹੋ ਕੇ ਇਲੈਕਟ੍ਰਾਨਿਕ ਓ.ਸੀ.ਆਈ. ਵਾਲੀ ਚੋਣ ਕਰ ਸਕਦੇ ਹਨ ਅਤੇ ਆਪਣਾ ਡਾਊਨਲੋਡ ਕਰਨ ਯੋਗ ਡਿਜ਼ੀਟਲ ਕਾਰਡ ਤਿਆਰ ਕਰ ਸਕਦੇ ਹਨ। ਇਹ ਕਾਰਡ ਮੋਬਾਈਲ ਫੋਨ ਵਿਚ ਸੰਭਾਲਿਆ ਜਾ ਸਕਦਾ ਹੈ ਅਤੇ ਹਵਾਈ ਕੰਪਨੀਆਂ ਜਾਂ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਦਿਖਾਇਆ ਜਾ ਸਕਦਾ ਹੈ।

ਵਿਭਾਗ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਪੁਰਾਣਾ ਛਪਿਆ ਹੋਇਆ ਓ.ਸੀ.ਆਈ. ਬੁੱਕਲੈਟ ਹਾਲੇ ਵੀ ਵੈਧ ਰਹੇਗਾ।




# ਵੈਭਵ ਸੂਰਿਆਵੰਸ਼ੀ ਨੇ 15 ਸਾਲ ਦੀ ਉਮਰ 'ਚ ਡੈਬਿਊ ਕਰਕੇ ਤੋੜਿਆ ਸਚਿਨ ਦਾ ਰਿਕਾਰਡ!

**ਇੰਗਲੈਂਡ, (ਪੰਜਾਬ ਮੇਲ)-** ਨੌਜਵਾਨ ਭਾਰਤੀ ਬੱਲੇਬਾਜ਼ ਵੈਭਵ ਸੂਰਿਆਵੰਸ਼ੀ ਨੇ ਮਾਨਚੈਸਟਰ 'ਚ ਇੰਗਲੈਂਡ ਵਿਰੁੱਧ ਦੂਜੇ ਟੀ-20 ਮੈਚ 'ਚ ਆਪਣੇ ਅੰਤਰਰਾਸ਼ਟਰੀ ਡੈਬਿਊ ਨਾਲ ਇਤਿਹਾਸ ਰਚ ਦਿੱਤਾ। ਸਿਰਫ਼ 15 ਸਾਲ, 3 ਮਹੀਨੇ ਤੇ 7 ਦਿਨ ਦੀ ਉਮਰ 'ਚ ਉਹ ਭਾਰਤ ਲਈ ਡੈਬਿਊ ਕਰਨ ਵਾਲਾ ਸਭ ਤੋਂ ਘੱਟ ਉਮਰ ਦਾ ਖਿਡਾਰੀ ਬਣ ਗਿਆ।

ਟੀਮ ਇੰਡੀਆ ਦੇ ਮੁੱਖ ਕੋਚ ਗੌਤਮ ਗੰਭੀਰ ਦੇ ਪ੍ਰੇਰਨਾਦਾਇਕ ਭਾਸ਼ਣ ਤੋਂ ਬਾਅਦ ਵੈਭਵ ਨੂੰ ਤਿਲਕ ਵਰਮਾ ਨੇ ਆਪਣੀ ਪਹਿਲੀ ਅੰਤਰਰਾਸ਼ਟਰੀ ਕੈਪ ਭੇਟ ਕੀਤੀ। ਫਿਰ ਪੂਰੀ ਭਾਰਤੀ ਟੀਮ ਨੇ ਉਸਨੂੰ ਗਲੇ ਲਗਾ ਲਿਆ, ਜਿਸ ਨਾਲ ਇਹ ਖਾਸ ਪਲ ਬਣ ਗਿਆ।

ਆਪਣੇ ਡੈਬਿਊ ਦੇ ਨਾਲ ਵੈਭਵ ਨੇ ਭਾਰਤੀ ਕ੍ਰਿਕਟ 'ਚ ਕਈ ਵੱਡੇ ਰਿਕਾਰਡਾਂ ਨੂੰ ਪਾਰ ਕਰ ਦਿੱਤਾ। ਉਸਨੇ ਸਚਿਨ ਤੇਂਦੁਲਕਰ ਦਾ ਡੈਬਿਊ ਕਰਨ ਵਾਲਾ ਸਭ ਤੋਂ ਘੱਟ ਉਮਰ ਦਾ ਭਾਰਤੀ ਹੋਣ ਦਾ ਰਿਕਾਰਡ ਤੋੜ ਦਿੱਤਾ। ਸਚਿਨ ਨੇ 16 ਸਾਲ ਦੀ ਉਮਰ 'ਚ ਅੰਤਰਰਾਸ਼ਟਰੀ ਕ੍ਰਿਕਟ 'ਚ ਪ੍ਰਵੇਸ਼ ਕੀਤਾ ਸੀ, ਜਦੋਂ ਕਿ ਵੈਭਵ ਨੇ ਇਹ ਉਪਲਬਧੀ 15 ਸਾਲ ਦੀ ਉਮਰ ਵਿਚ ਹਾਸਲ ਕੀਤੀ ਸੀ। ਸਿਰਫ ਇਹੀ ਨਹੀਂ, ਉਸਨੇ ਸ਼ੈਫਾਲੀ ਵਰਮਾ ਨੂੰ ਵੀ ਪਿੱਛੇ ਛੱਡ ਦਿੱਤਾ, ਜਿਸਨੇ 2019 'ਚ 15 ਸਾਲ ਅਤੇ 239 ਦਿਨਾਂ ਦੀ ਉਮਰ 'ਚ ਭਾਰਤ ਵਿਚ ਆਪਣਾ ਡੈਬਿਊ ਕੀਤਾ ਸੀ।



**ਭਾਰਤ ਦੇ ਸਭ ਤੋਂ ਘੱਟ ਉਮਰ ਦੇ ਡੈਬਿਊ ਖਿਡਾਰੀ**

- ਵੈਭਵ ਸੂਰਿਆਵੰਸ਼ੀ - 15 ਸਾਲ, 3 ਮਹੀਨੇ, 7 ਦਿਨ
- ਸ਼ੈਫਾਲੀ ਵਰਮਾ - 15 ਸਾਲ, 239 ਦਿਨ
- ਸਚਿਨ ਤੇਂਦੁਲਕਰ - 16 ਸਾਲ
- ਪਾਰਥਿਵ ਪਟੇਲ - 17 ਸਾਲ, 152 ਦਿਨ
- ਹਰਭਜਨ ਸਿੰਘ - 17 ਸਾਲ, 288 ਦਿਨ
- ਯੁਵਰਾਜ ਸਿੰਘ - 18 ਸਾਲ, 124 ਦਿਨ

ਸਮਸਤੀਪੁਰ (ਬਿਹਾਰ) ਦੇ ਰਹਿਣ ਵਾਲੇ ਵੈਭਵ ਸੂਰਿਆਵੰਸ਼ੀ ਨੇ ਆਈ.ਪੀ.ਐੱਲ. 2026 ਵਿਚ ਰਾਜਸਥਾਨ ਰਾਇਲਜ਼ ਲਈ ਸ਼ਾਨਦਾਰ ਬੱਲੇਬਾਜ਼ੀ ਕੀਤੀ, 776 ਦੌੜਾਂ ਬਣਾਈਆਂ ਅਤੇ ਔਰੇਂਜ ਕੈਪ ਜਿੱਤੀ। ਫਿਰ, ਸ਼੍ਰੀਲੰਕਾ ਵਿਚ ਇੰਡੀਆ-ਏ ਲਈ ਖੇਡਦੇ ਹੋਏ, ਉਸਨੇ ਫਾਈਨਲ ਵਿਚ ਸਿਰਫ 11 ਗੇਂਦਾਂ ਵਿਚ ਲਿਸਟ-ਏ ਇਤਿਹਾਸ ਦਾ ਸਭ ਤੋਂ ਤੇਜ਼ ਅਰਧ ਸੈਂਕੜਾ ਲਗਾਇਆ। ਉਸਨੇ ਸਿਰਫ 29 ਗੇਂਦਾਂ ਵਿਚ 94 ਦੌੜਾਂ ਦੀ ਆਪਣੀ ਵਿਸਫੋਟਕ ਪਾਰੀ ਨਾਲ ਚੋਣਕਾਰਾਂ ਨੂੰ ਪ੍ਰਭਾਵਿਤ ਕੀਤਾ, ਜਿਸ ਨਾਲ ਉਸਨੂੰ ਸੀਨੀਅਰ ਭਾਰਤੀ ਟੀਮ ਵਿਚ ਜਗ੍ਹਾ ਮਿਲੀ।

ਵੈਭਵ ਨੂੰ ਆਇਰਲੈਂਡ ਅਤੇ ਇੰਗਲੈਂਡ ਦੇ ਦੌਰੇ ਲਈ ਭਾਰਤੀ ਟੀਮ ਵਿਚ ਸ਼ਾਮਲ ਕੀਤਾ ਗਿਆ ਸੀ, ਪਰ ਉਹ ਆਇਰਲੈਂਡ ਵਿਰੁੱਧ ਟੀ-20 ਅਤੇ ਇੰਗਲੈਂਡ ਵਿਰੁੱਧ ਪਹਿਲੇ ਟੀ-20 ਦੋਵਾਂ 'ਚ ਪਲੇਇੰਗ ਇਲੈਵਨ ਵਿਚ ਜਗ੍ਹਾ ਨਹੀਂ ਬਣਾ ਸਕਿਆ। ਉਸਨੂੰ ਅੰਤ ਵਿਚ ਮੈਨਚੈਸਟਰ ਵਿਚ ਡੈਬਿਊ ਕਰਨ ਦਾ ਮੌਕਾ ਮਿਲਿਆ ਅਤੇ ਉਸਨੇ ਆਪਣੇ ਪਹਿਲੇ ਹੀ ਮੈਚ ਵਿਚ ਇਤਿਹਾਸ ਰਚ ਦਿੱਤਾ।


## MATRIMONIAL

Jatt Sikh, Chatha, Age 33yrs, height 6'-1",
American born boy, Fully family values known,
Gursikh Lawyer boy, working in Los Angeles
county as Lawyer supervisor, looking for an
educated & beautiful girl in California.
for more information Contact at : 818-645-9810
895


# ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਲਾਸ ਏਂਜਲਸ ਓਲੰਪਿਕ ਲਈ ਕੀਤਾ ਕੁਆਲੀਫਾਈ

**ਲੰਡਨ, (ਪੰਜਾਬ ਮੇਲ)-** ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਲਾਸ ਏਂਜਲਸ 2028 ਓਲੰਪਿਕ ਲਈ ਸਿੱਧੀ ਕੁਆਲੀਫਿਕੇਸ਼ਨ ਹਾਸਲ ਕਰ ਲਈ ਹੈ। ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈ.ਸੀ.ਸੀ.) ਨੇ ਪੁਸ਼ਟੀ ਕੀਤੀ ਹੈ ਕਿ ਭਾਰਤ, ਆਸਟ੍ਰੇਲੀਆ, ਗ੍ਰੇਟ ਬ੍ਰਿਟੇਨ (ਇੰਗਲੈਂਡ ਰਾਹੀਂ) ਅਤੇ ਦੱਖਣੀ ਅਫ਼ਰੀਕਾ ਨੇ ਮਹਿਲਾ ਟੀ-20 ਮੁਕਾਬਲੇ ਲਈ ਆਪਣੀ ਜਗ੍ਹਾ ਪੱਕੀ ਕਰ ਲਈ ਹੈ।

ਆਈ.ਸੀ.ਸੀ. ਮੁਤਾਬਕ, ਇੰਗਲੈਂਡ ਵਿਚ ਚੱਲ ਰਹੇ ਮਹਿਲਾ ਟੀ-20 ਵਿਸ਼ਵ ਕੱਪ ਵਿਚ ਏਸ਼ੀਆ, ਓਸ਼ੇਨੀਆ, ਯੂਰਪ ਅਤੇ ਅਫ਼ਰੀਕਾ ਦੀਆਂ ਸਭ ਤੋਂ ਵਧੀਆ ਯੋਗ ਟੀਮਾਂ ਨੂੰ ਓਲੰਪਿਕ ਲਈ ਸਿੱਧਾ ਕੁਆਲੀਫਾਈ ਕੀਤਾ ਗਿਆ ਹੈ। ਹਰ ਮਹਾਂਦੀਪ ਤੋਂ ਸਿਰਫ਼ ਇੱਕ ਟੀਮ ਨੂੰ ਹੀ ਇਹ ਮੌਕਾ ਦਿੱਤਾ ਗਿਆ ਹੈ।



ਮੇਜ਼ਬਾਨ ਅਮਰੀਕਾ ਨੂੰ ਨਿਰਧਾਰਤ ਰੈਂਕਿੰਗ ਮਾਪਦੰਡ ਪੂਰੇ ਕਰਨ ਦੀ ਸੂਰਤ ਵਿਚ ਆਪਣੇ ਆਪ ਜਗ੍ਹਾ ਮਿਲੇਗੀ। ਜੇਕਰ ਅਮਰੀਕਾ ਇਹ ਸ਼ਰਤ ਪੂਰੀ ਨਹੀਂ ਕਰਦਾ, ਤਾਂ ਵਾਧੂ ਸਿੱਧਾ ਸਥਾਨ ਆਈ.ਸੀ.ਸੀ. ਮਹਿਲਾ ਟੀ-20 ਰੈਂਕਿੰਗ ਦੇ ਆਧਾਰ 'ਤੇ ਦਿੱਤਾ ਜਾਵੇਗਾ, ਜਦਕਿ ਛੇਵੀਂ ਅਤੇ ਆਖ਼ਰੀ ਟੀਮ ਦਾ ਫ਼ੈਸਲਾ 2027 ਵਿਚ ਹੋਣ ਵਾਲੇ ਆਈ.ਸੀ.ਸੀ. ਓਲੰਪਿਕ ਕੁਆਲੀਫਾਇਰ ਰਾਹੀਂ ਕੀਤਾ ਜਾਵੇਗਾ। ਦੂਜੇ ਪਾਸੇ ਪੁਰਸ਼ ਵਰਗ ਵਿਚ ਕੁਆਲੀਫਿਕੇਸ਼ਨ ਦੀ ਪ੍ਰਕਿਰਿਆ ਵੱਖਰੀ ਹੈ। ਏਸ਼ੀਆ, ਅਫ਼ਰੀਕਾ, ਯੂਰਪ ਅਤੇ ਓਸ਼ੇਨੀਆ ਦੀਆਂ ਸਭ ਤੋਂ ਉੱਚੀ ਰੈਂਕਿੰਗ ਵਾਲੀਆਂ ਯੋਗ ਟੀਮਾਂ ਨੂੰ ਸਿੱਧੀ ਐਂਟਰੀ ਮਿਲੇਗੀ। ਇਸ ਲਈ ਭਾਰਤੀ ਪੁਰਸ਼ ਟੀਮ ਨੂੰ 31 ਦਸੰਬਰ 2026 ਤੱਕ ਆਈ.ਸੀ.ਸੀ. ਟੀ-20 ਰੈਂਕਿੰਗ ਵਿਚ ਏਸ਼ੀਆ ਦੀ ਸਭ ਤੋਂ ਉੱਚੀ ਰੈਂਕਿੰਗ ਵਾਲੀ ਯੋਗ ਟੀਮ ਬਣਨਾ ਹੋਵੇਗਾ।

ਜ਼ਿਕਰਯੋਗ ਹੈ ਕਿ 128 ਸਾਲਾਂ ਦੇ ਲੰਬੇ ਅੰਤਰਾਲ ਤੋਂ ਬਾਅਦ ਕ੍ਰਿਕਟ ਦੀ ਓਲੰਪਿਕ ਵਿਚ ਵਾਪਸੀ ਹੋ ਰਹੀ ਹੈ। ਲਾਸ ਏਂਜਲਸ 2028 ਓਲੰਪਿਕ ਵਿਚ ਪੁਰਸ਼ਾਂ ਅਤੇ ਮਹਿਲਾਵਾਂ ਦੇ ਟੀ-20 ਮੁਕਾਬਲਿਆਂ 'ਚ 6-6 ਟੀਮਾਂ ਹਿੱਸਾ ਲੈਣਗੀਆਂ।

## ਸੁਖਬੀਰ ਬਾਦਲ ਨੂੰ ਵਿਦੇਸ਼ ਜਾਣ ਦੀ ਮਿਲੀ ਇਜਾਜ਼ਤ

**ਚੰਡੀਗੜ੍ਹ, (ਪੰਜਾਬ ਮੇਲ)-** 11 ਸਾਲ ਪੁਰਾਣੇ ਬਹੁ-ਚਰਚਿਤ ਕੋਟਕਪੂਰਾ ਗੋਲੀਕਾਂਡ ਮਾਮਲੇ 'ਚ ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਵੱਲੋਂ ਵਿਦੇਸ਼ ਜਾਣ ਦੀ ਇਜਾਜ਼ਤ ਮਿਲ ਗਈ ਹੈ। ਉਹ 7 ਤੋਂ 11 ਜੁਲਾਈ ਤੱਕ ਵਿਦੇਸ਼ ਯਾਤਰਾ 'ਤੇ ਰਹਿ ਸਕਣਗੇ।

# 2.73 ਲੱਖ ਤੋਂ ਵੱਧ ਐੱਚ-1-ਬੀ ਰਿਨਿਊਅਲ ਅਰਜ਼ੀਆਂ ਨੂੰ ਮਿਲੀ ਹਰੀ ਝੰਡੀ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਐੱਚ-1-ਬੀ ਵੀਜ਼ਾ ਨਿਯਮਾਂ ਨੂੰ ਸਖ਼ਤ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਮੌਜੂਦਾ ਵਿੱਤੀ ਸਾਲ ਵਿਚ ਵੀਜ਼ਾ ਰੀਨਿਊਅਲ (ਨਵੀਨੀਕਰਨ) ਦੇ ਮਾਮਲਿਆਂ ਵਿਚ ਇਤਿਹਾਸਕ ਉਛਾਲ ਦੇਖਣ ਨੂੰ ਮਿਲ ਰਿਹਾ ਹੈ। ਇੱਕ ਤਾਜ਼ਾ ਰਿਪੋਰਟ ਅਨੁਸਾਰ ਵਿੱਤੀ ਸਾਲ 2026 ਦੌਰਾਨ ਅਮਰੀਕਾ ਵਿਚ ਹੁਨਰਮੰਦ ਵਿਦੇਸ਼ੀ ਕਾਮਿਆਂ ਦੇ ਵੀਜ਼ਾ ਰੀਨਿਊਅਲ ਦੀ ਗਿਣਤੀ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚਣ ਦੀ ਉਮੀਦ ਹੈ।

ਅਮਰੀਕੀ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਦੇ ਅੰਕੜਿਆਂ ਦੇ ਵਿਸ਼ਲੇਸ਼ਣ ਮੁਤਾਬਕ ਅਕਤੂਬਰ 2025 ਤੋਂ ਸ਼ੁਰੂ ਹੋਏ ਵਿੱਤੀ ਸਾਲ 2026 ਦੇ ਪਹਿਲੇ ਨੌਂ ਮਹੀਨਿਆਂ ਵਿਚ ਹੀ 2,73,026 ਅਰਜ਼ੀਆਂ ਨੂੰ 'ਕੰਟੀਨਿਊਇੰਗ ਇੰਪਲਾਇਮੈਂਟ' (ਜਾਰੀ ਰੁਜ਼ਗਾਰ) ਤਹਿਤ ਪ੍ਰਵਾਨਗੀ ਦਿੱਤੀ ਗਈ ਹੈ। ਇਹ ਅੰਕੜਾ ਵਿੱਤੀ ਸਾਲ 2025 ਦੀ ਕੁੱਲ ਗਿਣਤੀ 2,91,542 ਦੇ ਬਹੁਤ ਕਰੀਬ ਹੈ, ਜਦਕਿ ਮੌਜੂਦਾ ਸਾਲ ਦੇ ਅਜੇ ਤਿੰਨ ਮਹੀਨੇ ਬਾਕੀ ਹਨ। ਟਰੰਪ ਪ੍ਰਸ਼ਾਸਨ ਨੇ ਐੱਚ-1-ਬੀ ਸਿਸਟਮ ਨੂੰ ਸਖ਼ਤ ਬਣਾਉਣ ਲਈ ਕਈ ਕਦਮ ਚੁੱਕੇ ਹਨ। ਸਰਕਾਰ ਨੇ ਅਮਰੀਕਾ ਤੋਂ ਬਾਹਰੋਂ ਅਪਲਾਈ ਕਰਨ ਵਾਲੇ ਕਾਮਿਆਂ ਲਈ 1 ਲੱਖ ਅਮਰੀਕੀ ਡਾਲਰ ਦੀ ਫੀਸ ਲਗਾਉਣ ਦਾ ਪ੍ਰਸਤਾਵ ਦਿੱਤਾ ਸੀ, ਪਰ ਜੂਨ ਵਿਚ ਇੱਕ ਫੈਡਰਲ ਜੱਜ ਨੇ ਇਸ ਫੈਸਲੇ 'ਤੇ ਰੋਕ ਲਗਾ ਕੇ ਸਰਕਾਰ ਨੂੰ ਵੱਡਾ ਝਟਕਾ ਦਿੱਤਾ ਸੀ।

# ਗ੍ਰੀਨ ਕਾਰਡ ਲਈ ਰੁਜ਼ਗਾਰਦਾਤਾ ਦੇ ਸਪਾਂਸਰਸ਼ਿਪ ਨਿਯਮ ਹੋਣਗੇ ਸਖ਼ਤ


**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਰੁਜ਼ਗਾਰ-ਅਧਾਰਿਤ ਗ੍ਰੀਨ ਕਾਰਡ ਲੈਣ ਵਾਲਿਆਂ ਲਈ ਅਹਿਮ ਖ਼ਬਰ ਹੈ। ਟਰੰਪ ਪ੍ਰਸ਼ਾਸਨ PERM (ਪ੍ਰੋਗਰਾਮ ਇਲੈਕਟ੍ਰਾਨਿਕ ਰੀਵਿਊ ਮੈਨੇਜਮੈਂਟ) ਸਿਸਟਮ ਵਿਚ ਵੱਡੇ ਬਦਲਾਅ ਕਰਨ ਦੀ ਤਿਆਰੀ ਕਰ ਰਿਹਾ ਹੈ। ਇਹ ਉਹ ਪ੍ਰਕਿਰਿਆ ਹੈ, ਜਿਸ ਰਾਹੀਂ ਜ਼ਿਆਦਾਤਰ ਅਮਰੀਕੀ ਕੰਪਨੀਆਂ ਵਿਦੇਸ਼ੀ ਕਰਮਚਾਰੀਆਂ ਨੂੰ ਗ੍ਰੀਨ ਕਾਰਡ ਲਈ ਸਪਾਂਸਰ ਕਰਦੀਆਂ ਹਨ। ਅਮਰੀਕੀ ਡਿਪਾਰਟਮੈਂਟ ਆਫ ਲੇਬਰ (ਡੀ.ਓ.ਐੱਲ.) ਨੇ ਆਪਣੀ ਨਵੀਂ ਰੈਗੂਲੇਟਰੀ ਏਜੰਡਾ ਵਿਚ ਕਿਹਾ ਹੈ ਕਿ PERM ਨਿਯਮਾਂ ਨੂੰ ਆਧੁਨਿਕ ਬਣਾਇਆ ਜਾਵੇਗਾ ਅਤੇ ਭਰਤੀ ਨਾਲ ਸੰਬੰਧਿਤ ਨਿਯਮ ਹੋਰ ਸਖ਼ਤ ਕੀਤੇ ਜਾਣਗੇ। ਹਾਲਾਂਕਿ ਅਜੇ ਤੱਕ ਨਵੇਂ ਨਿਯਮ ਜਾਰੀ ਨਹੀਂ ਹੋਏ, ਪਰ ਸਰਕਾਰ ਨੇ ਸੰਕੇਤ ਦਿੱਤੇ ਹਨ ਕਿ ਕੰਪਨੀਆਂ ਨੂੰ ਇਹ ਸਾਬਤ ਕਰਨ ਲਈ ਹੋਰ ਮਜ਼ਬੂਤ ਦਸਤਾਵੇਜ਼ ਦੇਣੇ ਪੈ ਸਕਦੇ ਹਨ ਕਿ ਉਸ ਨੌਕਰੀ ਲਈ ਕੋਈ ਯੋਗ ਅਮਰੀਕੀ ਕਰਮਚਾਰੀ ਉਪਲਬਧ ਨਹੀਂ ਸੀ। ਮੌਜੂਦਾ ਨਿਯਮਾਂ ਅਨੁਸਾਰ ਕੰਪਨੀਆਂ ਨੂੰ ਨੌਕਰੀ ਦੇ ਇਸ਼ਤਿਹਾਰ ਦੇਣੇ, ਸਟੇਟ ਵਰਕਫੋਰਸ ਏਜੰਸੀ ਵਿਚ ਪੋਸਟਿੰਗ ਕਰਨੀ ਅਤੇ ਭਰਤੀ ਦੀ ਪੂਰੀ ਪ੍ਰਕਿਰਿਆ ਦਾ ਰਿਕਾਰਡ ਰੱਖਣਾ ਲਾਜ਼ਮੀ ਹੁੰਦਾ ਹੈ। ਹੁਣ ਇਹ ਭਰਤੀ ਪ੍ਰਕਿਰਿਆ ਹੋਰ ਸਖ਼ਤ ਅਤੇ ਵਿਸਥਾਰਪੂਰਵਕ ਹੋ ਸਕਦੀ ਹੈ।

**ਟਰੰਪ ਪ੍ਰਸ਼ਾਸਨ ਵੱਲੋਂ PERM ਸਿਸਟਮ ਵਿਚ ਵੱਡੇ ਬਦਲਾਅ ਦੀ ਤਿਆਰੀ**



ਲੇਬਰ ਵਿਭਾਗ ਦਾ ਕਹਿਣਾ ਹੈ ਕਿ PERM ਦੇ ਨਿਯਮ 2004 ਤੋਂ ਬਾਅਦ ਵੱਡੇ ਪੱਧਰ 'ਤੇ ਅਪਡੇਟ ਨਹੀਂ ਹੋਏ। ਇਸ ਲਈ ਹੁਣ ਨਵੇਂ ਲੇਬਰ ਮਾਰਕੀਟ ਦੇ ਮੁਤਾਬਕ ਨਿਯਮ ਬਦਲੇ ਜਾਣਗੇ। ਸੰਭਾਵਿਤ ਤਬਦੀਲੀਆਂ ਵਿਚ ਵਧੇਰੇ ਭਰਤੀ ਕਦਮ, ਸਖ਼ਤ ਦਸਤਾਵੇਜ਼ੀ ਸਬੂਤ, ਕੰਪਨੀਆਂ ਦੀ ਵਧੇਰੇ ਜਾਂਚ ਅਤੇ ਲੇਅ-ਆਫ ਤੋਂ ਪ੍ਰਭਾਵਿਤ ਅਮਰੀਕੀ ਕਰਮਚਾਰੀਆਂ ਲਈ ਵਾਧੂ ਸੁਰੱਖਿਆ ਸ਼ਾਮਲ ਹੋ ਸਕਦੀ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਨਵੇਂ ਨਿਯਮ ਬਹੁਤ ਸਖ਼ਤ ਹੋਏ, ਤਾਂ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਦੀ ਪ੍ਰਕਿਰਿਆ ਹੋਰ ਲੰਬੀ ਅਤੇ ਜਟਿਲ ਹੋ ਸਕਦੀ ਹੈ। ਇਸ ਨਾਲ ਕੰਪਨੀਆਂ ਦੇ ਖ਼ਰਚੇ ਵਧਣਗੇ ਅਤੇ ਵਿਦੇਸ਼ੀ ਕਰਮਚਾਰੀਆਂ ਲਈ ਗ੍ਰੀਨ ਕਾਰਡ ਹਾਸਲ ਕਰਨਾ ਹੋਰ ਮੁਸ਼ਕਲ ਬਣ ਸਕਦਾ ਹੈ। ਇਹ ਕਦਮ ਟਰੰਪ ਪ੍ਰਸ਼ਾਸਨ ਦੀ ਕਾਨੂੰਨੀ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਵੱਡੇ ਬਦਲਾਅ ਦੀ ਯੋਜਨਾ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਹੁਣ ਇਮੀਗ੍ਰੇਸ਼ਨ ਵਕੀਲਾਂ ਅਤੇ ਹਜ਼ਾਰਾਂ ਕੰਪਨੀਆਂ ਦੀ ਨਜ਼ਰ ਸਰਕਾਰ ਦੇ ਪ੍ਰਸਤਾਵਿਤ ਨਿਯਮ 'ਤੇ ਟਿਕੀ ਹੋਈ ਹੈ, ਜਿਸ ਨਾਲ ਇਹ ਸਪੱਸ਼ਟ ਹੋਵੇਗਾ ਕਿ PERM ਸਿਸਟਮ ਵਿਚ ਅਸਲ ਤਬਦੀਲੀਆਂ ਕੀ ਹੋਣਗੀਆਂ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਬਹਿਬਲ ਕਲਾਂ ਗੋਲੀਕਾਂਡ: ਸਿੱਟ ਵੱਲੋਂ ਅਕਾਲੀ ਦਲ ਦਾ ਸਾਬਕਾ ਵਿਧਾਇਕ ਤਲਬ

**■ 2015 ਦੇ ਬੇਅਦਬੀ ਅਤੇ ਗੋਲੀਕਾਂਡ ਮਾਮਲੇ 'ਚ ਪੁੱਛਗਿੱਛ ਲਈ ਜਾਰੀ ਕੀਤਾ ਸੰਮਨ**



**ਫਰੀਦਕੋਟ, (ਪੰਜਾਬ ਮੇਲ)-** ਸਾਲ 2015 ਦੇ ਬਹਿਬਲ ਕਲਾਂ ਪੁਲਿਸ ਗੋਲੀਕਾਂਡ ਅਤੇ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਪੁੱਛਗਿੱਛ ਲਈ ਸੰਮਨ ਜਾਰੀ ਕੀਤਾ ਹੈ। ਜ਼ਿਕਰਯੋਗ ਹੈ ਕਿ ਸਾਲ 2015 ਵਿਚ ਫਰੀਦਕੋਟ ਜ਼ਿਲ੍ਹੇ ਵਿਚ ਬੇਅਦਬੀ ਅਤੇ ਉਸ ਤੋਂ ਬਾਅਦ ਪੁਲਿਸ ਗੋਲੀਕਾਂਡ ਦੀਆਂ ਘਟਨਾਵਾਂ ਵਾਪਰੀਆਂ ਸਨ, ਉਦੋਂ ਮਨਤਾਰ ਸਿੰਘ ਬਰਾੜ ਕੋਟਕਪੂਰਾ ਹਲਕੇ ਤੋਂ ਵਿਧਾਇਕ ਸਨ।

ਦੱਸਣਾ ਬਣਦਾ ਹੈ ਕਿ ਅਕਤੂਬਰ 2015 ਵਿਚ ਫਰੀਦਕੋਟ ਦੇ ਪਿੰਡ ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਹੋਈ ਸੀ, ਜਿਸ ਤੋਂ ਬਾਅਦ ਸਿੱਖ ਜਥੇਬੰਦੀਆਂ ਅਤੇ ਸਥਾਨਕ ਲੋਕਾਂ ਵੱਲੋਂ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਸ਼ਾਂਤਮਈ ਧਰਨੇ ਸ਼ੁਰੂ ਕੀਤੇ ਗਏ ਸਨ। 14 ਅਕਤੂਬਰ 2015 ਨੂੰ ਪੁਲਿਸ ਵੱਲੋਂ ਭੀੜ ਨੂੰ ਖਿੰਡਾਉਣ ਲਈ ਕੀਤੇ ਗਏ ਲਾਠੀਚਾਰਜ ਤੋਂ ਬਾਅਦ ਮਾਹੌਲ ਤਣਾਅਪੂਰਨ ਹੋ ਗਿਆ ਅਤੇ ਬਹਿਬਲ ਕਲਾਂ ਵਿਖੇ ਹੋਈ ਪੁਲਿਸ ਫਾਇਰਿੰਗ ਵਿਚ ਦੋ ਸਿੱਖ ਪ੍ਰਦਰਸ਼ਨਕਾਰੀਆਂ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਹੋ ਗਈ ਸੀ ਤੇ ਕਈ ਹੋਰ ਜ਼ਖਮੀ ਹੋ ਗਏ ਸਨ।

ਐੱਸ.ਆਈ.ਟੀ. ਨੇ ਹੁਣ ਉਸ ਸਮੇਂ ਦੇ ਸਿਆਸੀ ਅਤੇ ਪ੍ਰਸ਼ਾਸਨਿਕ ਗਠਜੋੜ 'ਤੇ ਆਪਣਾ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਇਸ ਸਿਲਸਿਲੇ ਵਿਚ ਜਾਂਚ ਟੀਮ ਨੇ ਹਾਲ ਹੀ ਵਿਚ ਫਰੀਦਕੋਟ ਦੇ ਤਤਕਾਲੀ ਡਿਪਟੀ ਕਮਿਸ਼ਨਰ (ਡੀ.ਸੀ) ਐੱਮ.ਐੱਸ. ਜੱਗੀ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਓ.ਐੱਸ.ਡੀ. ਤੋਂ ਵੀ ਪੁੱਛਗਿੱਛ ਕੀਤੀ ਹੈ, ਤਾਂ ਕਿ ਮੁੱਖ ਮੰਤਰੀ ਦਫ਼ਤਰ (ਸੀ.ਐੱਮ.ਓ.), ਸਥਾਨਕ ਸਿਆਸਤਦਾਨਾਂ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਵਿਚਕਾਰ ਹੋਈ ਗੱਲਬਾਤ ਦੇ ਰਿਕਾਰਡ ਨੂੰ ਖੰਘਾਲਿਆ ਜਾ ਸਕੇ।

ਮਨਤਾਰ ਸਿੰਘ ਬਰਾੜ 'ਤੇ ਪਹਿਲਾਂ ਵੀ ਇਹ ਦੋਸ਼ ਲੱਗਦੇ ਰਹੇ ਹਨ ਕਿ ਉਹ ਪ੍ਰਦਰਸ਼ਨਾਂ ਦੌਰਾਨ ਸਥਾਨਕ ਪ੍ਰਸ਼ਾਸਨ ਅਤੇ ਸੂਬੇ ਦੀ ਉੱਚ ਲੀਡਰਸ਼ਿਪ ਵਿਚਕਾਰ ਇੱਕ ਅਹਿਮ ਕੜੀ ਵਜੋਂ ਕੰਮ ਕਰ ਰਹੇ ਸਨ। ਐੱਸ.ਆਈ.ਟੀ. ਦੇ ਮੈਂਬਰ ਅਤੇ ਡੀ.ਆਈ.ਜੀ. ਹਰਜੀਤ ਸਿੰਘ ਨੇ ਸੰਮਨ ਭੇਜੇ ਜਾਣ ਦੀ ਪੁਸ਼ਟੀ ਕੀਤੀ ਹੈ। ਜਾਂਚ ਟੀਮ ਹੁਣ ਮਨਤਾਰ ਸਿੰਘ ਬਰਾੜ ਦੇ ਫੋਨ ਰਿਕਾਰਡਾਂ, ਮੌਕੇ 'ਤੇ ਮੌਜੂਦ ਪੁਲਿਸ ਅਧਿਕਾਰੀਆਂ ਨਾਲ ਉਨ੍ਹਾਂ ਦੇ ਸੰਪਰਕਾਂ ਅਤੇ ਗੋਲੀ ਚੱਲਣ ਤੋਂ ਪਹਿਲਾਂ ਸਰਕਾਰ ਦੇ ਉੱਚ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਮਿਲੇ ਨਿਰਦੇਸ਼ਾਂ ਦੇ ਸਬੰਧ ਵਿਚ ਸਵਾਲ-ਜਵਾਬ ਕਰਨ ਦੀ ਤਿਆਰੀ ਵਿਚ ਹੈ।

# ਬਹਿਬਲ ਗੋਲੀ ਕਾਂਡ: ਵਿਸ਼ੇਸ਼ ਜਾਂਚ ਟੀਮ ਵੱਲੋਂ ਆਮ ਜਨਤਾ ਨੂੰ ਜਾਂਚ 'ਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ

**■ 30 ਜੁਲਾਈ ਨੂੰ ਬਰਗਾੜੀ ਪੁਲਿਸ ਚੌਕੀ ਵਿਖੇ ਹਾਜ਼ਰ ਰਹੇਗੀ ਜਾਂਚ ਟੀਮ; ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਪਛਾਣ ਮੁਕੰਮਲ**

**ਫ਼ਰੀਦਕੋਟ, (ਪੰਜਾਬ ਮੇਲ)-** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਇਤਿਹਾਸਕ ਬਹਿਬਲ ਗੋਲੀ ਕਾਂਡ ਦੀ ਪੜਤਾਲ ਲਈ ਪਿੰਡ ਬਹਿਬਲ ਕਲਾਂ, ਬਰਗਾੜੀ ਅਤੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਪੁੱਜੀ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੇ ਹੁਣ ਇਲਾਕੇ ਦੇ ਆਮ ਲੋਕਾਂ ਨੂੰ ਇਸ ਪੜਤਾਲ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਜਾਂਚ ਟੀਮ ਨੇ ਇੱਕ ਵਿਸ਼ੇਸ਼ ਜਨਤਕ ਨੋਟਿਸ ਜਾਰੀ ਕਰਕੇ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਕੋਈ ਵੀ ਵਿਅਕਤੀ ਜੇਕਰ ਕੋਟਕਪੂਰਾ-ਬਹਿਬਲ ਗੋਲੀਕਾਂਡ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਸਬੰਧੀ ਕਿਸੇ ਵੀ ਪ੍ਰਕਾਰ ਦੀ ਅਹਿਮ ਜਾਣਕਾਰੀ, ਸਬੂਤ ਜਾਂ ਤੱਥ ਰੱਖਦਾ ਹੋਵੇ, ਤਾਂ ਉਹ ਬਿਨਾਂ ਕਿਸੇ ਡਰ ਤੋਂ ਇਸ ਨੂੰ ਵਿਸ਼ੇਸ਼ ਜਾਂਚ ਟੀਮ ਨਾਲ ਸਾਂਝੀ ਕਰੇ। ਡੀ.ਆਈ.ਜੀ. ਹਰਜੀਤ ਸਿੰਘ ਇਸ ਉੱਚ ਪੱਧਰੀ ਜਾਂਚ ਟੀਮ ਦੀ ਅਗਵਾਈ ਕਰ ਰਹੇ ਹਨ।

ਵਿਸ਼ੇਸ਼ ਜਾਂਚ ਟੀਮ ਵੱਲੋਂ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਗਿਆ ਹੈ ਕਿ ਉਹ ਆਉਣ ਵਾਲੀ 30 ਜੁਲਾਈ ਨੂੰ ਪੁਲਿਸ ਚੌਕੀ ਬਰਗਾੜੀ ਵਿਖੇ ਪੂਰਾ ਦਿਨ ਹਾਜ਼ਰ ਰਹਿਣਗੇ। ਜੇਕਰ ਕੋਈ ਵੀ ਵਿਅਕਤੀ ਆਮ ਜਨਤਾ ਵਿਚੋਂ ਉਪਰੋਕਤ ਕਾਂਡਾਂ ਬਾਰੇ ਕੋਈ ਵੀ ਚਸ਼ਮਦੀਦ ਗਵਾਹੀ ਜਾਂ ਜਾਣਕਾਰੀ ਦੇਣੀ ਚਾਹੁੰਦਾ ਹੈ, ਤਾਂ ਮੌਕੇ 'ਤੇ ਉਸ ਵਿਅਕਤੀ ਦੇ ਬਿਆਨ ਕਾਨੂੰਨ ਮੁਤਾਬਕ ਕਲਮਬੰਦ ਕੀਤੇ ਜਾਣਗੇ। ਜਾਂਚ ਟੀਮ ਨੇ ਸਪੱਸ਼ਟ ਭਰੋਸਾ ਦਿੱਤਾ ਹੈ ਕਿ ਸੁਰੱਖਿਆ ਦੇ ਮੱਦੇਨਜ਼ਰ ਜਾਣਕਾਰੀ ਸਾਂਝੀ ਕਰਨ ਵਾਲੇ ਹਰ ਵਿਅਕਤੀ ਦੀ ਪਛਾਣ ਨੂੰ ਮੁਕੰਮਲ ਤੌਰ 'ਤੇ ਗੁਪਤ ਰੱਖਿਆ ਜਾਵੇਗਾ, ਤਾਂ ਜੋ ਕੋਈ ਵੀ ਗਵਾਹ ਬਿਨਾਂ ਕਿਸੇ ਝਿਜਕ ਜਾਂ ਖ਼ਤਰੇ ਦੇ ਸੱਚ ਸਾਹਮਣੇ ਲਿਆਉਣ ਵਿਚ ਸਹਿਯੋਗ ਕਰ ਸਕੇ।

# ਵੈਨੇਜ਼ੁਏਲਾ ਭੂਚਾਲ 'ਚ ਮ੍ਰਿਤਕਾਂ ਦੀ ਗਿਣਤੀ 3,500 ਤੋਂ ਪਾਰ

**ਕਾਰਾਕਸ, (ਪੰਜਾਬ ਮੇਲ)-** ਵੈਨੇਜ਼ੁਏਲਾ ਦੇ ਦੋਹਰੇ ਭੂਚਾਲਾਂ ਵਿਚ ਮਰਨ ਵਾਲਿਆਂ ਦੀ ਗਿਣਤੀ 3,535 ਹੋ ਗਈ ਹੈ, ਜਦੋਂਕਿ 16,700 ਲੋਕ ਜ਼ਖਮੀ ਹੋਏ ਹਨ। ਨੈਸ਼ਨਲ ਅਸੈਂਬਲੀ ਦੇ ਪ੍ਰਧਾਨ ਜੋਰਜ ਰੌਡਰਿਗਜ਼ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਰੋਡਰਿਗਜ਼ ਨੇ ਕਿਹਾ ਕਿ ਬਚਾਏ ਗਏ ਲੋਕਾਂ ਦੀ ਗਿਣਤੀ 6,462 ਹੈ।

ਸ਼ਿਨਹੂਆ ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ ਇੱਕ ਅਧਿਕਾਰਤ ਰਿਪੋਰਟ ਵਿਚ ਕਿਹਾ ਗਿਆ ਹੈ ਕਿ 17,345 ਲੋਕ ਬੇਘਰ ਵੀ ਹੋ ਗਏ ਹਨ। ਜਾਣਕਾਰੀ ਅਨੁਸਾਰ 24 ਜੂਨ ਨੂੰ 7.2 ਅਤੇ 7.5 ਤੀਬਰਤਾ ਵਾਲੇ ਭੂਚਾਲਾਂ ਤੋਂ ਬਾਅਦ ਵੈਨੇਜ਼ੁਏਲਾ ਵਿਚ 995 ਝਟਕੇ ਦਰਜ ਕੀਤੇ ਗਏ ਹਨ। ਅਧਿਕਾਰੀਆਂ ਨੇ ਵਿਸਥਾਪਿਤ ਅਤੇ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ 80 ਅਸਥਾਈ ਕੈਂਪ ਵੀ ਸਥਾਪਤ ਕੀਤੇ ਹਨ। ਇਸ ਤੋਂ ਇਲਾਵਾ 29,567 ਬਚਾਅ ਕਰਮਚਾਰੀ ਬਚੇ ਹੋਏ ਲੋਕਾਂ ਦੀ ਭਾਲ ਲਈ ਤਾਇਨਾਤ ਹਨ, ਜਿਨ੍ਹਾਂ ਵਿਚ ਵਿਦੇਸ਼ਾਂ ਤੋਂ 3,281 ਕਰਮਚਾਰੀ ਸ਼ਾਮਲ ਹਨ।

ਇਸ ਦੌਰਾਨ ਵੈਨੇਜ਼ੁਏਲਾ ਦੇ ਕਾਰਜਕਾਰੀ ਰਾਸ਼ਟਰਪਤੀ ਡੈਲਸੀ ਰੌਡਰਿਗਜ਼ ਨੇ ਪਹਿਲਾਂ 24 ਜੂਨ ਨੂੰ ਦੇਸ਼ ਵਿਚ ਆਏ ਸ਼ਕਤੀਸ਼ਾਲੀ ਭੂਚਾਲਾਂ ਦੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਲਈ 7 ਦਿਨਾਂ ਦੇ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਹੈ। ਦੂਜੇ ਪਾਸੇ ਵਿਦੇਸ਼ ਮੰਤਰਾਲੇ ਦੁਆਰਾ ਐਕਸ 'ਤੇ ਸਾਂਝੇ ਕੀਤੇ ਗਏ ਵੀਡੀਓਜ਼ ਵਿਚ ਲੋਕ ਭਾਰਤੀ ਮੈਡੀਕਲ ਟੀਮ ਦੀ ਪ੍ਰਸ਼ੰਸਾ ਕਰਦੇ ਅਤੇ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਦਿਖਾਈ ਦੇਖੇ ਜਾ ਸਕਦੇ ਹਨ। ਭਾਰਤ ਨੇ ਵਿਨਾਸ਼ਕਾਰੀ ਦੋਹਰੇ ਭੂਚਾਲਾਂ ਤੋਂ ਬਾਅਦ ਵੈਨੇਜ਼ੁਏਲਾ ਦਾ ਸਮਰਥਨ ਕਰਨ ਲਈ 'ਆਪ੍ਰੇਸ਼ਨ ਐਮਿਸਟੈਡ' ਸ਼ੁਰੂ ਕੀਤਾ, ਜਿਸ ਵਿਚ ਕਈ ਜਾਨਾਂ ਗਈਆਂ ਅਤੇ ਦੇਸ਼ ਭਰ ਵਿਚ ਵਿਆਪਕ ਤਬਾਹੀ ਹੋਈ।




# ਦਿਲਜੀਤ ਦੋਸਾਂਝ ਦੀ ਫਿਲਮ 'ਸਤਲੁਜ' 'ਤੇ ਪਾਬੰਦੀ

- ਫਿਲਮ ਓ.ਟੀ.ਟੀ. ਤੋਂ ਹਟਾਏ ਜਾਣ ਬਾਅਦ ਭਾਜਪਾ ਮੁੜ ਨਿਸ਼ਾਨੇ 'ਤੇ ਆਈ
- ਪਾਬੰਦੀ ਪੰਜਾਬ ਪ੍ਰਤੀ ਨਫ਼ਰਤ ਦਾ ਪ੍ਰਮਾਣ: ਕੰਗ; ਕਾਂਗਰਸ ਨੇ ਵੱਟੀ ਚੁੱਪ




**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬੀ ਅਦਾਕਾਰ ਦਿਲਜੀਤ ਦੋਸਾਂਝ ਦੀ ਫਿਲਮ 'ਸਤਲੁਜ' ਨੂੰ ਜ਼ੀ-5 ਪਲੈਟਫਾਰਮ ਤੋਂ ਹਟਾਏ ਜਾਣ ਮਗਰੋਂ ਭਾਜਪਾ ਮੁੜ ਨਿਸ਼ਾਨੇ 'ਤੇ ਆ ਗਈ ਹੈ। ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਇਹ ਪੈਂਤੜਾ ਸਿਆਸੀ ਤੌਰ 'ਤੇ ਪ੍ਰਭਾਵਿਤ ਕਰ ਸਕਦਾ ਹੈ। ਇੱਕ ਬੰਨ੍ਹੇ ਭਾਜਪਾ ਚੋਣਾਂ ਦੇ ਮੱਦੇਨਜ਼ਰ ਲੋਕ ਮਨਾਂ 'ਚੋਂ ਪਾਰਟੀ ਪ੍ਰਤੀ ਦੂਰੀਆਂ ਘਟਾਉਣ ਲਈ ਜ਼ੋਰ ਲਾ ਰਹੀ ਹੈ, ਦੂਜੇ ਪਾਸੇ ਮਨੁੱਖੀ ਅਧਿਕਾਰਾਂ ਦੇ ਪੈਰੋਕਾਰ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ 'ਤੇ ਆਧਾਰਿਤ ਫਿਲਮ 'ਸਤਲੁਜ' ਨੂੰ ਜ਼ੀ-5 ਪਲੈਟਫਾਰਮ ਤੋਂ ਹਟਾ ਦਿੱਤਾ ਗਿਆ ਹੈ। ਰੋਕ ਲੱਗਣ ਮਗਰੋਂ ਪੰਜਾਬ ਭਰ 'ਚ ਸੋਸ਼ਲ ਮੀਡੀਆ 'ਤੇ ਫਿਲਮ ਨੂੰ ਸਾਂਝਾ ਕੀਤਾ ਜਾ ਰਿਹਾ ਹੈ ਅਤੇ ਨਵੀਂ ਪੀੜ੍ਹੀ ਦੀ ਇਸ 'ਚ ਦਿਲਚਸਪੀ ਵਧ ਗਈ ਹੈ।

ਕਾਂਗਰਸ ਪਾਰਟੀ ਨੇ ਹਾਲੇ ਇਸ ਫਿਲਮ ਦੇ ਮਾਮਲੇ 'ਤੇ ਚੁੱਪ ਧਾਰੀ ਹੋਈ ਹੈ; ਬਾਕੀ ਸਿਆਸੀ ਪਾਰਟੀਆਂ ਨੇ ਭਾਜਪਾ ਨੂੰ ਘੇਰਿਆ ਹੈ। 'ਆਪ' ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਭਾਜਪਾ ਦੀ ਇਸ ਕਾਰਵਾਈ ਨੂੰ ਸ਼ਰਮਨਾਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਬੰਦੀ ਨਾਲ ਭਾਜਪਾ ਦਾ ਅਸਲ ਚਿਹਰਾ ਬੇਪਰਦ ਹੋ ਗਿਆ ਹੈ ਤੇ ਪਾਰਟੀ ਦੀ ਪੰਜਾਬ ਪ੍ਰਤੀ ਨਫ਼ਰਤ ਦੀ ਇਹ ਸਪੱਸ਼ਟ ਝਲਕ ਹੈ। ਜਦੋਂ ਕੋਈ ਮੁਲਕ ਆਪਣੇ ਇਤਿਹਾਸ ਤੋਂ ਡਰਨ ਲੱਗ ਪੈਂਦਾ ਹੈ, ਤਾਂ ਸੈਂਸਰਸ਼ਿਪ ਉਸ ਦਾ ਖ਼ਤਰਨਾਕ ਹਥਿਆਰ ਬਣ ਜਾਂਦੀ ਹੈ। ਉਨ੍ਹਾਂ ਮੰਗ ਕੀਤੀ ਕਿ ਫਿਲਮ ਬਿਨਾਂ ਦੇਰੀ ਬਹਾਲ ਕੀਤੀ ਜਾਵੇ। ਇਹ 1980-90 ਦੇ ਦਹਾਕੇ ਦੌਰਾਨ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਅਤੇ ਜਸਵੰਤ ਸਿੰਘ ਖਾਲੜਾ ਦੇ ਦਲੇਰਾਨਾ ਸੰਘਰਸ਼ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ 'ਦਿ ਕਸ਼ਮੀਰ ਫਾਈਲਜ਼' ਅਤੇ 'ਦਿ ਕੇਰਲਾ ਸਟੋਰੀ' ਵਰਗੀਆਂ ਫਿਲਮਾਂ ਨੂੰ ਬਿਨਾਂ ਕਿਸੇ ਰੋਕ ਤੋਂ ਪ੍ਰਮੋਟ ਕੀਤਾ ਜਾਂਦਾ ਹੈ ਪਰ ਜਦੋਂ ਕੋਈ ਫਿਲਮ ਪੰਜਾਬ 'ਚ ਹੋਏ ਅੱਤਿਆਚਾਰਾਂ ਬਾਰੇ ਸਵਾਲ ਖੜ੍ਹੀ ਕਰਦੀ ਹੈ, ਤਾਂ ਉਸ ਨੂੰ ਗ਼ਾਇਬ ਕਰ ਦਿੱਤਾ ਜਾਂਦਾ ਹੈ। 'ਆਪ' ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਭਾਜਪਾ ਨੂੰ ਸੱਚ ਤੋਂ ਇਨ੍ਹਾਂ ਡਰ ਕਿਉਂ ਲੱਗਦਾ ਹੈ? ਭਾਜਪਾ ਵੱਲੋਂ ਕਾਂਗਰਸ ਦੇ ਪਾਪ ਦਬਾਉਣ ਲਈ ਇਹ ਪਰਦਾ ਕਿਉਂ ਪਾਇਆ ਗਿਆ ਹੈ? ਕਿਤੇ ਕੋਈ ਅੰਦਰੂਨੀ ਸਮਝੌਤਾ ਤਾਂ ਨਹੀਂ। ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਆਰ.ਐੱਸ. ਚੀਮਾ ਨੇ ਕਿਹਾ ਕਿ ਖਾਲੜਾ ਮਾਮਲਾ ਸੁਪਰੀਮ ਕੋਰਟ ਤੱਕ ਗਿਆ ਸੀ ਅਤੇ ਅਦਾਲਤ ਨੇ ਮੋਹਰ ਲਾਈ ਸੀ ਕਿ ਜਸਵੰਤ ਸਿੰਘ ਖਾਲੜਾ ਦੀ ਪੁਲਿਸ ਅਧਿਕਾਰੀਆਂ ਨੇ ਹੱਤਿਆ ਕੀਤੀ ਸੀ। ਹੁਣ ਖਾਲੜਾ ਦੀ ਜ਼ਿੰਦਗੀ 'ਤੇ ਬਣੀ ਫਿਲਮ ਦਿਖਾਉਣ 'ਚ ਕੀ ਗ਼ਲਤ ਹੈ? ਸਾਬਕਾ ਮੰਤਰੀ ਅਤੇ ਭਾਜਪਾ ਆਗੂ ਮਨੋਰੰਜਨ ਕਾਲੀਆ ਨੇ ਕਿਹਾ ਕਿ ਅਜਿਹੀਆਂ ਫਿਲਮਾਂ ਪੁਰਾਣੇ ਜ਼ਖ਼ਮ ਚੀਰਦੀਆਂ ਹਨ, ਜਿਨ੍ਹਾਂ ਨੂੰ ਪ੍ਰਦਰਸ਼ਿਤ ਕਰਨ ਤੋਂ ਬਚਣਾ ਬਿਹਤਰ ਹੈ। ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ ਫਿਲਮ ਵਾਪਸ ਲੈਣੀ ਸਾਰਿਆਂ ਦੇ ਭਲੇ ਲਈ ਹੈ। ਅਜਿਹੀਆਂ ਫਿਲਮਾਂ ਸ਼ਾਂਤੀ ਅਤੇ ਫਿਰਕੂ ਸਦਭਾਵਨਾ ਭੰਗ ਕਰਨ ਦੀ ਪ੍ਰਵਿਰਤੀ ਰੱਖਦੀਆਂ ਹਨ।

# ਹੁਸ਼ਿਆਰਪੁਰ ਨਗਰ ਨਿਗਮ ਚੋਣਾਂ 'ਚ 'ਆਪ' ਦੀ ਹੂੰਝਾ ਫੇਰ ਜਿੱਤ

- 50 ਵਾਰਡਾਂ ਵਿਚੋਂ 35 'ਤੇ ਜਿੱਤ ਹਾਸਲ ਕੀਤੀ; 'ਆਪ' ਦਾ ਮੇਅਰ ਬਣਨਾ ਤੈਅ

**ਹੁਸ਼ਿਆਰਪੁਰ, (ਪੰਜਾਬ ਮੇਲ)-** ਹੁਸ਼ਿਆਰਪੁਰ ਨਗਰ ਨਿਗਮ ਚੋਣਾਂ 'ਚ ਆਮ ਆਦਮੀ ਪਾਰਟੀ ਨੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ ਹੈ। 50 ਵਿਚੋਂ 35 ਵਾਰਡਾਂ 'ਚ ਪਾਰਟੀ ਦੇ ਉਮੀਦਵਾਰ ਜੇਤੂ ਰਹੇ ਹਨ। ਕਾਂਗਰਸ ਨੂੰ 9 ਅਤੇ ਭਾਜਪਾ ਨੂੰ 3 ਸੀਟਾਂ ਹਾਸਿਲ ਹੋਈਆਂ ਹਨ। 3 ਸੀਟਾਂ ਤੋਂ ਆਜ਼ਾਦ ਉਮੀਦਵਾਰ ਜਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀਆਂ। ਹਲਕਾ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦਾ ਭਰਾ ਅਤੇ ਕੈਬਨਿਟ ਮੰਤਰੀ ਰਵਜੋਤ ਸਿੰਘ ਦਾ ਪੀ.ਏ. ਆਪਣੇ-ਆਪਣੇ ਵਾਰਡਾਂ 'ਚੋਂ ਜਿੱਤ ਗਏ ਹਨ।

ਸਾਬਕਾ ਮੇਅਰ ਸੁਰਿੰਦਰ ਕੁਮਾਰ ਅਤੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਵੀ ਆਪਣੇ ਵਾਰਡਾਂ 'ਚੋਂ ਜੇਤੂ ਰਹੇ। ਬਹੁਮਤ ਹਾਸਿਲ ਕਰਨ ਨਾਲ ਹੁਣ ਆਮ ਆਦਮੀ ਪਾਰਟੀ ਵਲੋਂ ਆਪਣਾ ਮੇਅਰ ਬਣਾਉਣਾ ਹੁਣ ਤੈਅ ਹੈ। ਅੱਜ ਦੇ ਨਤੀਜਿਆਂ ਦੀ ਜਿੱਤ ਨੇ 'ਆਪ' ਸਰਕਾਰ ਦੀ ਪੈਠ ਮਜ਼ਬੂਤ ਕੀਤੀ ਹੈ। ਇਸ ਚੋਣ ਨੂੰ ਜਿੱਤਣ ਲਈ ਵਿਧਾਇਕ ਬ੍ਰਹਮ ਸ਼ੰਕਰ ਨੇ ਪੂਰੀ ਵਾਹ ਲਗਾ ਦਿੱਤੀ ਸੀ ਅਤੇ ਇਸ ਨੂੰ ਆਪਣੇ ਵੱਕਾਰ ਦਾ ਸਵਾਲ ਬਣਾਇਆ ਹੋਇਆ ਸੀ। ਸ਼ਹਿਰ ਦੇ ਕੁੱਲ ਵੋਟਰਾਂ ਵਿਚੋਂ 60.5 ਨੇ ਹੀ ਆਪਣੀ ਵੋਟ ਦਾ ਇਸਤੇਮਾਲ ਕੀਤਾ। ਵੋਟਾਂ ਦਾ ਕੰਮ ਸ਼ਾਂਤਮਈ ਢੰਗ ਨਾਲ ਪੂਰਾ ਹੋਇਆ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਪੰਜਾਬ ਕਾਂਗਰਸ ਟਕਰਾਅ: ਭੁਪੇਸ਼ ਬਘੇਲ ਦੇ ਦੌਰੇ ਵਿਚਾਲੇ ਕਾਂਗਰਸ 'ਚ ਖਾਨਾਜੰਗੀ ਉੱਭਰੀ

- ਚੰਨੀ ਧੜੇ ਵੱਲੋਂ ਗੁਪਤ ਮੀਟਿੰਗ 'ਚ ਵੜਿੰਗ ਦੇ ਪ੍ਰੋਗਰਾਮਾਂ ਦੇ ਬਾਈਕਾਟ ਦਾ ਐਲਾਨ
- ਬਾਜਵਾ ਤੇ ਵੜਿੰਗ ਵੱਲੋਂ ਵੱਖੋ-ਵੱਖਰਾ ਸਵਾਗਤ



*ਚੰਡੀਗੜ੍ਹ ਹਵਾਈ ਅੱਡੇ 'ਤੇ ਭੁਪੇਸ਼ ਬਘੇਲ ਦੇ ਸਵਾਗਤ ਲਈ ਪਹੁੰਚੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਹੋਰ ਆਗੂ।*

**ਚੰਡੀਗੜ੍ਹ, (ਪੰਜਾਬ ਮੇਲ)-** ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਦੀ ਪੰਜਾਬ ਆਮਦ ਤੋਂ ਐਨ ਪਹਿਲਾਂ ਸੂਬਾਈ ਕਾਂਗਰਸ ਵਿਚਲੀ ਖਾਨਾਜੰਗੀ ਨੇ ਨਵਾਂ ਮੋੜਾ ਲੈ ਲਿਆ ਹੈ। ਬਘੇਲ ਪੰਜਾਬ ਕਾਂਗਰਸ 'ਚ ਛਿੜੀ ਸਿਆਸੀ ਜੰਗ ਨੂੰ ਠੱਲ੍ਹਣ ਲਈ ਪੰਜ ਦਿਨਾਂ ਦੌਰੇ 'ਤੇ ਚੰਡੀਗੜ੍ਹ ਪੁੱਜੇ ਹਨ। ਉਨ੍ਹਾਂ ਦੀ ਆਮਦ ਤੋਂ ਪਹਿਲਾਂ ਹੀ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦੇ ਧੜੇ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਧੜੇ ਨਾਲ ਹੱਥ ਮਿਲਾ ਲਏ। ਰੰਧਾਵਾ ਨੇ ਸਾਂਝੀ ਤਸਵੀਰ ਜਾਰੀ ਕਰ ਕੇ ਲਿਖਿਆ 'ਏਕੇ 'ਚ ਬਰਕਤ' ਹੈ।

ਚੰਨੀ ਧੜੇ ਨੇ ਮੁਹਾਲੀ 'ਚ ਗੁਪਤ ਮੀਟਿੰਗ ਕਰ ਕੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ 'ਚ ਹੋਣ ਵਾਲੇ ਪ੍ਰੋਗਰਾਮਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। ਮੋਰਿੰਡਾ ਇਕੱਠ ਮਗਰੋਂ ਹੋਈ ਮੀਟਿੰਗ 'ਚ ਚੰਨੀ ਤੇ ਰੰਧਾਵਾ ਦੇ ਧੜਿਆਂ ਨੇ ਇਕੱਠੇ ਹੋ ਕੇ ਵੜਿੰਗ ਖ਼ਿਲਾਫ਼ ਘੇਰਾਬੰਦੀ ਵਧਾ ਦਿੱਤੀ ਹੈ। ਇਸੇ ਦੌਰਾਨ ਚੰਨੀ ਧੜੇ ਨਾਲ ਜੁੜੇ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਨੂੰ ਕਾਂਗਰਸ ਦੀ ਅਨੁਸ਼ਾਸਨੀ ਕਮੇਟੀ ਨੇ ਨੋਟਿਸ ਜਾਰੀ ਕੀਤਾ ਹੈ। ਜਲਾਲਪੁਰ 'ਤੇ ਹਾਈਕਮਾਂਡ ਖ਼ਿਲਾਫ਼ ਬਿਆਨਬਾਜ਼ੀ ਕਰਨ ਦਾ ਦੋਸ਼ ਸੀ।

ਬਘੇਲ ਦੀ ਆਮਦ ਮੌਕੇ ਕਾਂਗਰਸ ਪੂਰੀ ਤਰ੍ਹਾਂ ਧੜਿਆਂ 'ਚ ਵੰਡੀ ਨਜ਼ਰ ਆਈ। ਰਾਜਾ ਵੜਿੰਗ ਨੇ ਹਵਾਈ ਅੱਡੇ 'ਤੇ ਬਘੇਲ ਦਾ ਜ਼ੋਰਦਾਰ ਸਵਾਗਤ ਕੀਤਾ। ਇਸ ਮੌਕੇ ਕਾਂਗਰਸੀ ਵਰਕਰਾਂ ਨੇ ਰਾਜਾ ਵੜਿੰਗ ਦੇ ਹੱਕ ਵਿਚ ਨਾਅਰੇ ਲਗਾਏ। ਸਵਾਗਤ ਮੌਕੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੀ ਨਜ਼ਰ ਆਏ। ਚੰਨੀ ਧੜੇ ਦਾ ਕੋਈ ਵੀ ਆਗੂ ਇਸ ਮੌਕੇ ਮੌਜੂਦ ਨਹੀਂ ਸੀ। ਯੂਥ ਕਾਂਗਰਸ ਦਾ ਨਵਾਂ ਪ੍ਰਧਾਨ ਸ਼ੁਭਮ ਸ਼ਰਮਾ ਅਤੇ ਐੱਨ.ਐੱਸ.ਯੂ. ਆਈ ਦਾ ਪ੍ਰਧਾਨ ਈਸ਼ਰਪ੍ਰੀਤ ਸਿੰਘ ਵੀ ਗ਼ੈਰਹਾਜ਼ਰ ਰਹੇ। ਬਘੇਲ ਦੇ ਸਵਾਗਤ ਲਈ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਖਰੇ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਬਘੇਲ ਦਾ ਸਵਾਗਤ ਤਾਂ ਕੀਤਾ ਪਰ ਉਹ ਰਾਜਾ ਵੜਿੰਗ ਨਾਲੋਂ ਦੂਰੀ ਬਣਾ ਕੇ ਚੱਲੇ।

ਬਘੇਲ ਸਭ ਤੋਂ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਬਾਜਵਾ ਦੇ ਘਰ ਪਹੁੰਚੇ ਪਰ ਇਸ ਮੌਕੇ ਕਿਧਰੇ ਵੀ ਰਾਜਾ ਵੜਿੰਗ ਨਜ਼ਰ ਨਹੀਂ ਆਏ। ਬਾਜਵਾ ਦੇ ਘਰ ਸਾਬਕਾ ਮੰਤਰੀ ਓ.ਪੀ. ਸੋਨੀ, ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਅਤੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਆਦਿ ਹਾਜ਼ਰ ਸਨ। ਓ.ਪੀ. ਸੋਨੀ ਪਹਿਲਾਂ ਮੋਰਿੰਡਾ ਇਕੱਠ 'ਚ ਵੀ ਪਹੁੰਚੇ ਸਨ। ਸੂਤਰਾਂ ਮੁਤਾਬਕ ਭੁਪੇਸ਼ ਬਘੇਲ ਚੰਨੀ ਧੜੇ ਨਾਲ ਸਬੰਧਤ ਪ੍ਰਮੁੱਖ ਆਗੂਆਂ ਨਾਲ ਰਾਬਤਾ ਕਾਇਮ ਕਰ ਰਹੇ ਹਨ ਪਰ ਉਨ੍ਹਾਂ ਦੀ ਅਜੇ ਤੱਕ ਕਿਸੇ ਨੇਤਾ ਨਾਲ ਮੀਟਿੰਗ ਤੈਅ ਨਹੀਂ ਹੋਈ ਹੈ।

### ਅਸੀਂ ਸਭ ਇਕੱਠੇ ਹਾਂ : ਵੜਿੰਗ

ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਾਰਟੀ 'ਚ ਕਿਸੇ ਤਰ੍ਹਾਂ ਦੀ ਧੜੇਬੰਦੀ ਦੇ ਦੋਸ਼ਾਂ ਨਕਾਰਦਿਆਂ ਕਿਹਾ ਕਿ ਕਾਂਗਰਸ ਦਾ ਪਰਿਵਾਰ ਇਕਜੁੱਟ ਹੈ ਅਤੇ ਆਉਂਦੇ ਦਿਨਾਂ 'ਚ ਸਭ ਆਗੂ ਇੱਕ ਮੰਚ 'ਤੇ ਇਕੱਠੇ ਨਜ਼ਰ ਆਉਣਗੇ। ਕਾਂਗਰਸ 'ਚ ਕੋਈ ਅੰਦਰੂਨੀ ਫੁੱਟ ਨਹੀਂ ਹੈ ਅਤੇ ਸਾਰੇ ਆਗੂ ਇਕੱਠੇ ਹਨ। ਮੋਰਿੰਡਾ ਇਕੱਠ ਅਤੇ ਚੰਨੀ ਦੀ ਅਗਵਾਈ ਵਾਲੀ ਮੀਟਿੰਗ ਵੀ ਕਾਂਗਰਸ ਦੀ ਮਜ਼ਬੂਤੀ ਲਈ ਸੀ। ਪੰਜਾਬ ਇੰਚਾਰਜ ਇਕੱਲੇ-ਇਕੱਲੇ ਆਗੂ ਨੂੰ ਮਿਲਣਗੇ। ਉਧਰ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਕਿ ਉਹ ਪੰਜ ਦਿਨ ਇੱਥੇ ਰਹਿ ਕੇ ਸਾਰੇ ਆਗੂਆਂ ਨੂੰ ਮਿਲਣਗੇ ਤੇ ਦੋ ਦਿਨਾਂ ਮਗਰੋਂ ਇਸ ਬਾਰੇ ਮੀਡੀਆ ਨੂੰ ਦੱਸਿਆ ਜਾਵੇਗਾ। ਉਨ੍ਹਾਂ ਪਾਰਟੀ ਦੀ ਧੜੇਬੰਦੀ ਬਾਰੇ ਕੋਈ ਗੱਲ ਕਰਨ ਤੋਂ ਗੁਰੇਜ਼ ਕੀਤਾ। ਚੰਨੀ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਸਭ ਨਾਲ ਮੀਟਿੰਗ ਹੋਵੇਗੀ।

# ਪੰਜਾਬ 'ਚ ਇਕ ਹੋਰ ਅਕਾਲੀ ਦਲ ਆਇਆ ਹੋਂਦ 'ਚ!

- ਵਿਧਾਨ ਸਭਾ ਚੋਣਾਂ ਲੜਨ ਦਾ ਕੀਤਾ ਫ਼ੈਸਲਾ

**ਸ੍ਰੀ ਅਨੰਦਪੁਰ ਸਾਹਿਬ, (ਪੰਜਾਬ ਮੇਲ)-** ਪੰਜਾਬ ਅੰਦਰ ਜਿੱਥੇ ਪਹਿਲਾਂ ਹੀ ਕਈ ਅਕਾਲੀ ਦਲ ਵੱਖ-ਵੱਖ ਨਾਂ ਹੇਠ ਸੂਬੇ ਅੰਦਰ ਆਪਣੀ ਸਿਆਸਤ ਚਮਕਾ ਰਹੇ ਹਨ, ਉਥੇ ਹੀ ਹੁਣ ਇਕ ਹੋਰ ਅਕਾਲੀ ਦਲ 'ਸ਼੍ਰੋਮਣੀ ਅਕਾਲੀ ਦਲ ਸ੍ਰੀ ਅਨੰਦਪੁਰ ਸਾਹਿਬ' ਦੇ ਨਾਂ ਨਾਲ ਹੋਂਦ 'ਚ ਆਇਆ ਹੈ। ਇਸ ਦੀ ਸਮੁੱਚੀ ਟੀਮ ਵੱਲੋਂ ਨਵੇਂ ਅਕਾਲੀ ਦਲ ਦੇ ਪ੍ਰਧਾਨ ਦਵਿੰਦਰ ਸਿੰਘ ਦੀ ਅਗਵਾਈ ਹੇਠ ਬੀਤੇ ਦਿਨੀਂ ਖਾਲਸਾ ਪੰਥ ਦੇ ਜਨਮ ਅਸਥਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਬੰਧੀ ਚੋਣ ਮੁਹਿੰਮ ਦਾ ਆਗਾਜ਼ ਕੀਤਾ ਗਿਆ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਪ੍ਰੈੱਸ ਕਾਨਫਰੰਸ ਕਰਦਿਆਂ ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਦਵਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਤੱਕ ਜਿੰਨੀਆਂ ਵੀ ਸਰਕਾਰਾਂ ਪੰਜਾਬ ਅੰਦਰ ਹੋਂਦ 'ਚ ਆਈਆਂ ਹਨ, ਉਨ੍ਹਾਂ ਵੱਲੋਂ ਸੂਬੇ ਦੀਆਂ ਮੰਗਾਂ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੱਤਾ ਗਿਆ, ਜਿਸ ਕਾਰਨ ਪੰਜਾਬ ਦੇ ਲੋਕਾਂ ਦਾ ਇਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਤੋਂ ਮੋਹ ਭੰਗ ਹੋ ਚੁੱਕਾ ਹੈ। ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਦਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਅੰਦਰ ਕਈ ਵਾਰ ਰਾਜ ਕਰ ਚੁੱਕੀਆਂ ਪਾਰਟੀਆਂ, ਜਿਨ੍ਹਾਂ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਕਾਂਗਰਸ ਸ਼ਾਮਲ ਹਨ, ਤੋਂ ਤੰਗ ਆ ਕੇ ਸੂਬੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ ਸੀ ਪਰ ਇਸ ਪਾਰਟੀ ਨੇ ਵੀ ਪੰਜਾਬ ਦੇ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ ਤਾਂ ਹਥਿਆ ਲਈ ਪਰ ਲੋਕਾਂ ਦੀਆਂ ਆਸਾਂ 'ਤੇ ਪੂਰੀ ਨਹੀਂ ਉਤਰ ਸਕੀ। ਉਨ੍ਹਾਂ ਕਿਹਾ ਕਿ ਕਾਫੀ ਸੋਚ-ਵਿਚਾਰ ਤੋਂ ਬਾਅਦ ਸਾਡੇ ਵੱਲੋਂ 'ਸ਼੍ਰੋਮਣੀ ਅਕਾਲੀ ਦਲ ਸ੍ਰੀ ਅਨੰਦਪੁਰ ਸਾਹਿਬ' ਦੇ ਨਾਮ ਹੇਠ ਨਵਾਂ ਅਕਾਲੀ ਦਲ ਹੋਂਦ 'ਚ ਲਿਆਂਦਾ ਗਿਆ ਹੈ, ਜੋ ਪੰਜਾਬ ਦੇ ਲੋਕਾਂ ਦੀਆਂ ਆਸਾਂ 'ਤੇ ਪੂਰਾ ਉਤਰੇਗਾ ਅਤੇ ਸੱਤਾ 'ਚ ਆਉਣ ਉਪਰੰਤ ਕੇਂਦਰ ਤੋਂ ਪੰਜਾਬ ਦੇ ਸਾਰੇ ਮਸਲੇ ਹੱਲ ਕਰਵਾਏਗਾ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਰੀ ’ਚ ਸ਼੍ਰੋਮਣੀ ਕਮੇਟੀ ਵੱਲੋਂ ਕੰਟੇਨਰ ਰਾਹੀਂ ਭੇਜੇ ਗਏ ਸਰੂਪਾਂ ਦਾ ਮਾਮਲਾ ਭਖਿਆ

**ਕੈਨੇਡਾ ਦੀਆਂ ਗੁਰਦੁਆਰਾ ਕੌਂਸਲਾਂ ਨੇ ਮਾਮਲੇ ਦੀ ਜਾਂਚ ਲਈ ਜਥੇਦਾਰ ਅਕਾਲ ਤਖ਼ਤ ਨੂੰ ਪੱਤਰ ਭੇਜੇ**

ਵੈਨਕੂਵਰ, (ਪੰਜਾਬ ਮੇਲ)- ਸ਼੍ਰੋਮਣੀ ਕਮੇਟੀ ਨੇ ਸਰੀ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 225 ਬੀੜਾਂ ਦਾ ਮਾਮਲਾ ਜਨਤਕ ਹੋਣ ਤੋਂ ਬਾਅਦ ਕਥਿਤ ਬੇਅਦਬੀ ਨਾਲ ਜੁੜਨ ਕਰਕੇ ਵਿਵਾਦਤ ਬਣ ਗਿਆ ਹੈ। ਬੀ.ਸੀ. ਅਤੇ ਓਨਟਾਰੀਓ ਦੀਆਂ ਗੁਰਦੁਆਰਾ ਕੌਂਸਲਾਂ ਵਲੋਂ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਅਵੱਗਿਆ ਕਹਿੰਦੇ ਹੋਏ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਸਬੰਧਤ ਵਿਅਕਤੀਆਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਏ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਜਾਰੀ ਪੱਤਰ ਪ੍ਰਾਪਤ ਹੋਣ ਦੀ ਪੁਸ਼ਟੀ ਕਰਦੇ ਹੋਏ ਕੌਂਸਲਾਂ ਨੂੰ ਦੱਸਿਆ ਗਿਆ ਹੈ ਕਿ ਸਿੰਘ ਸਾਹਿਬ ਵੱਲੋਂ ਸਬੰਧਤ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਤੋਂ ਜਵਾਬ ਤਲਬ ਕੀਤਾ ਹੈ, ਜਿਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਏਗੀ। 2014 ’ਚ ਵੀ ਸ਼੍ਰੋਮਣੀ ਕਮੇਟੀ ਵਲੋਂ ਕੰਟੇਨਰ ਰਾਹੀਂ ਭੇਜੀਆਂ ਬੀੜਾਂ ਦਾ ਮਾਮਲਾ ਭਖਿਆ ਸੀ। ਉਸ ਸਮੇਂ ਜਿਸ ਬੱਸ ’ਚ ਬੀੜਾਂ ਭੇਜੀਆਂ ਗਈਆਂ, ਉਸ ਨੂੰ ਸ਼ਿੱਪ ’ਚੋਂ ਲਾਹੁਣ ਤੋਂ ਬਾਅਦ ਚਲਾ ਕੇ ਸਰੀ ਲਿਆਉਣ ਮੌਕੇ ਹਾਦਸਾ ਵਾਪਰ ਗਿਆ ਸੀ।

ਉਸ ਸਮੇਂ ਬੀੜਾਂ ਕਨਿਸ਼ਕਾ ਕਾਂਡ (ਹਵਾਈ ਜਹਾਜ਼ ’ਚ ਚੱਲੇ ਬੰਬ ਕਾਰਨ ਹੋਈਆਂ 329 ਮੌਤਾਂ) ਮਾਮਲੇ ’ਚ ਨਾਮਜਦ ਰਿਪੁਦਮਨ ਸਿੰਘ ਮਲਿਕ ਨੂੰ ਭੇਜੀਆਂ ਗਈਆਂ ਸਨ ਤੇ ਸ਼੍ਰੋਮਣੀ ਕਮੇਟੀ ਦੀ ਹਾਦਸਾਗ੍ਰਸਤ ਬੱਸ ਕਈ ਸਾਲ ਉਸ ਦੀ ਮਾਲਕੀ ਵਾਲੇ ਖਾਲਸਾ ਸਕੂਲ ਦੇ ਅਹਾਤੇ ’ਚ ਖੜ੍ਹੇ ਰਹਿਣ ਤੋਂ ਬਾਅਦ ਵਾਪਸ ਇੰਡੀਆ ਭੇਜਣ ਦੀ ਬਜਾਏ ਕੈਨੇਡਾ ’ਚ ਨਿਲਾਮ ਕੀਤੀ ਗਈ ਸੀ।

ਸ਼ਿਕਾਇਤ ਕਰਤਾ ਗੁਰਦੁਆਰਾ ਕੌਂਸਲਾਂ ਦਾ ਦੋਸ਼ ਹੈ ਕਿ ਸਿੱਖ ਸ਼ਰਧਾਲੂਆਂ ਵਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜੀਵਤ ਪ੍ਰਾਣੀ ਵਜੋਂ ਸਤਿਕਾਰਤ ਕੀਤਾ ਜਾਂਦਾ ਹੈ, ਜਿਸ ਨੂੰ ਦੋ ਢਾਈ ਮਹੀਨੇ ਬਿਨਾਂ ਪ੍ਰਕਾਸ਼ ਕੀਤੇ ਸਿੱਲ੍ਹ ਵਾਲੇ ਕੰਟੇਨਰ ’ਚ ਬੰਦ ਰੱਖਣਾ ਗੁਰੂ ਸਾਹਿਬ ਦੀ ਬੇਅਦਬੀ ਹੈ। ਜਿਸ ਲਈ ਮਾਮਲੇ ਨਾਲ ਜੁੜੇ ਹੋਏ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਵਿਰੁੱਧ ਸਖਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਯਾਦ ਕਰਾਇਆ ਕਿ 2014 ’ਚ ਤਤਕਾਲੀ ਸਿੰਘ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਸੀ ਕਿ ਬੀੜਾਂ ਨੂੰ ਕੰਨਟੇਨਰ ਜਾਂ ਹਵਾਈ ਜਹਾਜ਼ ਦੇ ਕਾਰਗੋ ਵਿਚ ਲਿਜਾਣ ਵਾਲਾ ਪੰਥ ਦੋਖੀ ਮੰਨਿਆ ਜਾਵੇਗਾ।

ਇਹ ਵੀ ਕਿਹਾ ਗਿਆ ਸੀ ਕਿ ਬੀੜ ਸਾਹਿਬ ਨੂੰ ਕਿਧਰੇ ਵੀ ਲਿਜਾਣ ਮੌਕੇ ਉਸ ਨੂੰ ਸੁੱਚੇ ਰੁਮਾਲਿਆਂ ਵਿਚ ਲਪੇਟ ਕੇ ਪਾਲਕੀ ਸਾਹਿਬ ਵਿਚ ਲਿਜਾਇਆ ਜਾਵੇ। ਉਨ੍ਹਾਂ ਸਿੰਘ ਸਾਹਿਬ ਨੂੰ ਯਾਦ ਕਰਾਇਆ ਕਿ ਉਸ ਘਟਨਾ ਤੋਂ 12 ਸਾਲ ਬੀਤ ਗਏ, ਪਰ ਅਜੇ ਤੱਕ ਕੋਈ ਜਾਂਚ ਹੀ ਨਹੀਂ ਹੋਈ ਤੇ ਨਾ ਹੀ ਲੱਖਾਂ ਰੁਪਏ ਦੀ ਬੱਸ ਨੂੰ ਕੁਝ ਹਜ਼ਾਰ ਰੁਪਏ ’ਚ ਨਿਲਾਮ ਕਰਨ ਬਾਰੇ ਕੋਈ ਕਾਰਵਾਈ ਹੋਈ।

ਕੈਨੇਡਾ ਦੀਆਂ ਗੁਰਦੁਆਰਾ ਕੌਂਸਲਾਂ ਨੇ ਇਸੇ ਸਬੰਧ ’ਚ ਸੰਗਤੀ ਇਕੱਠਾਂ ਰਾਹੀਂ ਮਤੇ ਪਾਸ ਕਰਨ ਬਾਰੇ ਵੀ ਦੱਸਿਆ। ਉਨ੍ਹਾਂ ਕਿਹਾ ਕਿ ਦੋ ਢਾਈ ਮਹੀਨੇ ਸ਼ਿੱਪ ਦੇ ਕਾਰਗੋ ’ਚ ਰਹਿਣ ਕਾਰਨ ਬੀੜਾਂ ਦਾ ਸਿੱਲ੍ਹੇ ਹੋਣਾ ਕੁਦਰਤੀ ਹੈ, ਪਰ ਸਬੰਧਤ ਗੁਰਦੁਆਰਾ ਸਾਹਿਬ ਨੇ ਕੌਂਸਲ ਦੇ ਪ੍ਰਤੀਨਿਧ ਨੂੰ ਬੀੜਾਂ ਦੇ ਦਰਸ਼ਨ ਕਰਨ ਦੀ ਆਗਿਆ ਨਾ ਦੇਣ ਤੋਂ ਸਪੱਸ਼ਟ ਹੈ ਕਿ ਕੌਂਸਲ ਦਾ ਸਿੱਲ ਵਾਲਾ ਖਦਸ਼ਾ ਸਹੀ ਹੈ। ਉੱਧਰ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਐਸੋਸੀਏਸ਼ਨ ਦੇ ਲੈਟਰ ਹੈੱਡ ਤੇ ਪ੍ਰਾਪਤ ਹੋਏ ਪ੍ਰੈਸ ਨੋਟ ’ਚ ਉਕਤ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਗਿਆ ਹੈ ਕਿ ਸ਼ਰਧਾਲੂਆਂ ਦੀ ਮੰਗ ਤੇ ਬੀੜਾਂ ਮੰਗਾਈਆਂ ਗਈਆਂ ਹਨ ਤੇ ਉਨ੍ਹਾਂ ਨੂੰ ਪੂਰੇ ਸਤਿਕਾਰ ਨਾਲ ਸੰਭਾਲਿਆ ਗਿਆ ਹੈ।

ਸਫਾ 1 ਦਾ ਬਾਕੀ

## ਕੈਲੀਫੋਰਨੀਆ ’ਚ ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਦੇਣ...

ਇਸ ਖਾਮੀ ਨੂੰ ਦੂਰ ਕਰਨ ਲਈ ਕੈਲੀਫੋਰਨੀਆ ਵਿਧਾਨ ਸਭਾ ਵਿਚ ਇੱਕ ਬਿੱਲ ਵੀ ਲਿਆਂਦਾ ਗਿਆ ਸੀ, ਜਿਸ ਦਾ ਮਕਸਦ ਸਾਰੇ ਟਰੱਕਿੰਗ ਸਕੂਲਾਂ ਨੂੰ ਰਾਜ ਦੀ ਨਿਗਰਾਨੀ ਹੇਠ ਲਿਆਉਣਾ ਸੀ। ਹਾਲਾਂਕਿ, ਉਹ ਬਿੱਲ ਪਾਸ ਨਹੀਂ ਹੋ ਸਕਿਆ ਅਤੇ ਕਾਨੂੰਨੀ ਛੋਟ ਅਜੇ ਵੀ ਜਾਰੀ ਹੈ। ਇਸੇ ਦੌਰਾਨ, ਸੰਘੀ ਸਰਕਾਰ ਨੇ ਵੀ ਕੁਝ ਟਰੱਕਿੰਗ ਸਕੂਲਾਂ ’ਤੇ ਨਿਗਰਾਨੀ ਵਧਾਈ ਹੈ ਅਤੇ ਹਜ਼ਾਰਾਂ ਸਕੂਲਾਂ ਦੇ ਰਿਕਾਰਡ ਦੀ ਜਾਂਚ ਸ਼ੁਰੂ ਕੀਤੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸੰਘੀ ਟ੍ਰੇਨਿੰਗ ਮਾਪਦੰਡਾਂ ਦੀ ਪਾਲਣਾ ਕਰ ਰਹੇ ਹਨ।

ਸਫਾ 1 ਦਾ ਬਾਕੀ

## ਅਮਰੀਕਾ, ਕੈਨੇਡਾ ਤੇ ਯੂਰਪ ਤੋਂ 24 ਗੈਂਗਸਟਰ ਗ੍ਰਿਫ਼ਤਾਰ !

ਅਮਰੀਕੀ ਨਿਆਂ ਵਿਭਾਗ ਨੇ ਕਿਹਾ ਕਿ ਇਹ ਕਾਰਵਾਈ ਸਿਰਫ਼ ਨਸ਼ਿਆਂ ਜਾਂ ਹਥਿਆਰਾਂ ਦੀ ਤਸਕਰੀ ਤੱਕ ਸੀਮਤ ਨਹੀਂ ਹੈ, ਸਗੋਂ ਉਨ੍ਹਾਂ ਅੰਤਰਰਾਸ਼ਟਰੀ ਗੈਂਗਾਂ ਨੂੰ ਤੋੜਨ ਲਈ ਕੀਤੀ ਗਈ ਹੈ, ਜੋ ਸਰਹੱਦਾਂ ਤੋਂ ਪਰੇ ਕਤਲ, ਫਿਰੌਤੀ ਅਤੇ ਹਿੰਸਕ ਅਪਰਾਧਾਂ ਨੂੰ ਅੰਜਾਮ ਦਿੰਦੀਆਂ ਹਨ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਜਾਂਚ ਅਜੇ ਵੀ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਗ੍ਰਿਫ਼ਤਾਰੀਆਂ ਅਤੇ ਕਾਰਵਾਈ ਹੋ ਸਕਦੀ ਹੈ।

ਸਫਾ 1 ਦਾ ਬਾਕੀ

## ਅਮਰੀਕੀ ਨਾਗਰਿਕਾਂ ਦੇ ਜੀਵਨ ਸਾਥੀਆਂ ਲਈ ਗ੍ਰੀਨ...

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਵਿਆਹ-ਆਧਾਰਿਤ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਵਾਲਿਆਂ ਨੂੰ ਹੁਣ ਆਪਣੇ ਰਿਸ਼ਤੇ ਦੇ ਸਬੂਤ, ਵਿੱਤੀ ਦਸਤਾਵੇਜ਼, ਇਕੱਠੇ ਰਹਿਣ ਦੇ ਪ੍ਰਮਾਣ ਅਤੇ ਹੋਰ ਰਿਕਾਰਡ ਪਹਿਲਾਂ ਨਾਲੋਂ ਵਧੇਰੇ ਵਿਸਥਾਰ ਨਾਲ ਪੇਸ਼ ਕਰਨੇ ਪੈ ਰਹੇ ਹਨ। ਕਈ ਮਾਮਲਿਆਂ ਵਿਚ ਵਾਧੂ ਦਸਤਾਵੇਜ਼ਾਂ ਦੀ ਮੰਗ ਅਤੇ ਇੰਟਰਵਿਊ ਦੀ ਜਾਂਚ ਵੀ ਵਧੀ ਹੈ। ਹਾਲਾਂਕਿ, ਇਮੀਗ੍ਰੇਸ਼ਨ ਕਾਨੂੰਨ ਵਿਚ ਵਿਆਹ ਦੇ ਆਧਾਰ ’ਤੇ ਗ੍ਰੀਨ ਕਾਰਡ ਦੀ ਯੋਗਤਾ ਨੂੰ ਖਤਮ ਨਹੀਂ ਕੀਤਾ ਗਿਆ। ਜੇਕਰ ਅਰਜ਼ੀਕਾਰ ਸਾਰੇ ਕਾਨੂੰਨੀ ਮਾਪਦੰਡ ਪੂਰੇ ਕਰਦਾ ਹੈ ਅਤੇ ਵਿਆਹ ਅਸਲੀ ਸਾਬਤ ਹੁੰਦਾ ਹੈ, ਤਾਂ ਉਹ ਪਹਿਲਾਂ ਵਾਂਗ ਹੀ ਗ੍ਰੀਨ ਕਾਰਡ ਹਾਸਲ ਕਰ ਸਕਦਾ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੁਣ ਪ੍ਰਕਿਰਿਆ ਹੋਰ ਸਖ਼ਤ, ਲੰਬੀ ਅਤੇ ਵਿਸਥਾਰਪੂਰਵਕ ਜਾਂਚ ਦੇ ਦਾਇਰੇ ਵਿਚ ਆ ਗਈ ਹੈ।

ਸਫਾ 1 ਦਾ ਬਾਕੀ

## ਅਮਰੀਕੀ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ’ਤੇ ਡੀ.ਓ.ਜੇ...

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਨੇ ਕਾਨੂੰਨੀ ਤਰੀਕੇ ਨਾਲ ਅਤੇ ਸਹੀ ਜਾਣਕਾਰੀ ਦੇ ਆਧਾਰ ’ਤੇ ਅਮਰੀਕੀ ਨਾਗਰਿਕਤਾ ਹਾਸਲ ਕੀਤੀ ਹੈ, ਉਨ੍ਹਾਂ ਨੂੰ ਇਸ ਨੀਤੀ ਤੋਂ ਘਬਰਾਉਣ ਦੀ ਲੋੜ ਨਹੀਂ। ਪਰ ਜਿਨ੍ਹਾਂ ਲੋਕਾਂ ਨੇ ਨਾਗਰਿਕਤਾ ਦੀ ਅਰਜ਼ੀ ਦੌਰਾਨ ਕੋਈ ਅਹਿਮ ਜਾਣਕਾਰੀ ਛੁਪਾਈ, ਝੂਠਾ ਬਿਆਨ ਦਿੱਤਾ ਜਾਂ ਜਾਅਲੀ ਦਸਤਾਵੇਜ਼ ਵਰਤੇ, ਉਨ੍ਹਾਂ ਲਈ ਭਵਿੱਖ ਵਿਚ ਗੰਭੀਰ ਕਾਨੂੰਨੀ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਮੁਹਿੰਮ ਦਾ ਮਕਸਦ ਅਮਰੀਕੀ ਨਾਗਰਿਕਤਾ ਪ੍ਰਣਾਲੀ ਦੀ ਭਰੋਸੇਯੋਗਤਾ ਨੂੰ ਕਾਇਮ ਰੱਖਣਾ ਅਤੇ ਧੋਖਾਧੜੀ ਰਾਹੀਂ ਨਾਗਰਿਕਤਾ ਪ੍ਰਾਪਤ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨਾ ਹੈ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਨਾਗਰਿਕਤਾ ਇੱਕ ਮਹੱਤਵਪੂਰਨ ਕਾਨੂੰਨੀ ਦਰਜਾ ਹੈ ਅਤੇ ਇਸਨੂੰ ਧੋਖੇ ਜਾਂ ਗਲਤ ਜਾਣਕਾਰੀ ਦੇ ਆਧਾਰ ’ਤੇ ਹਾਸਲ ਕਰਨ ਵਾਲਿਆਂ ਨੂੰ ਜਵਾਬਦੇਹ ਬਣਾਇਆ ਜਾਵੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com



ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA





## ਅਮਰੀਕਾ ਦੇ 250 ਸਾਲ

# ਆਜ਼ਾਦੀ, ਲੋਕਤੰਤਰ, ਤਰੱਕੀ, ਮੌਕਿਆਂ ਦੀ ਧਰਤੀ ਅਤੇ ਪੰਜਾਬੀਆਂ ਦਾ ਮਾਣਮੱਤਾ ਯੋਗਦਾਨ

4 ਜੁਲਾਈ ਦਾ ਦਿਨ ਸਿਰਫ਼ ਅਮਰੀਕਾ ਲਈ ਹੀ ਨਹੀਂ, ਸਗੋਂ ਪੂਰੀ ਦੁਨੀਆਂ ਲਈ ਇਤਿਹਾਸਕ ਮਹੱਤਵ ਰੱਖਦਾ ਹੈ। ਚਾਰ ਜੁਲਾਈ ਉਹ ਦਿਨ ਹੈ, ਜਦੋਂ 1776 ਵਿਚ ਇੱਕ ਨਵੇਂ ਰਾਸ਼ਟਰ ਨੇ ਆਜ਼ਾਦੀ ਦਾ ਐਲਾਨ ਕਰਕੇ ਦੁਨੀਆਂ ਨੂੰ ਇਹ ਸੰਦੇਸ਼ ਦਿੱਤਾ ਕਿ ਲੋਕਾਂ ਦੀ ਇੱਛਾ, ਆਜ਼ਾਦੀ ਅਤੇ ਲੋਕਤੰਤਰ ਕਿਸੇ ਵੀ ਸਾਮਰਾਜ ਤੋਂ ਵੱਡੇ ਹੋ ਸਕਦੇ ਹਨ। ਅਮਰੀਕਾ ਨੇ ਆਪਣੀ ਆਜ਼ਾਦੀ ਦੇ 250 ਸਾਲ ਪੂਰੇ ਕੀਤੇ ਹਨ। ਢਾਈ ਸਦੀਆਂ ਦਾ ਇਹ ਸਫ਼ਰ ਸਿਰਫ਼ ਇੱਕ ਦੇਸ਼ ਦੀ ਕਹਾਣੀ ਨਹੀਂ, ਸਗੋਂ ਮਨੁੱਖੀ ਇੱਛਾ-ਸ਼ਕਤੀ, ਸੰਘਰਸ਼, ਖੋਜ, ਵਿਗਿਆਨ, ਮਿਹਨਤ, ਨਵੀਨਤਾ ਅਤੇ ਉਮੀਦ ਦੀ ਕਹਾਣੀ ਹੈ।

ਅੱਜ ਜਦੋਂ ਦੁਨੀਆਂ ਦੇ ਹਰ ਕੋਨੇ ਵਿਚ ਅਮਰੀਕਾ ਦਾ ਨਾਮ ਪ੍ਰਭਾਵ, ਤਕਨਾਲੋਜੀ, ਆਰਥਿਕਤਾ, ਵਿਗਿਆਨ, ਉੱਚ ਸਿੱਖਿਆ ਅਤੇ ਨਵੀਨਤਾ ਨਾਲ ਜੋੜਿਆ ਜਾਂਦਾ ਹੈ, ਤਾਂ ਇਸ ਸਫ਼ਰ ਨੂੰ ਸਮਝਣਾ ਵੀ ਉਨਾ ਹੀ ਜ਼ਰੂਰੀ ਹੈ। ਇਹ ਕਾਮਯਾਬੀ ਇੱਕ ਦਿਨ ਵਿਚ ਨਹੀਂ ਮਿਲੀ। ਇਸ ਪਿੱਛੇ ਲਗਭਗ ਢਾਈ ਸੌ ਸਾਲਾਂ ਦੀ ਲਗਾਤਾਰ ਮਿਹਨਤ, ਸਹੀ ਸੰਸਥਾਵਾਂ ਦੀ ਸਥਾਪਨਾ, ਕਾਨੂੰਨ ਦੀ ਸਰਵਉੱਚਤਾ, ਨਾਗਰਿਕਾਂ ਦੀ ਭਾਗੀਦਾਰੀ ਅਤੇ ਦੁਨੀਆਂ ਭਰ ਤੋਂ ਆਏ ਲੱਖਾਂ-ਕਰੋੜਾਂ ਪਰਵਾਸੀਆਂ ਦਾ ਯੋਗਦਾਨ ਹੈ।

ਅੱਜ ਅਸੀਂ ਇਸ ਪੂਰੇ ਸਫ਼ਰ ਨੂੰ ਯਾਦ ਕਰਾਂਗੇ। ਅਸੀਂ ਜਾਣਾਂਗੇ ਕਿ ਇੱਕ ਸਮੇਂ ਬਰਤਾਨਵੀ ਬਸਤੀਆਂ ਦਾ ਸਮੂਹ ਰਹਿ ਚੁੱਕਾ ਇਹ ਖੇਤਰ ਕਿਵੇਂ ਦੁਨੀਆਂ ਦੀ ਸਭ ਤੋਂ ਪ੍ਰਭਾਵਸ਼ਾਲੀ ਤਾਕਤ ਬਣਿਆ। ਅਸੀਂ ਇਹ ਵੀ ਜਾਣਾਂਗੇ ਕਿ ਇਸ ਮਹਾਨ ਦੇਸ਼ ਦੀ ਤਰੱਕੀ ਵਿਚ ਪੰਜਾਬੀਆਂ ਅਤੇ ਸਿੱਖਾਂ ਨੇ ਕਿਵੇਂ ਆਪਣਾ ਅਮਿੱਟ ਯੋਗਦਾਨ ਪਾਇਆ ਅਤੇ ਕਿਵੇਂ ਅੱਜ ਉਹ ਅਮਰੀਕੀ ਸਮਾਜ ਦਾ ਮਾਣਯੋਗ ਹਿੱਸਾ ਬਣ ਚੁੱਕੇ ਹਨ।

ਇਸ ਧਰਤੀ ਉੱਤੇ ਮਨੁੱਖੀ ਜੀਵਨ ਹਜ਼ਾਰਾਂ ਸਾਲਾਂ ਤੋਂ ਮੌਜੂਦ ਸੀ। ਯੂਰਪੀ ਲੋਕਾਂ ਦੇ ਆਉਣ ਤੋਂ ਪਹਿਲਾਂ ਇੱਥੇ ਅਨੇਕਾਂ ਮੂਲ ਨਿਵਾਸੀ ਕਬੀਲੇ ਆਪਣੇ-ਆਪਣੇ ਸੱਭਿਆਚਾਰ, ਭਾਸ਼ਾਵਾਂ ਅਤੇ ਪ੍ਰੰਪਰਾਵਾਂ ਨਾਲ ਰਹਿੰਦੇ ਸਨ। ਉਹ ਕੁਦਰਤ ਨਾਲ ਜੁੜਿਆ ਜੀਵਨ ਜੀਉਂਦੇ ਸਨ, ਖੇਤੀ ਕਰਦੇ ਸਨ, ਸ਼ਿਕਾਰ ਕਰਦੇ ਸਨ ਅਤੇ ਆਪਣੀਆਂ ਵਿਲੱਖਣ ਸਮਾਜਿਕ ਪ੍ਰਣਾਲੀਆਂ ਰੱਖਦੇ ਸਨ। 15ਵੀਂ ਸਦੀ ਦੇ ਅੰਤ ਵਿਚ ਯੂਰਪੀ ਸਮੁੰਦਰੀ ਯਾਤਰਾਵਾਂ ਨੇ ਇੱਕ ਨਵਾਂ ਮੋੜ ਲਿਆ ਅਤੇ 1492 ਵਿਚ ਕ੍ਰਿਸਟੋਫਰ ਕੋਲੰਬਸ ਦੀ ਯਾਤਰਾ ਨੇ ਯੂਰਪੀ ਤਾਕਤਾਂ ਦਾ ਧਿਆਨ ਇਸ ਮਹਾਂਦੀਪ ਵੱਲ ਖਿੱਚਿਆ। ਇਸ ਤੋਂ ਬਾਅਦ ਸਪੇਨ, ਫ਼ਰਾਂਸ, ਨੀਦਰਲੈਂਡ ਅਤੇ ਬਰਤਾਨੀਆ ਨੇ ਉੱਤਰੀ ਅਮਰੀਕਾ ਵਿਚ ਆਪਣੀਆਂ ਬਸਤੀਆਂ ਕਾਇਮ ਕਰਨੀਆਂ ਸ਼ੁਰੂ ਕੀਤੀਆਂ।

17ਵੀਂ ਅਤੇ 18ਵੀਂ ਸਦੀ ਦੌਰਾਨ ਬਰਤਾਨੀਆ ਨੇ ਐਟਲਾਂਟਿਕ ਤੱਟ ਦੇ ਨਾਲ 13 ਬਸਤੀਆਂ ਸਥਾਪਿਤ ਕੀਤੀਆਂ। ਇਹ ਬਸਤੀਆਂ ਹੌਲੀ-ਹੌਲੀ ਵਪਾਰ, ਖੇਤੀਬਾੜੀ ਅਤੇ ਸਥਾਨਕ ਪ੍ਰਸ਼ਾਸਨ ਦੇ ਕੇਂਦਰ ਬਣ ਗਈਆਂ। ਇੱਥੇ ਆਏ ਲੋਕਾਂ ਵਿਚ ਕਿਸਾਨ, ਵਪਾਰੀ, ਕਾਰੀਗਰ, ਧਾਰਮਿਕ ਆਜ਼ਾਦੀ ਦੀ ਭਾਲ ਕਰਨ ਵਾਲੇ ਅਤੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਦੇ ਇੱਛੁਕ ਪਰਿਵਾਰ ਸ਼ਾਮਲ ਸਨ। ਸਮੇਂ ਦੇ ਨਾਲ ਇਨ੍ਹਾਂ ਬਸਤੀਆਂ ਵਿਚ ਇੱਕ ਨਵੀਂ ਸੋਚ ਜਨਮ ਲੈਣ ਲੱਗੀ ਕਿ ਜੇ ਅਸੀਂ ਆਪਣੀ ਮਿਹਨਤ ਨਾਲ ਤਰੱਕੀ ਕਰ ਰਹੇ ਹਾਂ, ਤਾਂ ਸਾਡੇ ਉੱਤੇ ਫ਼ੈਸਲੇ ਕਰਨ ਦਾ ਹੱਕ ਵੀ ਸਾਡਾ ਹੋਣਾ ਚਾਹੀਦਾ ਹੈ।

ਜਦੋਂ ਬਰਤਾਨਵੀ ਸਰਕਾਰ ਨੇ ਨਵੇਂ ਟੈਕਸ ਲਗਾਏ ਅਤੇ ਬਸਤੀਆਂ ਦੀ ਰਾਇ ਤੋਂ ਬਿਨਾਂ ਕਾਨੂੰਨ ਬਣਾਉਣੇ ਸ਼ੁਰੂ ਕੀਤੇ, ਤਾਂ ਅਸੰਤੋਸ਼ ਵਧਣ ਲੱਗਾ। "ਨੁਮਾਇੰਦਗੀ ਤੋਂ ਬਿਨਾਂ ਟੈਕਸ ਨਹੀਂ" ਦਾ ਵਿਚਾਰ ਲੋਕਾਂ ਵਿਚ ਲੋਕਪ੍ਰਿਯ ਹੋ ਗਿਆ। ਇਸ ਵਿਚਾਰ ਨੇ ਇੱਕ ਅਜਿਹੀ ਚਿੰਗਾਰੀ ਨੂੰ ਜਨਮ ਦਿੱਤਾ, ਜਿਸ ਨੇ ਅੱਗੇ ਚੱਲ ਕੇ ਆਜ਼ਾਦੀ ਦੀ ਲੜਾਈ ਦਾ ਰੂਪ ਧਾਰ ਲਿਆ।

1775 ਵਿਚ ਆਜ਼ਾਦੀ ਦੀ ਲੜਾਈ ਸ਼ੁਰੂ ਹੋਈ ਅਤੇ ਇੱਕ ਸਾਲ ਬਾਅਦ 4 ਜੁਲਾਈ 1776 ਨੂੰ ਯੂਨਾਈਟਿਡ ਸਟੇਟਸ ਡੈਕਲਾਰੇਸ਼ਨ ਆਫ ਇੰਡੀਪੈਂਡੈਂਸ ਨੂੰ ਅਪਣਾਇਆ ਗਿਆ। ਇਸ ਦਸਤਾਵੇਜ਼ ਨੇ ਐਲਾਨ ਕੀਤਾ ਕਿ ਸਾਰੇ ਮਨੁੱਖ ਬਰਾਬਰ ਪੈਦਾ ਹੁੰਦੇ ਹਨ ਅਤੇ ਉਨ੍ਹਾਂ ਨੂੰ ਜੀਵਨ, ਆਜ਼ਾਦੀ ਅਤੇ ਖੁਸ਼ਹਾਲੀ ਦੀ ਭਾਲ ਦਾ ਅਧਿਕਾਰ ਹੈ। ਇਹ ਵਿਚਾਰ ਉਸ ਸਮੇਂ ਲਈ ਬਹੁਤ ਕ੍ਰਾਂਤੀਕਾਰੀ ਸੀ ਅਤੇ ਇਸ ਨੇ ਦੁਨੀਆਂ ਭਰ ਦੇ ਲੋਕਤੰਤਰੀ ਅੰਦੋਲਨਾਂ ਨੂੰ ਪ੍ਰੇਰਿਤ ਕੀਤਾ।

ਆਜ਼ਾਦੀ ਦਾ ਐਲਾਨ ਕਰਨਾ ਇੱਕ ਗੱਲ ਸੀ, ਪਰ ਉਸ ਨੂੰ ਜਿੱਤਣਾ ਦੂਜੀ ਗੱਲ। ਕਈ ਸਾਲਾਂ ਤੱਕ ਲੜਾਈ ਚੱਲਦੀ ਰਹੀ। ਮੁਸ਼ਕਲਾਂ ਵੀ ਆਈਆਂ, ਸਰੋਤ ਵੀ ਘੱਟ ਸਨ, ਪਰ ਹਿੰਮਤ ਨਹੀਂ ਟੁੱਟੀ। ਆਖ਼ਰਕਾਰ ਅਮਰੀਕੀ ਫ਼ੌਜ ਅਤੇ ਉਸ ਦੇ ਸਾਥੀਆਂ ਨੇ ਜਿੱਤ ਹਾਸਲ ਕੀਤੀ ਅਤੇ ਇੱਕ ਨਵੇਂ ਰਾਸ਼ਟਰ ਦੀ ਨੀਂਹ ਪਈ। ਬਾਅਦ ਵਿਚ ਸੰਵਿਧਾਨ ਬਣਾਇਆ ਗਿਆ, ਜਿਸ ਨੇ ਸਰਕਾਰ ਦੀਆਂ ਤਿੰਨ ਵੱਖ-ਵੱਖ ਸ਼ਾਖਾਵਾਂ—ਵਿਧਾਨ, ਕਾਰਜਕਾਰੀ ਅਤੇ ਨਿਆਂਪਾਲਿਕਾ – ਵਿਚਕਾਰ ਸੰਤੁਲਨ ਦੀ ਪ੍ਰਣਾਲੀ ਸਥਾਪਿਤ ਕੀਤੀ। ਇਹੀ ਪ੍ਰਣਾਲੀ ਅੱਜ ਵੀ ਅਮਰੀਕੀ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਮੰਨੀ ਜਾਂਦੀ ਹੈ।

ਦੇਸ਼ ਦੇ ਪਹਿਲੇ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਬਣੇ। ਉਨ੍ਹਾਂ ਨੇ ਸਿਰਫ਼ ਸਰਕਾਰ ਨਹੀਂ ਬਣਾਈ, ਸਗੋਂ ਅਜਿਹੀਆਂ ਪ੍ਰੰਪਰਾਵਾਂ ਦੀ ਸ਼ੁਰੂਆਤ ਕੀਤੀ, ਜਿਨ੍ਹਾਂ ਨੇ ਲੋਕਤੰਤਰ ਨੂੰ ਮਜ਼ਬੂਤ ਕੀਤਾ। ਸਮੇਂ ਦੇ ਨਾਲ ਨਵੇਂ ਰਾਜ ਇਸ ਸੰਘ ਵਿਚ ਸ਼ਾਮਲ ਹੁੰਦੇ ਗਏ, ਉਦਯੋਗ ਵਿਕਸਤ ਹੋਇਆ, ਰੇਲਵੇ ਦਾ ਜਾਲ ਵਿਛਿਆ, ਖੇਤੀਬਾੜੀ ਦਾ ਵਿਸਥਾਰ ਹੋਇਆ ਅਤੇ ਦੇਸ਼ ਪੂਰਬ ਤੋਂ ਪੱਛਮ ਤੱਕ ਫੈਲਦਾ ਗਿਆ।

ਅਮਰੀਕਾ ਦਾ ਇਤਿਹਾਸ ਹਮੇਸ਼ਾਂ ਆਸਾਨ ਨਹੀਂ ਰਿਹਾ। ਇਸ ਨੇ ਗ਼ੁਲਾਮੀ, ਘਰੇਲੂ ਯੁੱਧ, ਆਰਥਿਕ ਮੰਦੀਆਂ ਅਤੇ ਵਿਸ਼ਵ ਯੁੱਧਾਂ ਵਰਗੀਆਂ ਕਈ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਪਰ ਹਰ ਸੰਕਟ ਤੋਂ ਬਾਅਦ ਇਸ ਨੇ ਆਪਣੇ ਆਪ ਨੂੰ ਮੁੜ ਖੜ੍ਹਾ ਕੀਤਾ। ਇਹੀ ਇਸ ਦੇਸ਼ ਦੀ ਸਭ ਤੋਂ ਵੱਡੀ ਖ਼ੂਬੀ ਹੈ ਕਿ ਇਹ ਆਪਣੇ ਤਜ਼ਰਬਿਆਂ ਤੋਂ ਸਿੱਖਦਾ ਹੈ ਅਤੇ ਅੱਗੇ ਵਧਣ ਦੀ ਕੋਸ਼ਿਸ਼ ਕਰਦਾ ਹੈ।

ਉਦਯੋਗਿਕ ਕ੍ਰਾਂਤੀ ਨੇ ਅਮਰੀਕਾ ਦੀ ਦਿਸ਼ਾ ਬਦਲ ਦਿੱਤੀ। ਕਾਰਖ਼ਾਨੇ ਬਣੇ, ਸਟੀਲ ਉਦਯੋਗ ਵਧਿਆ, ਬਿਜਲੀ ਦੀ ਵਰਤੋਂ ਵਧੀ, ਰੇਲਵੇ ਨੇ ਦੇਸ਼ ਨੂੰ ਜੋੜਿਆ ਅਤੇ ਵੱਡੇ-ਵੱਡੇ ਸ਼ਹਿਰ ਉਦਯੋਗਿਕ ਕੇਂਦਰ ਬਣ ਗਏ। ਵੀਹਵੀਂ ਸਦੀ ਵਿਚ ਦਾਖ਼ਲ ਹੋਣ ਤੱਕ ਅਮਰੀਕਾ ਦੁਨੀਆਂ ਦੀਆਂ ਪ੍ਰਮੁੱਖ ਉਦਯੋਗਿਕ ਤਾਕਤਾਂ ਵਿਚ ਸ਼ਾਮਲ ਹੋ ਚੁੱਕਾ ਸੀ। ਦੋ ਵਿਸ਼ਵ ਯੁੱਧਾਂ ਤੋਂ ਬਾਅਦ ਇਸ ਦੀ ਆਰਥਿਕ ਤਾਕਤ ਹੋਰ ਮਜ਼ਬੂਤ ਹੋਈ। ਉਤਪਾਦਨ, ਵਿਗਿਆਨ, ਬੈਂਕਿੰਗ, ਖੇਤੀਬਾੜੀ ਅਤੇ ਅੰਤਰਰਾਸ਼ਟਰੀ ਵਪਾਰ ਵਿਚ ਇਸ ਨੇ ਵਿਸ਼ਵ ਪੱਧਰ 'ਤੇ ਆਪਣਾ ਪ੍ਰਭਾਵ ਕਾਇਮ ਕੀਤਾ।

ਅੱਜ ਵੀ ਜੇ ਅਸੀਂ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਨਵੀਨਤਾਵਾਂ ਵੱਲ ਦੇਖੀਏ, ਤਾਂ ਉਨ੍ਹਾਂ ਵਿਚ ਅਮਰੀਕਾ ਦਾ ਮਹੱਤਵਪੂਰਨ ਯੋਗਦਾਨ ਨਜ਼ਰ ਆਉਂਦਾ ਹੈ। ਇੱਥੋਂ ਦੀਆਂ ਯੂਨੀਵਰਸਿਟੀਆਂ ਨੇ ਅਣਗਿਣਤ ਵਿਗਿਆਨੀ, ਡਾਕਟਰ, ਇੰਜੀਨੀਅਰ ਅਤੇ ਖੋਜਕਰਤਾ ਤਿਆਰ ਕੀਤੇ ਹਨ। ਇੱਥੇ ਹੋਈ ਖੋਜ ਦਾ ਲਾਭ ਪੂਰੀ ਦੁਨੀਆਂ ਲੈ ਰਹੀ ਹੈ। ਦਵਾਈਆਂ ਤੋਂ ਲੈ ਕੇ ਕੰਪਿਊਟਰਾਂ ਤੱਕ, ਇੰਟਰਨੈੱਟ ਤੋਂ ਲੈ ਕੇ ਨਕਲੀ ਬੁੱਧੀ (ਏ.ਆਈ.) ਤੱਕ ਅਤੇ ਪੁਲਾੜ ਖੋਜ ਤੋਂ ਲੈ ਕੇ ਆਧੁਨਿਕ ਖੇਤੀ ਤੱਕ – ਅਮਰੀਕਾ ਨੇ ਕਈ ਖੇਤਰਾਂ ਵਿਚ ਨਵੇਂ ਮਾਪਦੰਡ ਸਥਾਪਿਤ ਕੀਤੇ ਹਨ।

ਦੁਨੀਆਂ ਦੀ ਮਨੋਰੰਜਨ ਰਾਜਧਾਨੀ ਕਿਹਾ ਜਾਣ ਵਾਲਾ ਹਾਲੀਵੁੱਡ ਸਿਰਫ਼ ਫ਼ਿਲਮਾਂ ਨਹੀਂ ਬਣਾਉਂਦਾ, ਸਗੋਂ ਅਮਰੀਕੀ ਸੱਭਿਆਚਾਰ ਨੂੰ ਦੁਨੀਆਂ ਤੱਕ ਪਹੁੰਚਾਉਣ ਦਾ ਵੀ ਇੱਕ ਵੱਡਾ ਸਾਧਨ ਬਣਿਆ ਹੈ। ਇਸੇ ਤਰ੍ਹਾਂ ਸਿਲੀਕਾਨ ਵੈਲੀ ਨੇ ਕੰਪਿਊਟਰ, ਸਾਫਟਵੇਅਰ, ਸਮਾਰਟਫੋਨ, ਇੰਟਰਨੈੱਟ ਅਤੇ ਆਧੁਨਿਕ ਡਿਜ਼ੀਟਲ ਅਰਥਵਿਵਸਥਾ ਨੂੰ ਨਵੀਂ ਦਿਸ਼ਾ ਦਿੱਤੀ। ਅੱਜ ਦੁਨੀਆਂ ਦੇ ਅਰਬਾਂ ਲੋਕ ਰੋਜ਼ਾਨਾ ਜਿਹੜੀਆਂ ਡਿਜ਼ੀਟਲ ਸੇਵਾਵਾਂ ਵਰਤਦੇ ਹਨ, ਉਨ੍ਹਾਂ ਵਿਚੋਂ ਬਹੁਤੀਆਂ ਦਾ ਜਨਮ ਅਮਰੀਕਾ ਵਿਚ ਹੋਇਆ।

ਪੁਲਾੜ ਖੋਜ ਵਿਚ ਵੀ ਅਮਰੀਕਾ ਨੇ ਅਸਾਧਾਰਣ ਪ੍ਰਾਪਤੀਆਂ ਕੀਤੀਆਂ। ਚੰਦਰਮਾ 'ਤੇ ਮਨੁੱਖ ਨੂੰ ਭੇਜਣ ਤੋਂ ਲੈ ਕੇ ਮੰਗਲ ਗ੍ਰਹਿ ਦੀ ਖੋਜ ਅਤੇ ਡੂੰਘੇ ਪੁਲਾੜ ਮਿਸ਼ਨਾਂ ਤੱਕ ਇਸ ਨੇ ਮਨੁੱਖੀ ਗਿਆਨ ਦੀਆਂ ਹੱਦਾਂ ਨੂੰ ਵਧਾਇਆ। ਵਿਗਿਆਨ ਵਿਚ ਕੀਤੀ ਗਈ ਹਰ ਨਵੀਂ ਖੋਜ ਨੇ ਸਿਰਫ਼ ਅਮਰੀਕਾ ਹੀ ਨਹੀਂ, ਸਗੋਂ ਪੂਰੀ ਮਨੁੱਖਤਾ ਨੂੰ ਅੱਗੇ ਵਧਾਇਆ।

ਅਮਰੀਕਾ ਦੀ ਤਾਕਤ ਸਿਰਫ਼ ਇਸ ਦੀ ਆਰਥਿਕਤਾ ਜਾਂ ਫ਼ੌਜ ਨਹੀਂ ਹੈ। ਇਸ ਦੀ ਸਭ ਤੋਂ ਵੱਡੀ ਤਾਕਤ ਇਸ ਦੀਆਂ ਸੰਸਥਾਵਾਂ, ਕਾਨੂੰਨ ਦੀ ਪਾਲਣਾ, ਖੁੱਲ੍ਹਾ ਵਿਚਾਰ-ਵਟਾਂਦਰਾ, ਨਵੀਨਤਾ ਨੂੰ ਉਤਸ਼ਾਹ ਅਤੇ ਮਿਹਨਤ ਦੀ ਕਦਰ ਹੈ। ਇੱਥੇ ਕੋਈ ਵੀ ਵਿਅਕਤੀ, ਭਾਵੇਂ ਉਹ ਕਿਸੇ ਵੀ ਦੇਸ਼ ਤੋਂ ਆਇਆ ਹੋਵੇ, ਆਪਣੀ ਯੋਗਤਾ ਅਤੇ ਮਿਹਨਤ ਨਾਲ ਅੱਗੇ ਵੱਧ ਸਕਦਾ ਹੈ। ਇਸੇ ਲਈ ਅਮਰੀਕਾ ਨੂੰ ਮੌਕਿਆਂ ਦੀ ਧਰਤੀ ਕਿਹਾ ਜਾਂਦਾ ਹੈ।

ਇਸ ਮੌਕੇ ਦੀ ਕਹਾਣੀ ਵਿਚ ਪਰਵਾਸੀਆਂ ਦਾ ਯੋਗਦਾਨ ਬੇਮਿਸਾਲ ਹੈ। ਯੂਰਪ, ਏਸ਼ੀਆ, ਅਫ਼ਰੀਕਾ, ਲਾਤੀਨੀ ਅਮਰੀਕਾ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਤੋਂ ਆਏ ਲੋਕਾਂ ਨੇ ਆਪਣੀ ਮਿਹਨਤ, ਗਿਆਨ ਅਤੇ ਸੱਭਿਆਚਾਰ ਨਾਲ ਇਸ ਦੇਸ਼ ਨੂੰ ਹੋਰ ਮਜ਼ਬੂਤ ਬਣਾਇਆ। ਵੱਖ-ਵੱਖ ਭਾਸ਼ਾਵਾਂ, ਧਰਮਾਂ ਅਤੇ ਪ੍ਰੰਪਰਾਵਾਂ ਵਾਲੇ ਲੋਕ ਇੱਕੋ ਝੰਡੇ ਹੇਠ ਮਿਲ ਕੇ ਕੰਮ ਕਰਦੇ ਹਨ। ਇਹ ਵਿਭਿੰਨਤਾ ਹੀ ਅਮਰੀਕਾ ਦੀ ਸਭ ਤੋਂ ਵੱਡੀਆਂ ਤਾਕਤਾਂ ਵਿਚੋਂ ਇੱਕ ਹੈ।

ਇਸੇ ਕਹਾਣੀ ਦਾ ਇੱਕ ਮਾਣਮੱਤਾ ਅਧਿਆਇ ਪੰਜਾਬੀਆਂ ਅਤੇ ਸਿੱਖਾਂ ਦਾ ਵੀ ਹੈ। ਵੀਹਵੀਂ ਸਦੀ ਦੀ ਸ਼ੁਰੂਆਤ ਵਿਚ ਜਦੋਂ ਪਹਿਲੇ ਪੰਜਾਬੀ ਉੱਤਰੀ ਅਮਰੀਕਾ ਪਹੁੰਚੇ, ਤਾਂ ਉਨ੍ਹਾਂ ਕੋਲ ਨਾ ਵੱਡੀ ਪੂੰਜੀ ਸੀ, ਨਾ ਕੋਈ ਵੱਡਾ ਸਹਾਰਾ। ਉਨ੍ਹਾਂ ਕੋਲ ਸਿਰਫ਼ ਮਿਹਨਤ ਕਰਨ ਦਾ ਜਜ਼ਬਾ, ਇਮਾਨਦਾਰੀ ਅਤੇ ਆਪਣੇ ਪਰਿਵਾਰ ਲਈ ਬਿਹਤਰ ਭਵਿੱਖ ਬਣਾਉਣ ਦਾ ਸੁਪਨਾ ਸੀ। ਉਨ੍ਹਾਂ ਨੇ ਖੇਤਾਂ ਵਿਚ ਕੰਮ ਕੀਤਾ, ਲੱਕੜ ਦੇ ਉਦਯੋਗ ਵਿਚ ਕੰਮ ਕੀਤਾ, ਰੇਲਵੇ ਨਿਰਮਾਣ ਅਤੇ ਹੋਰ ਔਖੇ ਕੰਮ ਕੀਤੇ। ਸ਼ੁਰੂਆਤੀ ਦੌਰ ਵਿਚ ਉਨ੍ਹਾਂ ਨੂੰ ਨਸਲੀ ਭੇਦਭਾਵ ਅਤੇ ਕਾਨੂੰਨੀ ਰੁਕਾਵਟਾਂ ਦਾ ਵੀ ਸਾਹਮਣਾ ਕਰਨਾ ਪਿਆ, ਪਰ ਉਹ ਹਿੰਮਤ ਨਹੀਂ ਹਾਰੇ। ਉਨ੍ਹਾਂ ਨੇ ਮਿਹਨਤ ਨੂੰ ਆਪਣਾ ਸਭ ਤੋਂ ਵੱਡਾ ਹਥਿਆਰ ਬਣਾਇਆ ਅਤੇ ਹੌਲੀ-ਹੌਲੀ ਆਪਣੀ ਥਾਂ ਬਣਾਈ।

ਉਨ੍ਹਾਂ ਦਿਨਾਂ ਵਿਚ ਨਾ ਤਾਂ ਅੱਜ ਵਰਗੀਆਂ ਸਹੂਲਤਾਂ ਸਨ ਅਤੇ ਨਾ ਹੀ ਪਰਵਾਸੀਆਂ ਲਈ ਆਸਾਨ ਰਸਤੇ। ਫਿਰ ਵੀ ਪੰਜਾਬੀਆਂ ਨੇ ਆਪਣੀ ਮਿਹਨਤ, ਇਮਾਨਦਾਰੀ ਅਤੇ ਸਬਰ ਨਾਲ ਉਹ ਸਥਾਨ ਹਾਸਲ ਕੀਤਾ, ਜਿਸ 'ਤੇ ਅੱਜ ਪੂਰਾ ਭਾਈਚਾਰਾ ਮਾਣ ਕਰਦਾ ਹੈ। ਸ਼ੁਰੂਆਤੀ ਪੰਜਾਬੀ ਪਰਵਾਸੀਆਂ ਨੇ ਕੈਲੀਫ਼ੋਰਨੀਆ ਅਤੇ ਪੱਛਮੀ ਤੱਟ ਦੇ ਹੋਰ ਇਲਾਕਿਆਂ ਵਿਚ ਖੇਤੀਬਾੜੀ ਨੂੰ ਆਪਣਾ ਮੁੱਖ ਪੇਸ਼ਾ ਬਣਾਇਆ। ਉਨ੍ਹਾਂ ਨੇ ਬੰਜਰ ਸਮਝੀ ਜਾਣ ਵਾਲੀ ਜ਼ਮੀਨ ਨੂੰ ਉਪਜਾਊ ਬਣਾਇਆ, ਆਧੁਨਿਕ ਖੇਤੀ ਤਰੀਕੇ ਅਪਣਾਏ ਅਤੇ ਅੱਜ ਕੈਲੀਫ਼ੋਰਨੀਆ ਦੀ ਖੇਤੀਬਾੜੀ ਵਿਚ ਪੰਜਾਬੀ ਕਿਸਾਨਾਂ ਦਾ ਯੋਗਦਾਨ ਇੱਕ ਮਾਣਮੱਤਾ ਅਧਿਆਇ ਹੈ।

ਇਸ ਸਫ਼ਰ ਦੌਰਾਨ ਇੱਕ ਮਹੱਤਵਪੂਰਨ ਨਾਂ ਭਗਤ ਸਿੰਘ ਥਿੰਦ ਦਾ ਸਾਹਮਣੇ ਆਉਂਦਾ ਹੈ। ਉਨ੍ਹਾਂ ਦਾ ਕਾਨੂੰਨੀ ਸੰਘਰਸ਼ ਸਿਰਫ਼ ਆਪਣੀ ਨਾਗਰਿਕਤਾ ਲਈ ਨਹੀਂ ਸੀ, ਸਗੋਂ ਇਸ ਨੇ ਅਮਰੀਕੀ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਦੇ ਇਤਿਹਾਸ ਵਿਚ ਇੱਕ ਮਹੱਤਵਪੂਰਨ ਅਧਿਆਇ ਜੋੜਿਆ। ਅੱਜ ਵੀ ਉਨ੍ਹਾਂ ਦਾ ਨਾਮ ਸਿੱਖ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਇਤਿਹਾਸ ਵਿਚ ਸਨਮਾਨ ਨਾਲ ਲਿਆ ਜਾਂਦਾ ਹੈ।

ਇਸ ਤੋਂ ਬਾਅਦ ਸਮਾਂ ਬਦਲਦਾ ਗਿਆ ਅਤੇ ਪੰਜਾਬੀ ਭਾਈਚਾਰਾ ਹਰ ਪੀੜ੍ਹੀ ਨਾਲ ਹੋਰ ਮਜ਼ਬੂਤ ਹੁੰਦਾ ਗਿਆ। ਮਾਪਿਆਂ ਨੇ ਖੁਦ ਸਖ਼ਤ ਮਿਹਨਤ ਕੀਤੀ, ਤਾਂ ਜੋ ਉਨ੍ਹਾਂ ਦੇ ਬੱਚੇ ਉੱਚੀ ਸਿੱਖਿਆ ਹਾਸਲ ਕਰ ਸਕਣ। ਅੱਜ ਇਹੀ ਬੱਚੇ ਡਾਕਟਰ, ਇੰਜੀਨੀਅਰ, ਵਿਗਿਆਨੀ, ਵਕੀਲ, ਜੱਜ, ਪ੍ਰੋਫੈਸਰ, ਉਦਯੋਗਪਤੀ, ਸਿਵਲ ਸਰਵੈਂਟ, ਫ਼ੌਜੀ ਅਧਿਕਾਰੀ ਅਤੇ ਤਕਨਾਲੋਜੀ ਮਾਹਿਰ ਵਜੋਂ ਦੇਸ਼ ਦੀ ਸੇਵਾ ਕਰ ਰਹੇ ਹਨ।

ਜਦੋਂ ਅਮਰੀਕੀ ਰਾਜਨੀਤੀ ਵਿਚ ਪੰਜਾਬੀਆਂ ਦੀ ਗੱਲ ਹੁੰਦੀ ਹੈ, ਤਾਂ ਸਭ ਤੋਂ ਪਹਿਲਾਂ ਦਲੀਪ ਸਿੰਘ ਸੌਂਦ ਦਾ ਨਾਮ ਸਤਿਕਾਰ ਨਾਲ ਲਿਆ ਜਾਂਦਾ ਹੈ। ਉਹ ਪਹਿਲੇ ਏਸ਼ੀਆਈ ਮੂਲ ਦੇ ਵਿਅਕਤੀ ਬਣੇ, ਜੋ ਅਮਰੀਕੀ ਕਾਂਗਰਸ ਤੱਕ ਪਹੁੰਚੇ। ਉਨ੍ਹਾਂ ਦੀ ਜਿੱਤ ਸਿਰਫ਼ ਇੱਕ ਵਿਅਕਤੀ ਦੀ ਜਿੱਤ ਨਹੀਂ ਸੀ, ਸਗੋਂ ਪੂਰੇ ਦੱਖਣੀ ਏਸ਼ੀਆਈ ਭਾਈਚਾਰੇ ਲਈ ਇੱਕ ਨਵਾਂ ਦਰਵਾਜ਼ਾ ਖੁੱਲ੍ਹਣ ਦੇ ਬਰਾਬਰ ਸੀ। ਉਨ੍ਹਾਂ ਨੇ ਇਹ ਸਾਬਤ ਕੀਤਾ ਕਿ ਜੇ ਮੌਕਾ ਮਿਲੇ, ਤਾਂ ਪਰਵਾਸੀ ਵੀ ਅਮਰੀਕੀ ਲੋਕਤੰਤਰ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

ਅੱਜ ਹਾਲਾਤ ਬਹੁਤ ਬਦਲ ਚੁੱਕੇ ਹਨ। ਪੰਜਾਬੀ ਅਤੇ ਸਿੱਖ ਅਮਰੀਕਾ ਦੇ ਕਈ ਰਾਜਾਂ ਵਿਚ ਸਿਟੀ ਕੌਂਸਲਾਂ, ਸਕੂਲ ਬੋਰਡਾਂ, ਕਾਉਂਟੀ ਕਮਿਸ਼ਨਾਂ, ਰਾਜ ਸਰਕਾਰਾਂ ਅਤੇ ਵੱਖ-ਵੱਖ ਜਨਤਕ ਅਹੁਦਿਆਂ 'ਤੇ ਸੇਵਾ ਨਿਭਾ ਰਹੇ ਹਨ। ਉਹ ਸਿਰਫ਼ ਆਪਣੇ ਭਾਈਚਾਰੇ ਦੀ ਨਹੀਂ, ਸਗੋਂ ਪੂਰੇ ਅਮਰੀਕੀ ਸਮਾਜ ਦੀ ਤਰੱਕੀ ਲਈ ਕੰਮ ਕਰ ਰਹੇ ਹਨ। ਇਹੀ ਲੋਕਤੰਤਰ ਦੀ ਖ਼ੂਬਸੂਰਤੀ ਹੈ ਕਿ ਹਰ ਨਾਗਰਿਕ ਨੂੰ ਦੇਸ਼ ਦੀ ਤਰੱਕੀ ਵਿਚ ਹਿੱਸਾ ਲੈਣ ਦਾ ਮੌਕਾ ਮਿਲਦਾ ਹੈ।

ਜੇ ਅਸੀਂ ਕਾਰੋਬਾਰ ਵੱਲ ਨਜ਼ਰ ਮਾਰੀਏ, ਤਾਂ ਪੰਜਾਬੀਆਂ ਨੇ ਲਗਭਗ ਹਰ ਖੇਤਰ ਵਿਚ ਆਪਣੀ ਮਜ਼ਬੂਤ ਪਛਾਣ ਬਣਾਈ ਹੈ। ਗੈਸ ਸਟੇਸ਼ਨ, ਹੋਟਲ ਉਦਯੋਗ, ਮੋਟਲ, ਰੈਸਟੋਰੈਂਟ, ਰੀਅਲ ਅਸਟੇਟ, ਨਿਰਮਾਣ ਕਾਰੋਬਾਰ, ਵਿੱਤੀ ਸੇਵਾਵਾਂ, ਟਰਾਂਸਪੋਰਟ, ਗੋਦਾਮ, ਖੇਤੀਬਾੜੀ, ਆਯਾਤ-ਨਿਰਯਾਤ, ਸੂਚਨਾ ਤਕਨਾਲੋਜੀ ਅਤੇ ਛੋਟੇ-ਵੱਡੇ ਕਾਰੋਬਾਰਾਂ ਵਿਚ ਪੰਜਾਬੀਆਂ ਨੇ ਆਪਣੇ ਦਮ 'ਤੇ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਹਜ਼ਾਰਾਂ ਪਰਿਵਾਰਾਂ ਨੇ ਸਿਫ਼ਰ ਤੋਂ ਸ਼ੁਰੂਆਤ ਕੀਤੀ ਅਤੇ ਅੱਜ ਉਹ ਰੋਜ਼ਗਾਰ ਦੇਣ ਵਾਲੇ ਬਣ ਚੁੱਕੇ ਹਨ। ਇਹ ਸਿਰਫ਼ ਉਨ੍ਹਾਂ ਦੀ ਆਪਣੀ ਤਰੱਕੀ ਨਹੀਂ, ਸਗੋਂ ਅਮਰੀਕੀ ਆਰਥਿਕਤਾ ਵਿਚ ਵੀ ਮਹੱਤਵਪੂਰਨ ਯੋਗਦਾਨ ਹੈ।

ਟਰੱਕਿੰਗ ਉਦਯੋਗ ਦਾ ਜ਼ਿਕਰ ਕੀਤੇ ਬਿਨਾਂ ਪੰਜਾਬੀਆਂ ਦੀ ਕਹਾਣੀ ਅਧੂਰੀ ਰਹੇਗੀ। ਅਮਰੀਕਾ ਵਰਗੇ ਵਿਸ਼ਾਲ ਦੇਸ਼ ਦੀ ਆਰਥਿਕਤਾ ਉਸ ਦੀ ਸਪਲਾਈ ਚੇਨ 'ਤੇ ਨਿਰਭਰ ਕਰਦੀ ਹੈ ਅਤੇ ਸਪਲਾਈ ਚੇਨ ਦੀ ਰੀੜ੍ਹ ਦੀ ਹੱਡੀ ਟਰੱਕਿੰਗ ਹੈ। ਅੱਜ ਹਜ਼ਾਰਾਂ ਪੰਜਾਬੀ ਡਰਾਈਵਰ, ਫਲੀਟ ਮਾਲਕ ਅਤੇ ਲਾਜਿਸਟਿਕਸ ਕੰਪਨੀਆਂ ਦੇ ਸੰਚਾਲਕ ਦੇਸ਼ ਭਰ ਵਿਚ ਸਮਾਨ ਦੀ ਆਵਾਜਾਈ ਨੂੰ ਯਕੀਨੀ ਬਣਾ ਰਹੇ ਹਨ। ਜਦੋਂ ਵੀ ਅਮਰੀਕਾ ਦੀਆਂ ਸੜਕਾਂ 'ਤੇ ਹਜ਼ਾਰਾਂ ਮੀਲ ਦੂਰ ਤੱਕ ਮਾਲ ਪਹੁੰਚਦਾ ਹੈ, ਉਸ ਵਿਚ ਪੰਜਾਬੀ ਭਾਈਚਾਰੇ ਦਾ ਵੀ ਵੱਡਾ ਯੋਗਦਾਨ ਸ਼ਾਮਲ ਹੁੰਦਾ ਹੈ।

ਰੀਅਲ ਅਸਟੇਟ ਦੇ ਖੇਤਰ ਵਿਚ ਵੀ ਪੰਜਾਬੀਆਂ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ। ਅੱਜ ਕਈ ਪੰਜਾਬੀ ਘਰਾਂ, ਵਪਾਰਕ ਜਾਇਦਾਦਾਂ, ਖੇਤੀਬਾੜੀ ਵਾਲੀ ਜ਼ਮੀਨ ਅਤੇ ਉਦਯੋਗਿਕ ਸੰਪਤੀਆਂ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ। ਇਸੇ ਤਰ੍ਹਾਂ ਡਾਕਟਰ, ਦੰਦਾਂ ਦੇ ਮਾਹਿਰ, ਫਾਰਮਾਸਿਸਟ, ਨਰਸਾਂ ਅਤੇ ਹੋਰ ਸਿਹਤ ਕਰਮਚਾਰੀ ਹਰ ਰੋਜ਼ ਲੱਖਾਂ ਲੋਕਾਂ ਦੀ ਸੇਵਾ ਕਰ ਰਹੇ ਹਨ।

ਸੂਚਨਾ ਤਕਨਾਲੋਜੀ ਦੀ ਗੱਲ ਕਰੀਏ, ਤਾਂ ਪੰਜਾਬੀ ਨੌਜਵਾਨ ਅੱਜ ਅਮਰੀਕਾ ਦੀਆਂ ਵੱਡੀਆਂ ਤਕਨਾਲੋਜੀ ਕੰਪਨੀਆਂ ਵਿਚ ਆਪਣੀ ਕਾਬਲੀਅਤ ਦਾ ਲੋਹਾ ਮਨਵਾ ਰਹੇ ਹਨ। ਸਾਫਟਵੇਅਰ ਇੰਜੀਨੀਅਰਿੰਗ, ਨਕਲੀ ਬੁੱਧੀ, ਸਾਈਬਰ ਸੁਰੱਖਿਆ, ਡਾਟਾ ਵਿਗਿਆਨ ਅਤੇ ਖੋਜ ਦੇ ਖੇਤਰ ਵਿਚ ਉਹ ਨਵੀਆਂ ਉੱਚਾਈਆਂ ਛੂਹ ਰਹੇ ਹਨ। ਵਿਗਿਆਨ ਵਿਚ ਹਰਗੋਬਿੰਦ ਖੁਰਾਨਾ ਵਰਗੀਆਂ ਸ਼ਖ਼ਸੀਅਤਾਂ ਨੇ ਪੂਰੀ ਦੁਨੀਆਂ ਵਿਚ ਪੰਜਾਬੀ ਅਤੇ ਭਾਰਤੀ ਮੂਲ ਦੇ ਵਿਗਿਆਨੀਆਂ ਦਾ ਮਾਣ ਵਧਾਇਆ। ਉਨ੍ਹਾਂ ਦੀ ਖੋਜ ਨੇ ਜੀਵ ਵਿਗਿਆਨ ਅਤੇ ਚਿਕਿਤਸਾ ਦੇ ਖੇਤਰ ਵਿਚ ਇਤਿਹਾਸਕ ਯੋਗਦਾਨ ਪਾਇਆ।

ਸਿੱਖ ਭਾਈਚਾਰੇ ਦੀ ਇੱਕ ਹੋਰ ਵੱਡੀ ਪਛਾਣ ਸੇਵਾ ਹੈ। ਗੁਰਦੁਆਰੇ ਸਿਰਫ਼ ਅਰਦਾਸ ਕਰਨ ਦੀ ਥਾਂ ਨਹੀਂ ਹਨ, ਸਗੋਂ ਮਨੁੱਖਤਾ ਦੀ ਸੇਵਾ ਦੇ ਕੇਂਦਰ ਵੀ ਹਨ। ਕੁਦਰਤੀ ਆਫ਼ਤਾਂ, ਜੰਗਲਾਂ ਦੀਆਂ ਅੱਗਾਂ, ਹੜ੍ਹਾਂ, ਮਹਾਂਮਾਰੀਆਂ ਜਾਂ ਕਿਸੇ ਵੀ ਸੰਕਟ ਦੇ ਸਮੇਂ ਸਿੱਖ ਭਾਈਚਾਰੇ ਨੇ ਲੰਗਰ, ਰਾਹਤ ਸਮੱਗਰੀ, ਪਾਣੀ, ਦਵਾਈਆਂ ਅਤੇ ਮਨੁੱਖੀ ਸਹਾਇਤਾ ਰਾਹੀਂ ਸਮਾਜ ਵਿਚ ਵਿਲੱਖਣ ਉਦਾਹਰਨਾਂ ਪੇਸ਼ ਕੀਤੀਆਂ ਹਨ। ਸੇਵਾ ਦੀ ਇਹ ਪ੍ਰੰਪਰਾ ਸਿੱਖ ਧਰਮ ਦੀ ਪਹਿਚਾਣ ਹੈ ਅਤੇ ਇਸ ਨੇ ਅਮਰੀਕੀ ਸਮਾਜ ਵਿਚ ਸਿੱਖ ਭਾਈਚਾਰੇ ਲਈ ਡੂੰਘਾ ਸਤਿਕਾਰ ਪੈਦਾ ਕੀਤਾ ਹੈ।

ਅੱਜ ਅਮਰੀਕੀ ਫ਼ੌਜ ਵਿਚ ਵੀ ਕਈ ਸਿੱਖ ਸੇਵਾ ਨਿਭਾ ਰਹੇ ਹਨ। ਲੰਬੇ ਸਮੇਂ ਤੱਕ ਧਾਰਮਿਕ ਪਛਾਣ ਨੂੰ ਲੈ ਕੇ ਚੁਣੌਤੀਆਂ ਰਹੀਆਂ, ਪਰ ਹੌਲੀ-ਹੌਲੀ ਬਦਲਾਅ ਆਏ ਅਤੇ ਅੱਜ ਕਈ ਸਿੱਖ ਆਪਣੀ ਦਸਤਾਰ ਅਤੇ ਦਾਹੜੀ ਨਾਲ ਦੇਸ਼ ਦੀ ਸੇਵਾ ਕਰ ਰਹੇ ਹਨ। ਇਹ ਸਿਰਫ਼ ਸਿੱਖ ਭਾਈਚਾਰੇ ਲਈ ਨਹੀਂ, ਸਗੋਂ ਅਮਰੀਕੀ ਵਿਭਿੰਨਤਾ ਅਤੇ ਧਾਰਮਿਕ ਆਜ਼ਾਦੀ ਲਈ ਵੀ ਮਾਣ ਦੀ ਗੱਲ ਹੈ।

ਇਸੇ ਤਰ੍ਹਾਂ ਕਾਨੂੰਨ, ਨਿਆਂਪਾਲਿਕਾ, ਸਿੱਖਿਆ, ਮੀਡੀਆ, ਕਲਾ, ਖੇਡਾਂ ਅਤੇ ਜਨਤਕ ਜੀਵਨ ਵਿਚ ਵੀ ਪੰਜਾਬੀ ਆਪਣਾ ਯੋਗਦਾਨ ਪਾ ਰਹੇ ਹਨ। ਹਰ ਨਵੀਂ ਪੀੜ੍ਹੀ ਆਪਣੇ ਮਾਪਿਆਂ ਦੀ ਮਿਹਨਤ ਨੂੰ ਅੱਗੇ ਵਧਾ ਰਹੀ ਹੈ ਅਤੇ ਇਹ ਸਾਬਤ ਕਰ ਰਹੀ ਹੈ ਕਿ ਮੌਕਾ ਮਿਲਣ 'ਤੇ ਮਿਹਨਤ ਅਤੇ ਯੋਗਤਾ ਨਾਲ ਕਿਸੇ ਵੀ ਖੇਤਰ ਵਿਚ ਸਫ਼ਲਤਾ ਹਾਸਲ ਕੀਤੀ ਜਾ ਸਕਦੀ ਹੈ।

ਅਮਰੀਕਾ ਨੂੰ ਮੌਕਿਆਂ ਦਾ ਦੇਸ਼ ਇਸ ਲਈ ਨਹੀਂ ਕਿਹਾ ਜਾਂਦਾ ਕਿ ਇੱਥੇ ਹਰ ਕਿਸੇ ਨੂੰ ਸਫ਼ਲਤਾ ਆਪਣੇ ਆਪ ਮਿਲ ਜਾਂਦੀ ਹੈ। ਅਸਲ ਗੱਲ ਇਹ ਹੈ ਕਿ ਇੱਥੇ ਹਰ ਕਿਸੇ ਨੂੰ ਕੋਸ਼ਿਸ਼ ਕਰਨ ਦਾ ਮੌਕਾ ਮਿਲਦਾ ਹੈ। ਸਫ਼ਲਤਾ ਅਜੇ ਵੀ ਮਿਹਨਤ, ਅਨੁਸ਼ਾਸਨ, ਸਿੱਖਿਆ, ਯੋਜਨਾਬੰਦੀ ਅਤੇ ਲਗਾਤਾਰ ਕੋਸ਼ਿਸ਼ 'ਤੇ ਨਿਰਭਰ ਕਰਦੀ ਹੈ। ਇਹੀ ਸਬਕ ਲੱਖਾਂ ਪਰਵਾਸੀਆਂ ਨੇ ਆਪਣੀ ਜ਼ਿੰਦਗੀ ਰਾਹੀਂ ਦੁਨੀਆਂ ਨੂੰ ਦਿੱਤਾ ਹੈ।

ਅੱਜ ਵੀ ਦੁਨੀਆਂ ਦੇ ਕਰੋੜਾਂ ਲੋਕ ਅਮਰੀਕਾ ਵੱਲ ਉਮੀਦ ਨਾਲ ਦੇਖਦੇ ਹਨ। ਕੋਈ ਇੱਥੇ ਉੱਚੀ ਸਿੱਖਿਆ ਲਈ ਆਉਣਾ ਚਾਹੁੰਦਾ ਹੈ, ਕੋਈ ਖੋਜ ਲਈ, ਕੋਈ ਕਾਰੋਬਾਰ ਲਈ ਅਤੇ ਕੋਈ ਆਪਣੇ ਬੱਚਿਆਂ ਦਾ ਭਵਿੱਖ ਸੰਵਾਰਨ ਲਈ। ਇਹੀ ਵਿਸ਼ਵਾਸ ਅਮਰੀਕਾ ਦੀ ਸਭ ਤੋਂ ਵੱਡੀ ਪੂੰਜੀ ਹੈ। ਦੇਸ਼ ਦੀ ਅਸਲੀ ਤਾਕਤ ਇਸ ਦੀਆਂ ਇਮਾਰਤਾਂ ਜਾਂ ਸੜਕਾਂ ਨਹੀਂ, ਸਗੋਂ ਉਹ ਲੋਕ ਹਨ, ਜੋ ਹਰ ਰੋਜ਼ ਮਿਹਨਤ ਕਰਦੇ ਹਨ, ਨਵੇਂ ਵਿਚਾਰ ਲਿਆਉਂਦੇ ਹਨ ਅਤੇ ਆਪਣੇ ਸੁਪਨਿਆਂ ਨੂੰ ਹਕੀਕਤ ਵਿਚ ਬਦਲਦੇ ਹਨ।

ਅੱਜ ਜਦੋਂ ਅਸੀਂ ਅਮਰੀਕਾ ਦੇ ਢਾਈ ਸੌ ਸਾਲਾਂ ਦੇ ਸਫ਼ਰ ਵੱਲ ਮੁੜ ਕੇ ਦੇਖਦੇ ਹਾਂ, ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕਿਸੇ ਵੀ ਦੇਸ਼ ਦੀ ਮਹਾਨਤਾ ਸਿਰਫ਼ ਉਸਦੀ ਦੌਲਤ ਨਾਲ ਨਹੀਂ ਮਾਪੀ ਜਾਂਦੀ। ਅਸਲ ਮਹਾਨਤਾ ਉਸ ਦੀਆਂ ਸੰਸਥਾਵਾਂ, ਉਸਦੇ ਕਾਨੂੰਨਾਂ, ਉਸਦੇ ਨਾਗਰਿਕਾਂ ਦੇ ਵਿਸ਼ਵਾਸ, ਉਸਦੀ ਸਿੱਖਿਆ, ਉਸਦੀ ਖੋਜ ਅਤੇ ਹਰ ਨਵੀਂ ਪੀੜ੍ਹੀ ਨੂੰ ਅੱਗੇ ਵਧਣ ਦਾ ਮੌਕਾ ਦੇਣ ਦੀ ਸਮਰੱਥਾ ਨਾਲ ਮਾਪੀ ਜਾਂਦੀ ਹੈ। ਅਮਰੀਕਾ ਨੇ ਪਿਛਲੇ ਢਾਈ ਸੌ ਸਾਲਾਂ ਵਿਚ ਕਈ ਔਖੇ ਦੌਰ ਵੇਖੇ। ਗ਼ੁਲਾਮੀ ਦਾ ਕਾਲਾ ਦੌਰ, ਘਰੇਲੂ ਯੁੱਧ, ਮਹਾਨ ਆਰਥਿਕ ਮੰਦੀ, ਦੋ ਵਿਸ਼ਵ ਯੁੱਧ, ਨਾਗਰਿਕ ਅਧਿਕਾਰਾਂ ਦੀ ਲਹਿਰ, ਅੱਤਵਾਦ ਦੇ ਹਮਲੇ, ਆਰਥਿਕ ਉਤਾਰ-ਚੜ੍ਹਾਅ, ਮਹਾਂਮਾਰੀ ਅਤੇ ਸਮਾਜਿਕ ਮਤਭੇਦ—ਇਹ ਸਭ ਇਸ ਦੇਸ਼ ਨੇ ਵੇਖਿਆ। ਪਰ ਹਰ ਚੁਣੌਤੀ ਤੋਂ ਬਾਅਦ ਇਸ ਨੇ ਆਪਣੇ ਆਪ ਨੂੰ ਹੋਰ ਮਜ਼ਬੂਤ ਬਣਾਉਣ ਦੀ ਕੋਸ਼ਿਸ਼ ਕੀਤੀ। ਇਹੀ ਕਾਰਨ ਹੈ ਕਿ ਅੱਜ ਵੀ ਦੁਨੀਆਂ ਦੀਆਂ ਨਜ਼ਰਾਂ ਇਸ ਦੇਸ਼ ਵੱਲ ਟਿਕੀਆਂ ਰਹਿੰਦੀਆਂ ਹਨ।

ਬੇਸ਼ੱਕ ਅੱਜ ਵੀ ਚੁਣੌਤੀਆਂ ਘੱਟ ਨਹੀਂ ਹਨ। ਮਹਿੰਗਾਈ, ਘਰਾਂ ਦੀਆਂ ਵਧਦੀਆਂ ਕੀਮਤਾਂ, ਸਿਹਤ ਸੇਵਾਵਾਂ ਦਾ ਖ਼ਰਚ, ਇਮੀਗ੍ਰੇਸ਼ਨ ਨੀਤੀਆਂ 'ਤੇ ਚਰਚਾ, ਰਾਜਨੀਤਿਕ ਮਤਭੇਦ, ਤਕਨਾਲੋਜੀ ਨਾਲ ਬਦਲਦਾ ਰੁਜ਼ਗਾਰ ਬਾਜ਼ਾਰ ਅਤੇ ਵਿਸ਼ਵ ਪੱਧਰ 'ਤੇ ਨਵੀਆਂ ਮੁਕਾਬਲੇਬਾਜ਼ ਤਾਕਤਾਂ—ਇਹ ਸਾਰੇ ਮੁੱਦੇ ਅੱਜ ਅਮਰੀਕੀ ਸਮਾਜ ਸਾਹਮਣੇ ਮੌਜੂਦ ਹਨ। ਪਰ ਇਹ ਵੀ ਸੱਚ ਹੈ ਕਿ ਇਹ ਦੇਸ਼ ਹਰ ਸਮੱਸਿਆ ਉੱਤੇ ਖੁੱਲ੍ਹੀ ਚਰਚਾ ਕਰਦਾ ਹੈ, ਨਵੀਆਂ ਨੀਤੀਆਂ ਬਣਾਉਂਦਾ ਹੈ ਅਤੇ ਲੋਕਤੰਤਰੀ ਪ੍ਰਕਿਰਿਆ ਰਾਹੀਂ ਹੱਲ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਇਹੀ ਲੋਕਤੰਤਰ ਦੀ ਤਾਕਤ ਹੈ।

ਭਵਿੱਖ ਵੱਲ ਦੇਖੀਏ ਤਾਂ ਏ.ਆਈ., ਰੋਬੋਟਿਕਸ, ਸਾਫ਼ ਊਰਜਾ, ਬਾਇਓ-ਟੈਕਨਾਲੋਜੀ, ਪੁਲਾੜ ਖੋਜ ਅਤੇ ਆਧੁਨਿਕ ਚਿਕਿਤਸਾ ਵਰਗੇ ਖੇਤਰ ਮਨੁੱਖੀ ਇਤਿਹਾਸ ਦਾ ਨਵਾਂ ਅਧਿਆਇ ਲਿਖ ਰਹੇ ਹਨ। ਅਮਰੀਕਾ ਇਨ੍ਹਾਂ ਖੇਤਰਾਂ ਵਿਚ ਅੱਜ ਵੀ ਅਗਵਾਈ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਆਉਣ ਵਾਲੇ ਦਹਾਕਿਆਂ ਵਿਚ ਜਿਹੜੇ ਦੇਸ਼ ਗਿਆਨ, ਖੋਜ ਅਤੇ ਨਵੀਨਤਾ ਵਿਚ ਅੱਗੇ ਹੋਣਗੇ, ਉਹੀ ਵਿਸ਼ਵ ਦੀ ਅਗਵਾਈ ਕਰਨਗੇ। ਇਸ ਲਈ ਸਿੱਖਿਆ ਅਤੇ ਖੋਜ ਵਿਚ ਨਿਵੇਸ਼ ਅਮਰੀਕਾ ਦੀ ਸਭ ਤੋਂ ਵੱਡੀ ਤਾਕਤ ਬਣੇ ਰਹਿਣਗੇ।

ਇਸ ਪੂਰੇ ਸਫ਼ਰ ਵਿਚ ਇੱਕ ਗੱਲ ਕਦੇ ਨਹੀਂ ਬਦਲੀ। ਉਹ ਹੈ ਮਿਹਨਤ ਦੀ ਕਦਰ। ਇਸ ਦੇਸ਼ ਵਿਚ ਅੱਜ ਵੀ ਲੱਖਾਂ ਲੋਕ ਹਰ ਸਵੇਰ ਇੱਕ ਨਵੇਂ ਸੁਪਨੇ ਨਾਲ ਆਪਣੇ ਘਰਾਂ ਤੋਂ ਨਿਕਲਦੇ ਹਨ। ਕੋਈ ਕਿਸਾਨ ਹੈ, ਕੋਈ ਟਰੱਕ ਡਰਾਈਵਰ, ਕੋਈ ਅਧਿਆਪਕ, ਕੋਈ ਪੁਲਿਸ ਅਧਿਕਾਰੀ, ਕੋਈ ਫਾਇਰ ਫਾਈਟਰ, ਕੋਈ ਡਾਕਟਰ, ਕੋਈ ਵਿਗਿਆਨੀ, ਕੋਈ ਇੰਜੀਨੀਅਰ, ਕੋਈ ਛੋਟਾ ਦੁਕਾਨਦਾਰ ਅਤੇ ਕੋਈ ਨਵਾਂ ਪਰਵਾਸੀ। ਹਰ ਵਿਅਕਤੀ ਆਪਣੀ-ਆਪਣੀ ਭੂਮਿਕਾ ਨਿਭਾ ਕੇ ਇਸ ਮਹਾਨ ਦੇਸ਼ ਦੀ ਤਰੱਕੀ ਵਿਚ ਆਪਣਾ ਹਿੱਸਾ ਪਾ ਰਿਹਾ ਹੈ। ਇਹੀ ਅਮਰੀਕਾ ਦੀ ਅਸਲ ਤਸਵੀਰ ਹੈ।

ਪੰਜਾਬੀ ਭਾਈਚਾਰਾ ਵੀ ਇਸ ਤਸਵੀਰ ਦਾ ਇੱਕ ਚਮਕਦਾ ਹੋਇਆ ਰੰਗ ਹੈ। ਅੱਜ ਜਦੋਂ ਅਸੀਂ ਕੈਲੀਫ਼ੋਰਨੀਆ ਦੇ ਖੇਤਾਂ ਵੱਲ ਦੇਖਦੇ ਹਾਂ, ਸੜਕਾਂ 'ਤੇ ਦੌੜਦੇ ਟਰੱਕਾਂ ਵੱਲ ਦੇਖਦੇ ਹਾਂ, ਯੂਨੀਵਰਸਿਟੀਆਂ, ਹਸਪਤਾਲਾਂ, ਅਦਾਲਤਾਂ, ਤਕਨਾਲੋਜੀ ਕੰਪਨੀਆਂ, ਵਪਾਰਕ ਕੇਂਦਰਾਂ, ਧਾਰਮਿਕ ਸੰਸਥਾਵਾਂ ਅਤੇ ਜਨਤਕ ਸੇਵਾ ਦੇ ਖੇਤਰਾਂ ਵੱਲ ਦੇਖਦੇ ਹਾਂ ਤਾਂ ਉੱਥੇ ਪੰਜਾਬੀਆਂ ਦੀ ਮਿਹਨਤ ਦੀ ਛਾਪ ਸਾਫ਼ ਦਿਖਾਈ ਦਿੰਦੀ ਹੈ। ਇਹ ਸਫ਼ਲਤਾ ਇੱਕ ਦਿਨ ਵਿਚ ਨਹੀਂ ਮਿਲੀ। ਇਸ ਦੇ ਪਿੱਛੇ ਕਈ ਪੀੜ੍ਹੀਆਂ ਦੀ ਕੁਰਬਾਨੀ, ਮਿਹਨਤ ਅਤੇ ਸਬਰ ਹੈ।

ਪਹਿਲੀ ਪੀੜ੍ਹੀ ਨੇ ਔਖੇ ਕੰਮ ਕੀਤੇ, ਤਾਂ ਜੋ ਦੂਜੀ ਪੀੜ੍ਹੀ ਪੜ੍ਹ ਸਕੇ। ਦੂਜੀ ਪੀੜ੍ਹੀ ਨੇ ਸਿੱਖਿਆ ਹਾਸਲ ਕੀਤੀ, ਤਾਂ ਜੋ ਤੀਜੀ ਪੀੜ੍ਹੀ ਲੀਡਰਸ਼ਿਪ ਕਰ ਸਕੇ। ਅੱਜ ਚੌਥੀ ਅਤੇ ਪੰਜਵੀਂ ਪੀੜ੍ਹੀ ਅਮਰੀਕੀ ਸਮਾਜ ਦੇ ਹਰ ਖੇਤਰ ਵਿਚ ਆਪਣੀ ਕਾਬਲੀਅਤ ਦਾ ਲੋਹਾ ਮਨਵਾ ਰਹੀ ਹੈ। ਇਹ ਸਿਰਫ਼ ਪੰਜਾਬੀ ਭਾਈਚਾਰੇ ਦੀ ਨਹੀਂ, ਸਗੋਂ ਅਮਰੀਕੀ ਮੌਕਿਆਂ ਦੀ ਵੀ ਜਿੱਤ ਹੈ।

ਸਿੱਖ ਭਾਈਚਾਰੇ ਨੇ ਇਸ ਦੇਸ਼ ਨੂੰ ਸਿਰਫ਼ ਆਰਥਿਕ ਯੋਗਦਾਨ ਹੀ ਨਹੀਂ ਦਿੱਤਾ, ਸਗੋਂ ਸੇਵਾ, ਸਮਾਨਤਾ ਅਤੇ ਮਨੁੱਖਤਾ ਦਾ ਸੰਦੇਸ਼ ਵੀ ਦਿੱਤਾ। ਲੰਗਰ ਦੀ ਪ੍ਰੰਪਰਾ ਨੇ ਲੱਖਾਂ ਲੋਕਾਂ ਨੂੰ ਇਹ ਸਮਝਾਇਆ ਕਿ ਭੁੱਖ ਦਾ ਕੋਈ ਧਰਮ ਨਹੀਂ ਹੁੰਦਾ। ਕੁਦਰਤੀ ਆਫ਼ਤਾਂ ਦੇ ਸਮੇਂ ਸੇਵਾ ਨੇ ਇਹ ਸਾਬਤ ਕੀਤਾ ਕਿ ਮਨੁੱਖਤਾ ਸਭ ਤੋਂ ਵੱਡਾ ਧਰਮ ਹੈ। ਇਹੀ ਕਾਰਨ ਹੈ ਕਿ ਅੱਜ ਸਿੱਖ ਭਾਈਚਾਰੇ ਨੂੰ ਅਮਰੀਕਾ ਦੇ ਕਈ ਹਿੱਸਿਆਂ ਵਿਚ ਸਤਿਕਾਰ ਨਾਲ ਦੇਖਿਆ ਜਾਂਦਾ ਹੈ।

ਅਸੀਂ ਇਹ ਵੀ ਨਹੀਂ ਭੁੱਲ ਸਕਦੇ ਕਿ ਹਰ ਨਵੀਂ ਪੀੜ੍ਹੀ ਉੱਤੇ ਨਵੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਸਾਨੂੰ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਣੀ ਹੈ, ਉਨ੍ਹਾਂ ਨੂੰ ਆਪਣੀ ਮਾਂ-ਬੋਲੀ, ਆਪਣੇ ਸੱਭਿਆਚਾਰ ਅਤੇ ਆਪਣੀਆਂ ਕਦਰਾਂ-ਕੀਮਤਾਂ ਨਾਲ ਜੋੜ ਕੇ ਰੱਖਣਾ ਹੈ। ਨਾਲ ਹੀ ਉਨ੍ਹਾਂ ਨੂੰ ਇੱਕ ਚੰਗਾ ਅਮਰੀਕੀ ਨਾਗਰਿਕ ਬਣਨ ਲਈ ਵੀ ਪ੍ਰੇਰਿਤ ਕਰਨਾ ਹੈ। ਜਦੋਂ ਇੱਕ ਵਿਅਕਤੀ ਆਪਣੀਆਂ ਜੜ੍ਹਾਂ ਨੂੰ ਵੀ ਸੰਭਾਲਦਾ ਹੈ ਅਤੇ ਜਿਸ ਦੇਸ਼ ਵਿਚ ਰਹਿੰਦਾ ਹੈ, ਉਸ ਪ੍ਰਤੀ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਹੈ, ਤਦੋਂ ਉਹ ਦੋਵੇਂ ਸੰਸਾਰਾਂ ਦੀਆਂ ਸਭ ਤੋਂ ਵਧੀਆ ਕਦਰਾਂ ਨੂੰ ਅੱਗੇ ਲੈ ਕੇ ਜਾਂਦਾ ਹੈ।

ਚਾਰ ਜੁਲਾਈ ਦੇ ਇਸ ਇਤਿਹਾਸਕ ਮੌਕੇ 'ਤੇ ਅਸੀਂ ਉਨ੍ਹਾਂ ਸਾਰੇ ਮਹਾਨ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ, ਜਿਨ੍ਹਾਂ ਨੇ ਇਸ ਦੇਸ਼ ਦੀ ਨੀਂਹ ਰੱਖੀ, ਆਜ਼ਾਦੀ ਲਈ ਸੰਘਰਸ਼ ਕੀਤਾ, ਲੋਕਤੰਤਰ ਨੂੰ ਮਜ਼ਬੂਤ ਬਣਾਇਆ, ਵਿਗਿਆਨ ਨੂੰ ਅੱਗੇ ਵਧਾਇਆ, ਉਦਯੋਗ ਖੜ੍ਹੇ ਕੀਤੇ, ਨਵੇਂ ਵਿਚਾਰ ਦਿੱਤੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਮਜ਼ਬੂਤ ਰਾਸ਼ਟਰ ਤਿਆਰ ਕੀਤਾ। ਅਸੀਂ ਉਨ੍ਹਾਂ ਲੱਖਾਂ ਪਰਵਾਸੀਆਂ ਨੂੰ ਵੀ ਨਮਨ ਕਰਦੇ ਹਾਂ, ਜਿਨ੍ਹਾਂ ਨੇ ਆਪਣੇ ਪਸੀਨੇ ਅਤੇ ਮਿਹਨਤ ਨਾਲ ਇਸ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਇਆ। ਅਤੇ ਅਸੀਂ ਵਿਸ਼ੇਸ਼ ਤੌਰ 'ਤੇ ਪੰਜਾਬੀਆਂ ਅਤੇ ਸਿੱਖ ਭਾਈਚਾਰੇ ਨੂੰ ਵਧਾਈ ਦਿੰਦੇ ਹਾਂ, ਜਿਨ੍ਹਾਂ ਨੇ ਲਗਭਗ ਸਵਾ ਸੌ ਸਾਲਾਂ ਤੋਂ ਇਸ ਮਹਾਨ ਦੇਸ਼ ਦੀ ਤਰੱਕੀ ਵਿਚ ਆਪਣਾ ਇਮਾਨਦਾਰ ਅਤੇ ਮਾਣਮੱਤਾ ਯੋਗਦਾਨ ਪਾਇਆ ਹੈ।

ਅੰਤ ਵਿਚ ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਅਮਰੀਕਾ ਹਮੇਸ਼ਾਂ ਸ਼ਾਂਤੀ, ਲੋਕਤੰਤਰ, ਨਿਆਂ ਅਤੇ ਖੁਸ਼ਹਾਲੀ ਦੇ ਰਾਹ 'ਤੇ ਅੱਗੇ ਵਧਦਾ ਰਹੇ। ਇੱਥੇ ਵੱਸਦੇ ਹਰ ਭਾਈਚਾਰੇ ਵਿਚ ਆਪਸੀ ਪਿਆਰ ਅਤੇ ਸਤਿਕਾਰ ਬਣਿਆ ਰਹੇ। ਇਹ ਦੇਸ਼ ਦੁਨੀਆਂ ਭਰ ਦੇ ਲੋਕਾਂ ਲਈ ਉਮੀਦ, ਮੌਕਿਆਂ ਅਤੇ ਨਵੀਨਤਾ ਦਾ ਪ੍ਰਤੀਕ ਬਣਿਆ ਰਹੇ। ਅਤੇ ਸਾਡਾ ਪੰਜਾਬੀ ਅਤੇ ਸਿੱਖ ਭਾਈਚਾਰਾ ਵੀ ਇਮਾਨਦਾਰੀ, ਮਿਹਨਤ, ਸੇਵਾ ਅਤੇ ਸਮਾਜ ਪ੍ਰਤੀ ਆਪਣੀ ਵਚਨਬੱਧਤਾ ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਰੌਸ਼ਨ ਮਿਸਾਲ ਬਣਦਾ ਰਹੇ।

# 'ਖੋਦਿਆ ਪਹਾੜ ਤੇ ਨਿਕਲਿਆ ਚੂਹਾ' : ਕਾਂਗਰਸ ਦਾ ਨਵਾਂ ਫਾਰਮੂਲਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com




ਪੰਜਾਬ ਮੇਲ USA

'ਖੋਦਿਆ ਪਹਾੜ ਤੇ ਨਿਕਲਿਆ ਚੂਹਾ' ਲੰਬੀ ਉਡੀਕ ਤੋਂ ਬਾਅਦ ਅਖ਼ੀਰ ਕਾਂਗਰਸ ਹਾਈ ਕਮਾਂਡ ਵੀ ਗੂੜ੍ਹੀ ਨੀਂਦ ਤੋਂ ਜਾਗਦਿਆਂ ਨਵਾਂ ਪ੍ਰਧਾਨ ਬਣਾਉਣ ਦੀ ਥਾਂ ਇੱਕ ਨਵਾਂ ਫਾਰਮੂਲਾ ਲਿਆਂਦਾ ਹੈ, ਜਿਸ ਨਾਲ ਪ੍ਰਧਾਨਗੀ ਅਤੇ ਮੁੱਖ ਮੰਤਰੀ ਬਣਨ ਦੇ ਚਾਹਵਾਨ ਸੀਨੀਅਰ ਨੇਤਾਵਾਂ ਨੇ ਚੁੱਪੀ ਸਾਧ ਲਈ ਹੈ। ਕਿਸੇ ਸੀਨੀਅਰ ਨੇਤਾ ਨੇ ਨਵੇਂ ਫਾਰਮੂਲੇ ਦਾ ਤਾਂ ਸਵਾਗਤ ਕੀਤਾ ਹੀ ਨਹੀਂ, ਇਥੋਂ ਤੱਕ ਕਿਸੇ ਵਰਕਰ ਦਾ ਪ੍ਰਤੀਕਰਮ ਵੀ ਨਹੀਂ ਆਇਆ। ਆਮ ਤੌਰ 'ਤੇ ਜਦੋਂ ਕੋਈ ਅਹੁਦਾ ਦਿੱਤਾ ਜਾਂਦਾ ਹੈ, ਤਾਂ ਉਸਦੇ ਸਵਾਗਤ ਲਈ ਬਿਆਨਾਂ ਦੀ ਝੜੀ ਲੱਗ ਜਾਂਦੀ ਹੈ। ਸਰਬ ਹਿੰਦ ਕਾਂਗਰਸ ਪਾਰਟੀ ਦੇ ਕੰਮ ਕਾਰ ਦਾ ਢੰਗ ਬਿਲਕੁਲ ਨਿਆਰਾ ਸਰਕਾਰੀ ਦਫ਼ਤਰਾਂ ਵਰਗਾ ਹੈ। ਜਿਵੇਂ ਸਰਕਾਰੀ ਦਫ਼ਤਰਾਂ ਵਿਚ ਫਾਈਲ ਇੱਕ ਮੇਜ ਤੋਂ ਦੂਜੇ ਮੇਜ 'ਤੇ ਜਾਂਦੀ ਸਮਾਂ ਲਗਾ ਦਿੰਦੀ ਹੈ, ਬਿਲਕੁਲ ਉਸੇ ਤਰ੍ਹਾਂ ਕਾਂਗਰਸ ਪਾਰਟੀ ਵਿਚ ਹੁੰਦਾ ਹੈ। ਜਦੋਂ ਕਿਸੇ ਰਾਜ ਦਾ ਕੋਈ ਅਹੁਦੇਦਾਰ ਨਿਯੁਕਤ ਕਰਨਾ ਹੁੰਦਾ ਹੈ, ਤਾਂ ਪਹਿਲਾਂ ਇਹ ਕੁਝ ਨੇਤਾਵਾਂ ਨੂੰ ਉਸ ਰਾਜ ਵਿਚ ਭੇਜਕੇ ਸੰਬੰਧਤ ਨੇਤਾਵਾਂ ਦੀ ਕਾਰਗੁਜ਼ਾਰੀ ਦੀ ਫੀਡਬੈਕ ਲੈਂਦੇ ਹਨ। ਫਿਰ ਉਹ ਇਸ ਜਾਣਕਾਰੀ ਬਾਰੇ ਆਪਸ ਵਿਚ ਵਿਚਾਰ-ਵਟਾਦਰਾ ਕਰਕੇ ਹਾਈਕਮਾਂਡ ਨੂੰ ਲਿਖਕੇ ਦਿੰਦੇ ਹਨ। ਉਸਤੋਂ ਬਾਅਦ ਹਾਈਕਮਾਂਡ ਦੇ ਸੀਨੀਅਰ ਨੇਤਾ ਵਿਚਾਰ-ਵਟਾਂਦਰਾ ਕਰਦੇ ਹਨ ਤੇ ਅਖ਼ੀਰ ਵਿਚ ਪ੍ਰਧਾਨ ਤੋਂ ਪ੍ਰਵਾਨਗੀ ਲਈ ਜਾਂਦੀ ਹੈ। ਇਸ ਕੰਮ ਵਿਚ ਹਰ ਸਟੇਜ 'ਤੇ ਲੰਬਾ ਸਮਾਂ ਲੱਗ ਜਾਂਦਾ ਹੈ। ਅਕਸਰ ਅਜਿਹੇ ਫੈਸਲਿਆਂ ਵਿਚ ਦੇਰੀ ਹੋ ਜਾਂਦੀ ਹੈ, ਜਿਸਦਾ ਪਾਰਟੀ ਨੂੰ ਦੇਰੀ ਹੋਣ ਦਾ ਨੁਕਸਾਨ ਹੋ ਜਾਂਦਾ ਹੈ। ਜਿਵੇਂ ਪੰਜਾਬ ਵਿਚ ਹੁਣ ਹੋਇਆ ਹੈ, ਕਿਉਂਕਿ ਬਾਕੀ ਸਾਰੀਆਂ ਪਾਰਟੀਆਂ ਨੇ ਇੱਕ ਸਾਲ ਪਹਿਲਾਂ ਤੋਂ ਹੀ ਚੋਣ ਸੰਬੰਧੀ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਆ ਗਈਆਂ ਹਨ। ਸਿਰਫ ਛੇ ਮਹੀਨੇ ਬਾਕੀ ਰਹਿੰਦੇ ਹਨ। ਹੁਣ ਉਨ੍ਹਾਂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਲੀਡਰਸ਼ਿਪ ਵਿਚ ਤਬਦੀਲੀ ਕਰਨ ਦੀ ਥਾਂ ਇੱਕ ਨਵਾਂ ਫਾਰਮੂਲਾ ਲਿਆਂਦਾ ਹੈ। ਜਦੋਂਕਿ ਲਗਪਗ ਪਿਛਲੇ ਇੱਕ ਸਾਲ ਤੋਂ ਵਰਤਮਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਦੀ ਥਾਂ ਨਵਾਂ ਪ੍ਰਧਾਨ ਲਗਾਉਣ ਲਈ ਵਿਚਾਰ-ਵਟਾਂਦਰਾ ਹੋ ਰਿਹਾ ਹੈ, ਕਿਉਂਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਭਾਵੇਂ ਨੌਜਵਾਨ ਹੈ, ਪ੍ਰੰਤੂ ਨਾ ਤਾਂ ਕਾਂਗਰਸ ਪਾਰਟੀ ਨੂੰ ਇੱਕਮੁੱਠ ਰੱਖ ਸਕਿਆ ਅਤੇ ਨਾ ਹੀ ਪਾਰਟੀ ਮਜ਼ਬੂਤ ਹੋਈ ਹੈ, ਸਗੋਂ ਉਸਦੇ ਨਰਮ ਵਿਵਹਾਰ ਕਰਕੇ ਵਰਤਮਾਨ ਸਰਕਾਰ ਨੂੰ ਮਹੱਤਵਪੂਰਨ ਮੁੱਦਿਆਂ 'ਤੇ ਕਾਂਗਰਸ ਪਾਰਟੀ ਘੇਰ ਨਹੀਂ ਸਕੀ। ਕਾਂਗਰਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਹਮੇਸ਼ਾ ਦੀ ਤਰ੍ਹਾਂ 2027 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਜਿੱਤਣ ਅਤੇ ਪੰਜਾਬ ਕਾਂਗਰਸ ਦੀ ਧੜੇਬੰਦੀ ਖ਼ਤਮ ਕਰਨ ਲਈ ਨਵੇਂ ਫਾਰਮੂਲੇ ਦਾ ਐਲਾਨ ਕੀਤਾ ਹੈ। ਪੰਜਾਬ ਕਾਂਗਰਸ ਦੀ ਧੜੇਬੰਦੀ ਖ਼ਤਮ ਕਰਨ ਲਈ ਇਹ ਪਹਿਲੀ ਵਾਰ ਕੋਈ ਨਵਾਂ ਫਾਰਮੂਲਾ ਨਹੀਂ ਆਇਆ, ਸਗੋਂ ਕਾਂਗਰਸ ਪਾਰਟੀ ਦੀ ਇਹ ਨਵੇਂ-ਨਵੇਂ ਫਾਰਮੂਲੇ ਬਣਾਕੇ ਕਾਂਗਰਸੀਆਂ ਨੂੰ ਇੱਕਮੁਠ ਕਰਨ ਦੀ ਪੁਰਾਣੀ ਪ੍ਰੰਪਰਾ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਅਤੇ ਪ੍ਰਤਾਪ ਸਿੰਘ ਬਾਜਵਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੋਵੇਂ ਜੱਟ ਸਿੱਖਾਂ ਨੂੰ ਬਦਲਿਆ ਨਹੀਂ ਗਿਆ। ਇੱਕ ਤਾਂ ਸਰਬ ਹਿੰਦ ਕਾਂਗਰਸ ਨੇ ਚੰਗੀ ਗੱਲ ਕੀਤੀ ਹੈ ਕਿ ਚੋਣਾਂ ਸਿਰ 'ਤੇ ਆਉਣ ਸਮੇਂ ਪੰਜਾਬ ਕਾਂਗਰਸ ਦਾ ਪ੍ਰਧਾਨ ਨਹੀਂ ਬਦਲਿਆ।







**ਕਾਂਗਰਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਹਮੇਸ਼ਾ ਦੀ ਤਰ੍ਹਾਂ 2027 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਜਿੱਤਣ ਅਤੇ ਪੰਜਾਬ ਕਾਂਗਰਸ ਦੀ ਧੜੇਬੰਦੀ ਖ਼ਤਮ ਕਰਨ ਲਈ ਨਵੇਂ ਫਾਰਮੂਲੇ ਦਾ ਐਲਾਨ ਕੀਤਾ ਹੈ। ਪੰਜਾਬ ਕਾਂਗਰਸ ਦੀ ਧੜੇਬੰਦੀ ਖ਼ਤਮ ਕਰਨ ਲਈ ਇਹ ਪਹਿਲੀ ਵਾਰ ਕੋਈ ਨਵਾਂ ਫਾਰਮੂਲਾ ਨਹੀਂ ਆਇਆ, ਸਗੋਂ ਕਾਂਗਰਸ ਪਾਰਟੀ ਦੀ ਇਹ ਨਵੇਂ-ਨਵੇਂ ਫਾਰਮੂਲੇ ਬਣਾਕੇ ਕਾਂਗਰਸੀਆਂ ਨੂੰ ਇੱਕਮੁਠ ਕਰਨ ਦੀ ਪੁਰਾਣੀ ਪ੍ਰੰਪਰਾ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਅਤੇ ਪ੍ਰਤਾਪ ਸਿੰਘ ਬਾਜਵਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੋਵੇਂ ਜੱਟ ਸਿੱਖਾਂ ਨੂੰ ਬਦਲਿਆ ਨਹੀਂ ਗਿਆ।**

ਹੁਣ ਤੱਕ ਇਹ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਸਨ ਕਿ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਥਾਂ 'ਤੇ ਕੋਈ ਹੋਰ ਨੇਤਾ ਨਵਾਂ ਪ੍ਰਧਾਨ ਬਣਾਇਆ ਜਾਵੇਗਾ, ਕਿਉਂਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੇ ਵੰਨ-ਸਵੰਨੇ ਬਿਆਨਾਂ ਕਰਕੇ ਵਾਦ-ਵਿਵਾਦ ਖੜ੍ਹਾ ਕਰ ਦਿੰਦੇ ਰਹੇ ਹਨ, ਜਿਸ ਕਰਕੇ ਪਾਰਟੀ ਲਈ ਉਸਨੂੰ ਕਈ ਵਾਰ ਇਨ੍ਹਾਂ ਬਿਆਨਾਂ ਕਰਕੇ ਮਾਫ਼ੀ ਵੀ ਮੰਗਣੀ ਪਈ ਸੀ। ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਬਦਲਕੇ ਕਾਂਗਰਸ ਪਾਰਟੀ ਜੇ ਕਿਸੇ ਨੂੰ ਪ੍ਰਧਾਨ ਬਣਾਉਂਦੀ, ਤਾਂ ਲੋਕਾਂ ਵਿਚ ਇਹ ਪ੍ਰਭਾਵ ਜਾਣਾ ਸੀ ਕਿ ਉਹ ਭਾਵੀ ਮੁੱਖ ਮੰਤਰੀ ਦਾ ਉਮੀਦਵਾਰ ਹੋਵੇਗਾ। ਪੰਜਾਬ ਕਾਂਗਰਸ ਦੇ ਤਾਂ ਪਹਿਲਾਂ ਹੀ ਪੰਜ ਮੁੱਖ ਮੰਤਰੀ ਦੇ ਦਾਅਵੇਦਾਰ ਬਣੇ ਫਿਰਦੇ ਸਨ। ਘੱਟੋ-ਘੱਟ ਉਨ੍ਹਾਂ ਨੂੰ ਤਾਂ ਲਗਾਮ ਪਾ ਦਿੱਤੀ ਗਈ ਹੈ। ਭਾਰਤੀ ਜਨਤਾ ਪਾਰਟੀ ਨੇ ਸੁਨੀਲ ਕੁਮਾਰ ਜਾਖੜ ਦੀ ਥਾਂ ਇੱਕ ਜੱਟ ਸਿੱਖ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾ ਦਿੱਤਾ ਸੀ। ਇਸ ਲਈ ਇੱਕ ਜੱਟ ਸਿੱਖ ਨੂੰ ਬਦਲਣਾ ਕਾਂਗਰਸ ਪਾਰਟੀ ਲਈ ਭਾਰਾ ਪੈ ਸਕਦਾ ਸੀ। ਕਾਂਗਰਸ ਪਾਰਟੀ ਨੇ ਰਾਜਾ ਵੜਿੰਗ ਦੇ ਨਾਲ ਸੁਖਵਿੰਦਰ ਸਿੰਘ ਡੈਨੀ ਤੇ ਰਾਜ ਕੁਮਾਰ ਵੇਰਕਾ ਦੋਵੇਂ ਪੱਟੀਦਰ ਜਾਤੀਆਂ ਅਤੇ ਸੰਗਤ ਸਿੰਘ ਗਿਲਜੀਆਂ ਪਛੜੀਆਂ ਸ਼੍ਰੇਣੀਆਂ ਵਿਚੋਂ ਤਿੰਨ ਵਰਕਿੰਗ ਪ੍ਰੈਜ਼ੀਡੈਂਟ ਬਣਾਕੇ ਇਨ੍ਹਾਂ ਸ਼੍ਰੇਣੀਆਂ ਨੂੰ ਬਰਾਬਰ ਦੀ ਪ੍ਰਤੀਨਿਧਤਾ ਦੇਣ ਦੀ ਕੋਸਿਸ਼ ਕੀਤੀ ਹੈ, ਪ੍ਰੰਤੂ ਉਥੇ ਹੀ ਇਨ੍ਹਾਂ ਦੇ ਬਣਨ ਨਾਲ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਹਿਮੀਅਤ ਵੀ ਘਟਾ ਦਿੱਤੀ ਹੈ। ਰਾਮਦਾਸੀਆ ਅਤੇ ਬਾਲਮੀਕ ਭਾਈਚਾਰੇ ਨੂੰ ਵੀ ਸੰਤੁਸ਼ਟ ਕੀਤਾ ਗਿਆ ਹੈ। ਕਾਂਗਰਸ ਹਾਈ ਕਮਾਂਡ ਕਿਸੇ ਲੋਕ ਸਭਾ ਦੇ ਮੈਂਬਰ ਨੂੰ ਵਿਧਾਨ ਸਭਾ ਦੀ ਚੋਣ ਲੜਾਉਣ ਦਾ ਹੌਸਲਾ ਨਹੀਂ ਕਰੇਗੀ ਕਿਉਂਕਿ ਸਾਂਝੇ ਗੱਠਜੋੜ ਦੇ ਮੈਂਬਰਾਂ ਦੀ ਗਿਣਤੀ ਘਟਾ ਦੇਵੇਗੀ। ਇਸਦਾ ਅਰਥ ਇਹ ਹੋਇਆ ਕਿ ਮੁੱਖ ਮੰਤਰੀ ਦੀ ਕੁਰਸੀ ਦੇ ਮੋਹਰੀ ਚਾਹਵਾਨ ਮੁੱਖ ਮੰਤਰੀ ਦੀ ਦੌੜ ਵਿਚੋਂ ਆਪਣੇ ਆਪ ਬਾਹਰ ਹੋ ਗਏ ਹਨ।

ਕਾਂਗਰਸ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾ ਤੋਂ ਸਿਰਫ਼ ਤਿੰਨ ਮਹੀਨੇ ਪਹਿਲਾਂ ਅਨੁਸੂਚਿਤ ਜਾਤੀਆਂ ਦੀਆਂ ਵੋਟਾਂ ਬਟੋਰਨ ਦੇ ਇਰਾਦੇ ਨਾਲ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਸੀ, ਪ੍ਰੰਤੂ ਉਹ ਤਜ਼ਰਬਾ ਵੀ ਫੇਲ੍ਹ ਹੋ ਗਿਆ ਸੀ, ਕਾਂਗਰਸ ਪਾਰਟੀ ਕਿਉਂਕਿ ਬੁਰੀ ਤਰ੍ਹਾਂ ਹਾਰ ਤਾਂ ਗਈ ਹੀ ਸੀ, ਪ੍ਰੰਤੂ ਚਰਨਜੀਤ ਸਿੰਘ ਚੰਨੀ ਦੋਵੇਂ ਵਿਧਾਨ ਸਭਾ ਹਲਕਿਆਂ ਚਮਕੌਰ ਸਾਹਿਬ ਅਤੇ ਭਦੌੜ ਵਿਚੋਂ ਹਾਰੇ ਹੀ ਨਹੀਂ, ਸਗੋਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ ਸਨ। ਨਵੇਂ ਫਾਰਮੂਲੇ ਵਿਚ ਕਾਂਗਰਸ ਪਾਰਟੀ ਨੇ ਪੰਜਾਬ ਕਾਂਗਰਸ ਦੇ ਸਾਰੇ ਧੜਿਆਂ ਨੂੰ ਨੁਮਾਇੰਦਗੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਜੇ ਇਹ ਕਹਿ ਲਿਆ ਜਾਵੇ ਕਿ ਇਹ ਫਾਰਮੂਲਾ ਬੇਲੈਂਸ ਹੈ, ਤਾਂ ਵੀ ਠੀਕ ਹੋਵੇਗਾ, ਕਿਉਂਕਿ ਸਾਰੇ ਵਰਗਾਂ ਸਮੁਦਾਇ ਅਤੇ ਜਾਤਾਂ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ। ਨਵੇਂ ਫਾਰਮੂਲੇ ਵਿਚ ਚਰਨਜੀਤ ਸਿੰਘ ਚੰਨੀ ਨੂੰ ਕੰਪੇਨ ਕਮੇਟੀ ਦਾ ਚੇਅਰਮੈਨ, ਸੁਖਵਿੰਦਰ ਸਿੰਘ ਡੈਨੀ ਤੇ ਰਾਜ ਕੁਮਾਰ ਵੇਰਕਾ ਨੂੰ ਵਰਕਿੰਗ ਪ੍ਰੈਜ਼ੀਡੈਂਟ ਅਤੇ ਡਾ. ਅਮਰ ਸਿੰਘ ਨੂੰ ਚੋਣ ਮੈਨੀਫੈਸਟੋ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ, ਇਹ ਚਾਰੇ ਅਨੁਸੂਚਿਤ ਜਾਤੀ ਨਾਲ ਸੰਬੰਧਤ ਹਨ। ਵਿਜੇ ਇੰਦਰ ਸਿੰਗਲਾ ਜੋ ਬਾਣੀਆਂ ਸਮੁਦਾਇ ਨਾਲ ਸੰਬੰਧਤ ਹਨ, ਉਸਨੂੰ ਇਲੈਕਸ਼ਨ ਮੈਨੇਜਮੈਂਟ ਤੇ ਕੋਆਰਡੀਨੇਸ਼ਨ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ। ਬ੍ਰਾਹਮਣ ਭਾਈਚਾਰੇ ਵਿਚੋਂ ਭਰਤ ਭੂਸ਼ਣ ਆਸ਼ੂ, ਓ.ਪੀ. ਸੋਨੀ ਅਤੇ ਡਾ. ਧਰਮਵੀਰ ਗਾਂਧੀ ਨੂੰ ਸਹਿ ਚੇਅਰਮੈਨ ਬਣਾਇਆ ਗਿਆ ਹੈ। ਜੱਟ ਸਿੱਖਾਂ ਵਿਚੋਂ ਸੁਖਜਿੰਦਰ ਸਿੰਘ ਰੰਧਾਵਾ ਨੂੰ ਕੋਰ ਕਮੇਟੀ ਦਾ ਚੇਅਰਮੈਨ, ਸੁਖਪਾਲ ਸਿੰਘ ਖਹਿਰਾ, ਰਾਣਾ ਗੁਰਜੀਤ ਸਿੰਘ, ਕੁਲਜੀਤ ਸਿੰਘ ਨਾਗਰਾ, ਗੁਰਜੀਤ ਸਿੰਘ ਔਜਲਾ, ਪ੍ਰਗਟ ਸਿੰਘ ਅਤੇ ਸੁਖਬਿੰਦਰ ਸਿੰਘ ਸਰਕਾਰੀਆ ਨੂੰ ਵੱਖ-ਵੱਖ ਕਮੇਟੀਆਂ ਦੇ ਸਹਿ ਚੇਅਰਮੈਨ ਬਣਾਇਆ ਗਿਆ ਹੈ। ਪੰਜਾਬ ਕਾਂਗਰਸ ਦੇ ਵੱਡੇ ਨੇਤਾਵਾਂ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਮੋਹਰੀ ਦੀ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਤਾਂ ਜੋ ਕਿਸੇ ਕਿਸਮ ਦਾ ਵਾਦ-ਵਿਵਾਦ ਨਾ ਹੋਵੇ ਤੇ ਧੜੇਬੰਦੀ ਖ਼ਤਮ ਕੀਤੀ ਜਾ ਸਕੇ। ਇਸ ਫਾਰਮੂਲੇ ਵਿਚ ਪੰਜਾਬ ਵਿਚੋਂ ਲੋਕ ਸਭਾ ਦੇ ਚੁਣੇ ਹੋਏ ਇੱਕ ਐਮ.ਪੀ. ਸ਼ੇਰ ਸਿੰਘ ਘੁਬਾਇਆ ਨੂੰ ਛੱਡਕੇ ਬਾਕੀ ਸੱਤ ਮੈਂਬਰਾਂ ਨੂੰ ਵੀ ਅਡਜਸਟ ਕਰ ਲਿਆ ਹੈ। ਇਸ ਫਾਰਮੂਲੇ ਵਿਚ ਪੰਜਾਬ ਦੇ ਤਿੰਨੋਂ ਇਲਾਕੇ ਮਾਝਾ, ਮਾਲਵਾ ਅਤੇ ਦੁਆਬਾ ਦੀ ਆਬਾਦੀ ਅਨੁਸਾਰ ਅਹੁਦੇ ਦਿੱਤੇ ਗਏ ਹਨ। ਮਾਲਵੇ ਵਿਚੋਂ ਸਭ ਤੋਂ ਵੱਧ ਅੱਠ, ਦੁਆਬੇ ਵਿਚੋਂ ਪੰਜ ਅਤੇ ਮਾਝੇ ਵਿਚੋਂ ਛੇ ਮੈਂਬਰ ਲਏ ਗਏ ਹਨ। ਭਾਰਤ ਭੂਸ਼ਣ ਆਸ਼ੂ ਸਾਬਕਾ ਵਰਕਿੰਗ ਪ੍ਰਧਾਨ ਜਿਹੜਾ ਲੁਧਿਆਣਾ ਪੱਛਮੀ ਦੀ ਉਪ ਚੋਣ ਵਿੱ ਹਾਰਨ ਅਤੇ ਆਪਣੇ ਅੱਖੜ ਸੁਭਾਅ ਕਰਕੇ ਹਾਸ਼ੀਏ 'ਤੇ ਕਰ ਦਿੱਤਾ ਗਿਆ ਸੀ, ਮੁੜ ਮੁੱਖ ਧਾਰਾ ਵਿਚ ਆ ਗਿਆ ਹੈ। ਇਹ ਵੀ ਚੰਗਾ ਫ਼ੈਸਲਾ ਹੈ ਕਿ ਇਸ ਫਾਰਮੂਲੇ ਵਿਚ ਕਿਸੇ ਇੱਕ ਨੇਤਾ ਨੂੰ ਸਿਰਮੌਰ ਨੇਤਾ ਸਾਬਤ ਕਰਕੇ ਮੁੱਖ ਮੰਤਰੀ ਦਾ ਦਾਅਵੇਦਾਰ ਨਹੀਂ ਬਣਨ ਦਿੱਤਾ ਗਿਆ। ਹੁਣ ਸਾਰੇ ਨੇਤਾਵਾਂ ਨੂੰ ਲਾਲੀਪਾਪ ਫੜ੍ਹਾ ਦਿੱਤੇ ਹਨ, ਤਾਂ ਜੋ ਉਹ ਜ਼ੋਰ-ਸ਼ੋਰ ਨਾਲ ਚੋਣਾਂ ਜਿੱਤਣ ਲਈ ਕੰਮ ਕਰਦੇ ਰਹਿਣ। ਚਾਰੇ ਕਮੇਟੀਆਂ ਦਾ ਕੋਈ ਵੀ ਮੈਂਬਰ ਨਹੀਂ ਬਣਾਇਆ, ਸਗੋਂ ਚੇਅਰਮੈਨ ਦੇ ਨਾਲ ਬਾਕੀ ਸਾਰਿਆਂ ਨੂੰ ਸਹਿ ਚੇਅਰਮੈਨ ਦੇ ਅਹੁਦੇ ਦੇ ਕੇ ਉਨ੍ਹਾਂ ਦੀ ਈਗੋ ਸੈਟਸਫਾਈ ਕੀਤੀ ਗਈ ਹੈ। ਇਹ ਕਾਂਗਰਸ ਦਾ ਅੰਦਰੂਨੀ ਕਲੇਸ਼ ਖ਼ਤਮ ਕਰਨ ਦੀ ਕੋਸ਼ਿਸ਼ ਹੈ। ਹਿੰਦੂ ਨੇਤਾਵਾਂ ਵਿਜੇ ਇੰਦਰ ਸਿੰਗਲਾ, ਭਾਰਤ ਭੂਸ਼ਣ ਆਸ਼ੂ, ਡਾ. ਧਰਮਵੀਰ ਗਾਂਧੀ ਅਤੇ ਓ.ਪੀ. ਸੋਨੀ, ਪੱਛੜੀਆਂ ਸ਼੍ਰੇਣੀਆਂ ਵਿਚੋਂ ਸੰਗਤ ਸਿੰਘ ਗਿਲਜੀਆਂ, ਅੰਗਦ ਸਿੰਘ ਸੈਣੀ ਅਤੇ ਹਰਦਿਆਲ ਸਿੰਘ ਕੰਬੋਜ ਅਤੇ ਮੁਸਲਮਾਨ ਸਮੁਦਾਇ ਵਿਚੋਂ ਰਜੀਆ ਸੁਲਤਾਨਾ ਸ਼ਾਮਲ ਕੀਤੇ ਗਏ ਹਨ। ਇਹ ਨੇਤਾ ਇੱਕ-ਦੋ ਨੂੰ ਛੱਡਕੇ ਵੱਡੀ ਉਮਰ ਦੇ ਨਹੀਂ ਹਨ, ਜਿਹੜੇ ਪਾਰਟੀ ਦੀ ਸਫ਼ਲਤਾ ਲਈ ਭੱਜ-ਨੱਠ ਕਰਕੇ ਚੋਣ ਮੁਹਿੰਮ ਨੂੰ ਹੁਲਾਰਾ ਦੇ ਸਕਣਗੇ। ਇਨ੍ਹਾਂ ਵਿਚੋਂ ਕੁਝ ਕੁ ਤਾਂ 50 ਸਾਲ ਤੋਂ ਵੀ ਘੱਟ ਹਨ। ਇਸਤਰੀਆਂ ਨੂੰ ਵਧੇਰੇ ਅਧਿਕਾਰਾਂ ਦੀ ਗੱਲ ਕਾਂਗਰਸ ਪਾਰਟੀ ਬਹੁਤ ਕਰਦੀ ਰਹਿੰਦੀ ਹੈ, ਪ੍ਰੰਤੂ ਇਨ੍ਹਾਂ 19 ਨੇਤਾਵਾਂ ਵਿਚ ਸਿਰਫ ਇੱਕ ਇਸਤਰੀ ਰਜੀਆ ਸੁਲਤਾਨਾ ਨੂੰ ਹੀ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਨੇਤਾਵਾਂ ਵਿਚ ਅੱਧ ਤੋਂ ਵੀ ਘੱਟ ਟਕਸਾਲੀ ਕਾਂਗਰਸੀ ਹਨ, ਪ੍ਰੰਤੂ ਬਾਕੀ ਦੂਜੀਆਂ ਪਾਰਟੀਆਂ ਵਿਚੋਂ ਆਏ ਹੋਏ ਹਨ। ਇਸ ਫਾਰਮੂਲੇ ਨੂੰ 'ਦੇਰ ਆਏ ਦਰੁਸਤ ਆਏ' ਕਿਹਾ ਜਾ ਸਕਦਾ ਹੈ। ਵੇਖਣ ਵਾਲੀ ਗੱਲ ਤਾਂ ਇਹ ਹੋਵੇਗੀ ਇਸ ਫਾਰਮੂਲੇ ਨਾਲ ਪੰਜਾਬ ਕਾਂਗਰਸ ਵਿਚ ਧੜੇਬੰਦੀ ਖ਼ਤਮ ਹੋਵੇਗੀ ਕਿ ਨਹੀਂ।

# ਹਰਿਮੰਦਰ ਸਾਹਿਬ, ਅੰਮ੍ਰਿਤਸਰ



ਅੰਮ੍ਰਿਤਸਰ ਦਾ ਪਹਿਲਾ ਨਾਉਂ 'ਚੱਕ ਗੁਰੂ ਰਾਮਦਾਸ' ਅਤੇ ਸਰੋਵਰ ਦਾ ਨਾਉਂ 'ਅਮਰਸਰ' ਸੀ, ਜਿਸ ਨੂੰ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਅੰਮ੍ਰਿਤਸਰ ਰੱਖਿਆ। ਇੱਥੇ ਪਹਿਲਾਂ ਇੱਕ ਜਲ ਦੀ ਢਾਬ ਅਤੇ ਵਿਰਲਾ ਜੰਗਲ ਸੀ। ਇਸ ਰਮਣੀਕ ਅਸਥਾਨ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਕੀਤਾ। ਹੁਣ ਇਹ ਇੱਕ ਅਜਿਹਾ ਧਾਰਮਿਕ ਅਸਥਾਨ ਹੈ, ਜਿੱਥੇ ਅੱਠੇ-ਪਹਿਰ ਮਨੋਹਰ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਦਾ ਹੈ। ਸਮੇਂ ਦੀਆਂ ਜ਼ਾਲਮ ਹਕੂਮਤਾਂ ਨੇ ਸਿੱਖੀ ਦੀ ਵਧਦੀ ਹਰਮਨਪਿਆਰਤਾ ਨੂੰ ਢਾਹ ਲਾਉਣ ਦੀ ਹਮੇਸ਼ਾ ਤਾਂਘ ਰੱਖੀ। ਸਿੱਖੀ ਦੀ ਹਸਤੀ ਮਿਟਾਉਣ ਦੇ ਯਤਨਾਂ ਵਿਚ ਕਿ ਸਿੱਖਾਂ ਨੂੰ ਪ੍ਰੇਰਨਾ ਆਪਣੇ ਧਾਰਮਿਕ ਕੇਂਦਰ ਹਰਿਮੰਦਰ ਸਾਹਿਬ ਜੀ ਤੋਂ ਮਿਲਦੀ ਹੈ।

ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA



ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਪ੍ਰਚੱਲਿਤ ਧਰਮਾਂ ਦੇ ਗਿਆਨ ਤੋਂ ਅਨੁਭਵ ਕੀਤਾ ਕਿ ਸੰਸਾਰ ਨੂੰ ਇੱਕ ਅਜਿਹੇ ਧਰਮ ਦੀ ਲੋੜ ਹੈ, ਜੋ ਸਾਰੀ ਮਾਨਵਤਾ ਦਾ ਉਧਾਰ ਕਰ ਸਕੇ। ਇਸ ਨੂੰ ਅਮਲੀ ਰੂਪ ਦੇਣ ਲਈ ਸੰਸਾਰ ਵਿਚ ਅਜਿਹਾ ਧਰਮ-ਮੰਦਰ ਤੇ ਧਾਰਮਿਕ ਕੇਂਦਰ ਸਥਾਪਤ ਹੋਣਾ ਚਾਹੀਦਾ ਹੈ, ਜਿੱਥੇ ਅੱਠੇ-ਪਹਿਰ ਪ੍ਰਮਾਤਮਾ ਦੀ ਸਿਫ਼ਤ ਸਲਾਹ ਹੁੰਦੀ ਰਹੇ। ਜਿੱਥੇ ਰੱਬੀ-ਬਾਣੀ ਦਾ ਮਨੋਹਰ ਕੀਰਤਨ ਦਾ ਪ੍ਰਵਾਹ ਤਪਦੇ ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰਦਾ ਰਹੇ। ਜੋ ਸੰਸਾਰ ਵਿਚ ਅਮਨ-ਸ਼ਾਂਤੀ ਦਾ ਸੰਦੇਸ਼ ਦੇਵੇ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਜੀਵਨ ਦੇ ਆਖ਼ਰੀ ਪੜਾਅ ਇਸ ਸੰਦੇਸ਼ ਦਾ ਪ੍ਰਚਾਰ ਕਰਤਾਪੁਰ ਵਿਖੇ ਰਹਿ ਕੇ ਕੀਤਾ। ਗੁਰੂ ਅਮਰਦਾਸ ਸਾਹਿਬ ਜੀ ਨੇ ਗੋਇੰਦਵਾਲ ਰਹਿ ਕੇ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ, ਜੋ ਸਿੱਖ-ਧਰਮ ਦਾ ਮੁੱਖ ਕੇਂਦਰ ਬਣਿਆ। ਫਿਰ ਗੁਰਾਂ ਨੇ ਪਵਿੱਤਰ ਸਰੋਵਰ ਅੰਮ੍ਰਿਤਸਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸ ਨੂੰ ਗੁਰੂ ਰਾਮਦਾਸ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਗੁਰੂ ਰਾਮਦਾਸ ਸਾਹਿਬ ਜੀ ਨੇ ਸੰਨ 1577 ਵਿਚ ਪਿੰਡ ਤੁੰਗ ਦੇ ਜ਼ਿਮੀਂਦਾਰਾਂ ਤੋਂ ਜ਼ਮੀਨ ਦਾ ਪਟਾ ਲਿਆ ਸੀ। ਇੱਥੇ ਇੱਕ ਨਗਰ ਵਸਾਉਣ ਦੀ ਯੋਜਨਾ ਵਿਚਾਰ ਅਧੀਨ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵਿਉਂਤਬੰਦੀ ਕਰਕੇ ਗੁਰੂ ਰਾਮਦਾਸ ਸਾਹਿਬ ਜੀ ਵੱਲੋਂ 1577 ਈ. ਵਿਚ ਬਣਾਏ ਗਏ ਸਰੋਵਰ 'ਤੇ ਨਗਰ ਉਸਾਰਿਆ। ਇਸ ਦੀ ਨੀਂਹ 28 ਦਸੰਬਰ, 1588 ਈ. ਨੂੰ ਸੂਫ਼ੀ ਸੰਤ ਮੀਆਂ ਮੀਰ ਜੀ ਹੱਥੋਂ ਰਖਵਾਈ, ਜੋ ਸਾਂਝੀਵਾਲਤਾ ਦਾ ਸੰਦੇਸ਼ ਹੈ। ਇਸ ਸਮੇਂ ਇਕ ਵੱਡਾ ਧਾਰਮਿਕ ਇਕੱਠ ਹੋਇਆ। ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਜ਼ਮੀਨੀ ਹੇਠਲੇ ਪੱਧਰ 'ਤੇ ਉਸਾਰਿਆ। ਇਸ ਦੇ ਚਾਰ ਦਰਵਾਜ਼ੇ ਰੱਖੇ ਗਏ ਕਿ ਇਸ ਰੱਬੀ ਘਰ ਵਿਚ ਚੌਹਾਂ ਵਰਗਾਂ ਅਤੇ ਚੌਹਾਂ ਦਿਸ਼ਾਵਾਂ ਤੋਂ ਸ਼ਰਧਾਲੂ ਦਰਸ਼ਨ ਕਰਨ ਆ ਸਕਦੇ ਹਨ। ਦੇਸਾਂ-ਪ੍ਰਦੇਸਾਂ ਤੋਂ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ। ਉਸਾਰੀ ਦਾ ਕੰਮ 1604 ਈ. ਵਿਚ ਮੁਕੰਮਲ ਹੋਇਆ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ 1 ਸਤੰਬਰ, 1604 ਨੂੰ ਹਰਿਮੰਦਰ ਸਾਹਿਬ ਵਿਖੇ ਕੀਤਾ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਦੀ ਕਲਾਕ੍ਰਿਤੀ ਦੀ ਬਣਤਰ ਅਤੇ ਉਸਾਰੀ ਦਾ ਹੁਨਰ ਅਦੁੱਤੀ ਹੈ, ਜੋ ਵਿਸ਼ਵ ਪੱਧਰੀ ਮਿਸਾਲ ਹੈ। ਇਹ ਇੱਕ ਵਿਲੱਖਣ ਧਾਰਮਿਕ ਕੇਂਦਰ ਹੈ। ਜਿਸ ਕਿਸੇ ਨੇ ਵੀ ਇਸ ਪਵਿੱਤਰ ਧਾਰਮਿਕ ਅਸਥਾਨ ਦੇ ਦਰਸ਼ਨ ਕੀਤੇ ਹਨ, ਕਹਿ ਉੱਠਿਆ ਹੈ - ਹੇ ਨਾਨਕ! ਆਖ ਹੇ ਰਾਮ ਦੇ ਦਾਸਾਂ ਦੇ ਸਰੋਵਰ! ਤੇਰੇ ਵਿਚ ਆਤਮਿਕ ਇਸ਼ਨਾਨ ਕੀਤਿਆਂ ਮਨੁੱਖ ਦੇ ਮਨ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ। ਹੇ ਰਾਮ ਦੇ ਦਾਸਾਂ ਦੇ ਸ਼ਹਿਰ! ਹੇ ਸਤਸੰਗ! ਤੇਰੇ ਅੰਦਰ ਉੱਚੇ ਆਤਮਿਕ ਗੁਣਾਂ ਦੀ ਵਸੋਂ ਬਹੁਤ ਸੰਘਣੀ ਹੈ। ਤੂੰ ਬੇਅੰਤ! ਹੇ ਰਾਮਦਾਸਾਂ ਦੇ ਸ਼ਹਿਰ! ਮੈਂ ਹੋਰ ਸਾਰੇ ਥਾਂ ਵੇਖ ਲਏ ਹਨ। ਪਰ ਤੇਰੇ ਬਰਾਬਰ ਦਾ ਮੈਨੂੰ ਕੋਈ ਨਹੀਂ ਦਿਸਿਆ। ਹੇ ਰਾਮ ਦੇ ਦਾਸਾਂ ਦੀ ਸ਼ਹਿਰ! ਹੇ ਸਤਸੰਗ! ਤੇਰੀ ਨੀਂਹ ਅਕਾਲ ਪੁਰਖ ਸਿਰਜਣਹਾਰ ਨੇ ਆਪ ਰੱਖੀ ਹੈ। ਇਸ ਵਾਸਤੇ ਤੂੰ ਉਸ ਦੇ ਆਤਮਿਕ ਗੁਣਾਂ ਦੀ ਬਰਕਤ ਨਾਲ ਸੋਹਣਾ ਦਿੱਸਦਾ ਰਿਹਾ ਹੈ। (ਅੰਗ-1362)

ਅੰਮ੍ਰਿਤਸਰ ਦਾ ਪਹਿਲਾ ਨਾਉਂ 'ਚੱਕ ਗੁਰੂ ਰਾਮਦਾਸ' ਅਤੇ ਸਰੋਵਰ ਦਾ ਨਾਉਂ 'ਅਮਰਸਰ' ਸੀ, ਜਿਸ ਨੂੰ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਅੰਮ੍ਰਿਤਸਰ ਰੱਖਿਆ। ਇੱਥੇ ਪਹਿਲਾਂ ਇੱਕ ਜਲ ਦੀ ਢਾਬ ਅਤੇ ਵਿਰਲਾ ਜੰਗਲ ਸੀ। ਇਸ ਰਮਣੀਕ ਅਸਥਾਨ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਕੀਤਾ। ਹੁਣ ਇਹ ਇੱਕ ਅਜਿਹਾ ਧਾਰਮਿਕ ਅਸਥਾਨ ਹੈ, ਜਿੱਥੇ ਅੱਠੇ-ਪਹਿਰ ਮਨੋਹਰ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਦਾ ਹੈ। ਸਮੇਂ ਦੀਆਂ ਜ਼ਾਲਮ ਹਕੂਮਤਾਂ ਨੇ ਸਿੱਖੀ ਦੀ ਵਧਦੀ ਹਰਮਨਪਿਆਰਤਾ ਨੂੰ ਢਾਹ ਲਾਉਣ ਦੀ ਹਮੇਸ਼ਾ ਤਾਂਘ ਰੱਖੀ। ਸਿੱਖੀ ਦੀ ਹਸਤੀ ਮਿਟਾਉਣ ਦੇ ਯਤਨਾਂ ਵਿਚ ਕਿ ਸਿੱਖਾਂ ਨੂੰ ਪ੍ਰੇਰਨਾ ਆਪਣੇ ਧਾਰਮਿਕ ਕੇਂਦਰ ਹਰਿਮੰਦਰ ਸਾਹਿਬ ਜੀ ਤੋਂ ਮਿਲਦੀ ਹੈ। ਮੁਗਲਾਂ ਨੇ ਭੈਅਭੀਤ ਹੋ ਕੇ 1733 ਵਿਚ ਵਕਤੀ ਨਵਾਬੀ ਸਰਦਾਰ ਕਪੂਰ ਸਿੰਘ ਨੂੰ ਸੌਂਪੀ, ਜੋ ਦੋ ਸਾਲਾ ਬਾਅਦ 1735 ਵਿਚ ਵਾਪਸ ਲੈ ਲਈ। ਸਿੰਘਾਂ ਨੂੰ ਫੇਰ ਲੁੱਕਵੀਆਂ ਥਾਵਾਂ, ਜੰਗਲਾਂ ਵਿਚ ਸ਼ਰਨ ਲੈਣੀ ਪਈ। ਭਾਈ ਮਨੀ ਸਿੰਘ ਨੂੰ 1734 ਵਿੱਚ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਮੱਸੇ ਰੰਗੜ ਨੂੰ ਅੰਮ੍ਰਿਤਸਰ ਦਾ ਕਬਜ਼ਾ ਦੇ ਦਿੱਤਾ। ਉਸ ਨੇ ਹਰਿਮੰਦਰ ਸਾਹਿਬ ਜੀ ਦੀ ਪਵਿੱਤਰਤਾ ਨੂੰ ਭੰਗ ਕਰਦਿਆਂ ਇੱਕ ਨਾਚ ਕੇਂਦਰ ਬਣਾ ਲਿਆ। ਉਸ ਨੇ ਆਪਣੀ ਐਸ਼ਗਾਹ ਬਣਾ ਲਿਆ। ਅਗਸਤ 11, 1740 ਨੂੰ ਮੀਰਾਂਕੋਟ ਦੇ ਭਾਈ ਮਹਿਤਾਬ ਸਿੰਘ ਤੇ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨੇ ਮੱਸਾ ਰੰਗੜ ਦਾ ਸਿਰ ਲਾਹ ਦਿੱਤਾ। ਜਦੋਂ ਅੰਮ੍ਰਿਤਸਰ ਦਾ ਇਲਾਕਾ ਭੰਗੀ ਮਿਸਲ ਦੇ ਸਰਦਾਰ ਹਰੀ ਸਿੰਘ ਕੋਲ ਸੀ, ਤਾਂ 1762 ਦੇ ਛੇਵੇਂ ਅਫ਼ਗਾਨ ਹਮਲੇ ਵੇਲੇ ਅਹਿਮਦ ਸ਼ਾਹ ਦੁਰਾਨੀ ਨੇ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ ਸੀ। ਦਸੰਬਰ 1764 ਨੂੰ ਸੱਤਵੇਂ ਹਮਲੇ ਦਾ ਟਾਕਰਾ ਕਰਦਿਆਂ ਸਰਦਾਰ ਗੁਰਬਖਸ਼ ਸਿੰਘ ਤੇ 30 ਸਿੰਘ ਸ਼ਹੀਦ ਹੋਏ। ਸਿੰਘਾਂ ਨੇ ਹਿੰਮਤ ਨਾਲ ਮਾਇਆ ਇਕੱਠੀ ਕਰਕੇ ਫਿਰ ਉਸਾਰ ਲਿਆ।

ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ 6 ਸਾਲ ਦੇ ਗੁਰੂ-ਕਾਲ ਵਿਚ ਇਸ ਪਵਿੱਤਰ ਅਸਥਾਨ ਵਿਕਸਿਤ ਕੀਤਾ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਸਾਹਿਬ ਅਤੇ ਲੋਹਗੜ੍ਹ ਕਿਲ੍ਹੇ ਦੀ ਸਥਾਪਨਾ ਕਰਕੇ ਇਸ ਨੂੰ ਹੋਰ ਵਿਸ਼ਾਲ ਅਤੇ ਖੁਦਮੁਖਤਾਰ ਬਣਾ ਦਿੱਤਾ। ਗੁਰੂ ਰਾਮਦਾਸ ਸਾਹਿਬ ਜੀ ਨੇ ਅੰਮ੍ਰਿਤਸਰ ਨੂੰ ਆਬਾਦ ਕਰਨ ਲਈ ਦੂਰ-ਦੂਰ ਤੋਂ ਵੱਖ-ਵੱਖ ਧੰਦਿਆਂ ਦੇ ਕਾਰੀਗਰਾਂ ਨੂੰ ਵਸਾਇਆ, ਜਿਸ ਨਾਲ ਇੱਕ ਅਜਿਹਾ ਵੱਡਾ ਵਪਾਰਕ ਕੇਂਦਰ ਬਣ ਗਿਆ ਹੈ ਕਿ ਸੰਸਾਰ ਵਿਚ ਇਸ ਦੀ ਪ੍ਰਸਿੱਧੀ ਹੋਈ। ਇੱਥੇ 52 ਕਿਸਮ ਦੇ ਧੰਦਿਆਂ ਦੇ ਕਾਰੀਗਰ ਆਣ ਵਸੇ। ਦਰਸ਼ਕਾਂ ਦਾ ਇਸ ਪਵਿੱਤਰ ਅਸਥਾਨ 'ਤੇ ਆਉਣਾ-ਜਾਣਾ ਵਧ ਗਿਆ। ਜਿਸ ਨਾਲ ਵਪਾਰ ਵਿਚ ਵਾਧਾ ਹੋਇਆ, ਆਰਥਿਕਤਾ ਮਜ਼ਬੂਤ ਹੋਈ। ਸਿੰਘ ਆਤਮ ਨਿਰਭਰ ਹੋ ਕੇ ਸੁਰਖ਼ਰੂ ਹੋਏ। ਗੁਰੂ ਰਾਮਦਾਸ ਸਾਹਿਬ ਜੀ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਨਗਰ ਦੀ ਸੇਵਾ ਸੌਂਪ ਕੇ 1 ਸਤੰਬਰ, 1581 ਨੂੰ ਗੋਇੰਦਵਾਲ ਵਿਖੇ ਜੋਤੀ-ਜੋਤ ਸਮਾ ਗਏ।

ਇਸ ਪਵਿੱਤਰ ਧਾਰਮਿਕ ਕੇਂਦਰ ਨੂੰ ਸਥਾਪਤ ਕਰਨ ਸਮੇਂ ਗੁਰੂ ਸਾਹਿਬਾਨ ਨੇ ਭੂਗੋਲਿਕ ਤੌਰ 'ਤੇ ਪੰਜਾਬ ਦਾ ਕੇਂਦਰੀ ਇਲਾਕਾ ਚੁਣਿਆ, ਜੋ ਹੁਣ ਜਰਨੈਲੀ ਸੜਕ 'ਤੇ ਹੈ। ਪਹਿਲੇ ਸਮਿਆਂ ਵਿਚ ਕੱਚੀ ਸੜਕ ਤਰਨਤਾਰਨ ਤੋਂ ਗੋਂਦਵਾਲ ਹੋ ਕੇ ਲੰਘਦੀ ਸੀ। ਇਸ ਰਸਤੇ ਤੋਂ ਵਿਦੇਸ਼ੀ ਹਮਲਾਵਰ ਭਾਰਤ ਦੀ ਰਾਜਧਾਨੀ ਦਿੱਲੀ 'ਤੇ ਧਾਵਾ ਬੋਲਦੇ ਸਨ। ਗੁਰੂ ਸਾਹਿਬਾਨ ਨੇ ਰੱਖਿਆ ਲਈ ਇਸ ਮਾਰਗ 'ਤੇ ਵਿਦੇਸ਼ੀ ਹਮਲਾਵਰਾਂ ਦਾ ਟਾਕਰਾ ਕਰਨ ਲਈ ਇੱਥੇ ਨਗਰ ਵਸਾਉਣ ਦੀ ਲੋੜ ਸਮਝੀ ਸੀ। ਧਾਰਮਿਕ ਸੁਤੰਤਰਤਾ ਕਾਇਮ ਰੱਖਣ ਲਈ ਤਰਨਤਾਰਨ, ਖਡੂਰ ਸਾਹਿਬ, ਗੋਂਦਵਾਲ ਅਤੇ ਕਰਤਾਰਪੁਰ ਨਗਰ ਵਸਾਏ। ਇੱਥੋਂ ਹੀ ਸਿੰਘਾਂ ਨੇ ਸਿਕੰਦਰ ਲੋਧੀ ਅਤੇ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਦਾ ਟਾਕਰਾ ਕਰਕੇ ਬਹਾਦਰੀ ਦਾ ਸਬੂਤ ਦਿੱਤਾ।

ਭਗਤੀ ਅਤੇ ਰੂਹਾਨੀ ਸ਼ਕਤੀ ਨੇ ਸਿੰਘਾਂ ਵਿਚੋਂ ਮੌਤ ਦਾ ਡਰ ਹੀ ਉਡਾ ਦਿੱਤਾ। ਸਰਦਾਰ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ, ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਸ਼ਹੀਦ ਬਾਬਾ ਦੀਪ ਸਿੰਘ ਜੀ ਆਦਿ ਦੀਆਂ ਬਹਾਦਰੀਆਂ ਨੇ ਜ਼ੁਲਮ ਦੇ ਮੂੰਹ ਮੋੜ ਦਿੱਤੇ। ਇਸ ਰੂਹਾਨੀ ਸ਼ਕਤੀ ਅਤੇ ਬਹਾਦਰੀ ਦੀ ਪ੍ਰੇਰਨਾ ਗੁਰਬਾਣੀ ਪ੍ਰਵਾਹ ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਮਿਲੀ ਹੈ। ਹਮੇਸ਼ਾ ਧਰਮ-ਯੁੱਧ ਵਿਚ ਭੁਝੰਗੀ, ਸਿੰਘ, ਸਿੰਘਣੀਆਂ ਨੇ ਅੱਗੇ ਹੋ ਕੇ ਕੁਰਬਾਨੀਆਂ ਦਿੱਤੀਆਂ ਹਨ ਅਤੇ ਗਾਉਂਦੇ ਰਹੇ- "ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।"

ਅਫ਼ਗਾਨੀ, ਮੁਗਲਾਂ ਅਤੇ ਅੰਗਰੇਜ਼ਾਂ ਨੇ ਸਮੇਂ-ਸਮੇਂ ਅੰਮ੍ਰਿਤਸਰ ਨੂੰ ਮਿਟਾਉਣ ਦੇ ਕਈ ਹਮਲੇ ਕੀਤੇ। ਇਸ ਦੀ ਦਿੱਖ ਮਿਟਾਉਣ ਦੀ ਕੋਸ਼ਿਸ਼ ਹੁੰਦੀ ਰਹੀ। ਹਰ ਵਾਰ ਅੰਮ੍ਰਿਤਸਰ ਦੀ ਮਰਿਯਾਦਾ ਨੂੰ ਬਹਾਲ ਕਰਨ ਲਈ ਕੌਮ ਨੇ ਸ਼ਹੀਦੀਆਂ ਦਿੱਤੀਆਂ। ਕਈ ਘੱਲੂਘਾਰਿਆਂ ਵਿਚ ਅਣਮਨੁੱਖੀ ਤਸ਼ੱਦਦ ਝੱਲਣੇ ਪਏ। ਸਿੰਘਾਂ ਨੇ ਹਮੇਸ਼ਾ ਜ਼ੁਲਮ ਦਾ ਡੱਟ ਕੇ ਮੁਕਾਬਲਾ ਕੀਤਾ। ਅਸਾਵੀਆਂ ਜੰਗਾਂ ਵਿਚ ਵੀ ਜਿੱਤਾਂ ਪ੍ਰਾਪਤ ਕੀਤੀਆਂ। ਅੰਤ 1925 'ਚ ਗੁਰਦੁਆਰਾ ਕਾਨੂੰਨ ਬਣਨ 'ਤੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ। ਜੂਨ 1984 ਵਿਚ ਭਾਰਤੀ ਫ਼ੌਜਾਂ ਨੇ 'ਨੀਲਾ ਤਾਰਾ' ਸਾਕਾ ਹੇਠ ਇਸ 'ਤੇ ਹਮਲਾ ਕੀਤਾ। ਇਸ ਦੀ ਦਿੱਖ ਨੂੰ ਭਾਰਤੀ ਫੌਜ ਨੇ ਨੁਕਸਾਨ ਪਹੁੰਚਾਇਆ। ਹਜ਼ਾਰਾਂ ਸ਼ਰਧਾਲੂ ਸ਼ਹੀਦ ਹੋਏ। ਸਿੱਖ-ਸਾਹਿਤ ਇਤਿਹਾਸ ਦਾ ਵੱਡਮੁੱਲਾ ਖ਼ਜ਼ਾਨਾ ਖ਼ੁਰਦ-ਬੁਰਦ ਹੋਇਆ। ਵੈਰੀਆਂ ਦੀਆਂ ਹਮੇਸ਼ਾ ਲੱਖਾਂ ਕੋਝੀਆਂ ਹਰਕਤਾਂ ਅਤੇ ਫਰੇਬੀ ਚਾਲਾਂ ਨੇ ਸਿੰਘਾਂ ਨਾਲ ਟੱਕਰ ਲਈ, ਪਰ ਸਿੱਖੀ ਦੇ ਗੁਰਧਾਮ ਵੱਸਦੇ ਰਹੇ।

ਝੁਲਤੇ ਨਿਸ਼ਾਨ ਰਹੇ, ਗੁਰੂ ਮਹਾਰਾਜ ਕੇ॥

ਨਿੱਤ ਮੁਹਿੰਮਾਂ ਨੂੰ ਝੱਲਦੇ ਸਿੱਖ ਆਪਣੇ ਧਰਮ ਦੇ ਨਿਸ਼ਠਾ ਦਾ ਸਦਾ ਚੜ੍ਹਦੀ ਕਲਾ ਵਿਚ ਰਹੇ ਦੇਸ਼ਾਂ-ਵਿਦੇਸ਼ਾਂ ਵਿਚ ਗੁਰਦੁਆਰਾ ਸਥਾਪਤ ਕਰਕੇ ਸਿੱਖ ਧਰਮ ਦੀ ਉਨਤੀ ਵਿਚ ਯੋਗਦਾਨ ਪਾ ਰਹੇ ਹਨ। ਸਿੱਖਾਂ ਨੂੰ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਆਪਣੀ ਪਛਾਣ ਬਣਾ ਲਈ ਹੈ। ਗੁਰਦੁਆਰਾ ਗਿਆਨ ਦਾ ਕੇਂਦਰ ਹੈ। ਧਰਮ ਅਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਸਾਦਾ ਜੀਵਨ ਸ਼ੈਲੀ ਦੀ ਜਾਚ ਸਿਖਾਉਂਦਾ ਹੈ। ਗੁਰਦੁਆਰਾ ਅਤੇ ਗੁਰਬਾਣੀ ਨਾਲ ਜੁੜ ਕੇ ਜੀਵਨ ਸੋਝੀ ਮਿਲਦੀ ਹੈ।

ਪੇਸ਼ਕਸ਼ - ਕੁਲਦੀਪ ਸਿੰਘ ਦੁੱਗਲ
ਲੁਧਿਆਣਾ
ਪੰਜਾਬ ਮੇਲ USA

# ਪੰਜਾਬ ਦੇ ਗੌਰਵਮਈ ਵਿਰਸੇ ਦੀ ਝਲਕ





ਕਹਿੰਦੇ ਨੇ ਜੀਹਨੇ ਲਹੌਰ ਨਹੀਂ ਦੇਖਿਆ, ਉਹ ਜੰਮਿਆ ਹੀ ਨਹੀਂ ਅਤੇ ਹੁਣ ਇਹ ਵੀ ਕਹਿਣਾ ਅਤਿ ਕਥਨੀ ਨਹੀਂ ਹੋਵੇਗਾ ਕਿ ਜੀਹਨੇ ਜੰਨਤ ਏ ਜਰਖੜ ਨਹੀਂ ਦੇਖਿਆ, ਉਸ ਨੇ ਵੀ ਕੁਝ ਨਹੀਂ ਦੇਖਿਆ। ਮਹਾਂਨਗਰ ਲੁਧਿਆਣਾ ਤੋਂ ਕਰੀਬ ਦਸ-ਗਿਆਰਾਂ ਕਿਲੋਮੀਟਰ ਦੀ ਦੂਰੀ 'ਤੇ ਮਲੇਰਕੋਟਲਾ ਸੜਕ 'ਤੇ ਸਥਿਤ ਮਸ਼ਹੂਰ ਪਿੰਡ ਜਰਖੜ ਵਿਖੇ ਕੁਦਰਤ ਦੀ ਗੋਦ ਵਰਗੀ ਇਹ ਹਰੀ ਭਰੀ ਤੇ ਰਮਣੀਕ ਜਗ੍ਹਾ ਪੰਜਾਬੀ ਸੱਭਿਆਚਾਰ ਤੇ ਇਸਦੇ ਗੌਰਵਮਈ ਵਿਰਸੇ ਦੀ ਵਿਲੱਖਣ ਝਲਕ ਪੇਸ਼ ਕਰਦੀ ਹੈ। ਉੱਘੇ ਅੰਤਰਰਾਸ਼ਟਰੀ ਖੇਡ ਪ੍ਰਮੋਟਰ ਤੇ ਸੀਨੀਅਰ ਪੱਤਰਕਾਰ ਸ. ਜਗਰੂਪ ਸਿੰਘ ਜਰਖੜ ਜੰਨਤ ਏ ਜਰਖੜ ਦੇ ਨਿਰਮਾਤਾ ਹਨ।

ਜੰਨਤ ਏ ਜਰਖੜ ਵਿਚ ਪ੍ਰਵੇਸ਼ ਕਰਦਿਆਂ ਹੀ ਸਾਹਮਣੇ ਲਾਹੌਰ ਦਾ ਦਿਲਕਸ਼ ਨਜ਼ਾਰਾ, ਸਦਰ ਥਾਣਾ, ਸੈਂਟਰਲ ਜੇਲ੍ਹ ਤੇ ਨਿੱਕੀ-ਨਿੱਕੀ ਇੱਟ ਨਾਲ ਉਸਾਰੇ ਵਿਸ਼ਾਲ ਕਿਲ੍ਹੇ ਆਦਮੀ ਨੂੰ ਕਰੀਬ






ਅੱਠ ਦਹਾਕੇ ਪਹਿਲਾਂ ਦੇ ਪੰਜਾਬ ਵਿਚ ਲਿਆ ਖੜ੍ਹਾ ਕਰਦੇ ਹਨ। ਖੱਬੇ ਹੱਥ ਬਣੀ ਹਵੇਲੀ, ਪੁਰਾਣੀ ਅਦਾਲਤ ਤੇ ਉਸ ਵਿਚ ਰੱਖਿਆ ਪੁਰਾਣਾ ਸਾਜੋ-ਸਮਾਨ ਚਿੱਤ ਨੂੰ ਅਜੀਬ ਜਿਹਾ ਸਕੂਨ ਦਿੰਦਾ ਹੈ। ਜੰਨਤ ਏ ਜਰਖੜ ਦੇ ਵਿਹੜੇ ਵਿਚ ਉਸਰਿਆ ਦਿੱਲੀ ਦਾ ਵਿਸ਼ਾਲ ਲਾਲ ਕਿਲ੍ਹਾ ਦਰਸ਼ਕਾਂ ਲਈ ਖਿੱਚ ਦਾ ਵਿਸ਼ੇਸ਼ ਕੇਂਦਰ ਬਣਿਆ ਹੋਇਆ ਹੈ। ਠੰਡੇ ਪ੍ਰਦੇਸ਼ ਵਜੋਂ ਜਾਣੇ ਜਾਂਦੇ ਹਿਮਾਚਲ ਪ੍ਰਦੇਸ਼ ਦੀਆਂ ਖੂਬਸੂਰਤ ਵਾਦੀਆਂ ਦਾ ਦ੍ਰਿਸ਼, ਲਹਿੰਦੇ ਤੇ ਚੜ੍ਹਦੇ ਪੰਜਾਬ ਦਾ ਬਾਰਡਰ, ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ, ਪਿੰਡ ਦਾ ਕੱਚਾ ਦਰਵਾਜ਼ਾ, ਮਿਲਖਾ ਹਾਊਸ ਆਦਿ ਪੰਜਾਬ ਦੇ ਪੁਰਾਤਨ ਤੇ ਵਿਲੱਖਣ ਯੁੱਗ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਪੇਸ਼ ਕਰਦੇ ਹਨ। ਪਾਣੀ ਦੇ ਪੁਰਾਤਨ ਸਰੋਤ ਟਿੰਡਾਂ ਵਾਲਾ ਖੂਹ, ਬਲਦਾਂ ਜਾਂ ਹੋਰ ਜਾਨਵਰਾਂ ਨਾਲ ਗੇੜੀ ਜਾਣ ਵਾਲੀ ਹਰਟੀ, ਚੁੱਲ੍ਹਾ ਚੌਂਕਾ, ਮਧਾਣੀਆਂ, ਸੰਦੂਕ, ਵਿਆਹ ਵਾਲੀ ਡੋਲੀ ਆਦਿ ਵਸਤਾਂ ਵੇਖਕੇ ਵੀ ਮਨ ਨੂੰ ਅਜੀਬ ਜਿਹੇ ਸਕੂਨ ਦੀ ਪ੍ਰਾਪਤੀ ਹੁੰਦੀ ਹੈ। ਇੱਥੋਂ ਦੀ ਖੂਬਸੂਰਤੀ ਮਾਨਣ ਲਈ ਆਮ ਦਰਸ਼ਕਾਂ ਦੇ ਨਾਲ-ਨਾਲ ਜਿੱਥੇ ਪੰਜਾਬ ਦੇ ਕਈ ਸਕੂਲਾਂ ਦੇ ਵਿਦਿਆਰਥੀ ਆਉਂਦੇ ਰਹਿੰਦੇ ਹਨ, ਉੱਥੇ ਇਹ ਰਮਣੀਕ ਸਥਾਨ ਕਈ ਫ਼ਿਲਮਕਾਰਾਂ ਤੇ ਗਾਇਕ ਕਲਾਕਾਰਾਂ ਦੀ ਵੀ ਪਹਿਲੀ ਪਸੰਦ ਬਣਿਆ ਹੋਇਆ ਹੈ। ਬਹੁਤੇ ਲੋਕ ਇਸ ਜਗ੍ਹਾ 'ਤੇ ਤੀਆਂ ਜਿਹੇ ਤਿਉਹਾਰ, ਪ੍ਰੀ ਵੈਡਿੰਗ, ਜਾਗੋ, ਕਿੱਟੀ ਪਾਰਟੀਜ਼, ਹੈਪੀ ਬਰਥਡੇਅ ਤੇ ਹੋਰ ਰੰਗਾਰੰਗ ਸੈਲੀਬ੍ਰੇਸ਼ਨਜ਼ ਮਨਾਉਣ ਲਈ ਢੁੱਕਵੀਂ ਜਗ੍ਹਾ ਵਜੋਂ ਵੇਖਦੇ ਹਨ। ਪੰਜਾਬ ਦੀ ਗੌਰਵਮਈ ਗਾਥਾ ਦਾ ਚਿੱਤਰਣ ਕਰਦੀ ਜੰਨਤ ਏ ਜਰਖੜ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਪੰਜਾਬ ਦੇ ਸ਼ਾਨਾਂਮੱਤੇ ਵਿਰਸੇ ਨਾਲ ਜੋੜਣ ਲਈ ਅਹਿਮ ਭੂਮਿਕਾ ਨਿਭਾ ਰਹੀ ਹੈ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਨਿਭਾਉਂਦੀ ਰਹੇਗੀ। ਇਸਦੇ ਨਿਰਮਾਣ ਲਈ ਸ. ਜਗਰੂਪ ਸਿੰਘ ਜਰਖੜ ਵਧਾਈ ਦੇ ਪਾਤਰ ਹਨ।








# ਅੰਡੇਮਾਨ ਨਿਕੋਬਾਰ ਟਾਪੂਆਂ ਦੇ ਜਾਰਾਵਾਸ ਆਦਿਵਾਸੀ





ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA


ਤੁਸੀਂ ਹੈਰਾਨ ਹੋਵੋਗੇ ਕਿ ਭਾਰਤ ਦੇ ਇਕ ਕੋਨੇ ਵਿਚ ਅੱਜ ਵੀ ਆਦਿਵਾਸੀ ਰਹਿੰਦੇ ਹਨ। ਉਹ ਜੰਗਲੀ ਜੀਵਨ ਬਤੀਤ ਕਰਦੇ ਹਨ। ਜੰਗਲੀ ਭੋਜਨ ਖਾਂਦੇ ਹਨ। ਕੱਪੜੇ ਨਹੀਂ ਪਹਿਨਦੇ। ਪੱਤਿਆਂ ਨਾਲ ਸਰੀਰ ਢੱਕਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਕੋਲ ਕੋਈ ਆਧੁਨਿਕ ਸਹੂਲਤ ਨਹੀਂ। ਉਹ ਗਹਿਰੇ ਕਾਲੇ ਰੰਗ ਦੇ ਹਨ। ਜੇਕਰ ਕੋਈ ਆਧੁਨਿਕ ਮਨੁੱਖ ਗਲਤੀ ਨਾਲ ਉਨ੍ਹਾਂ ਦੇ ਨੇੜੇ ਚਲਾ ਜਾਵੇ, ਤਾਂ ਉਸਨੂੰ ਮਾਰ ਦਿੰਦੇ ਹਨ।

ਇਹ ਭਾਰਤ ਦੇ ਅੰਡੇਮਾਨ ਨਿਕੋਬਾਰ ਟਾਪੂਆਂ 'ਤੇ ਰਹਿ ਰਹੀ ਜਾਰਾਵਾਸ ਜਨਜਾਤੀ ਹੈ।

ਇਹ 50000 ਸਾਲਾਂ ਤੋਂ ਇਨ੍ਹਾਂ ਟਾਪੂਆਂ ਦੇ ਜੰਗਲਾਂ ਵਿਚ ਅਲੱਗ-ਥਲੱਗ ਰਹਿ ਕੇ ਆਪਣੀ ਪ੍ਰੰਪਾਰਿਕ ਜੀਵਨ-ਸ਼ੈਲੀ ਅਨੁਸਾਰ ਜਿਉ ਰਹੇ ਹਨ।

ਸਾਲ 2026 ਦੇ ਅੰਕੜਿਆਂ ਅਨੁਸਾਰ ਇਨ੍ਹਾਂ ਦੀ ਗਿਣਤੀ 250-450 ਦਰਮਿਆਨ ਹੋ ਸਕਦੀ ਹੈ। ਇਹ ਤੀਰ-ਧਨੁਸ਼ ਨਾਲ ਜੰਗਲੀ ਜਾਨਵਰਾਂ ਅਤੇ ਮਛਲੀਆਂ ਦਾ ਸ਼ਿਕਾਰ ਕਰਦੇ ਹਨ। ਇਸ ਤੋਂ ਇਲਾਵਾ ਫਲ, ਪੱਤੇ, ਸ਼ਹਿਦ ਮੁੱਖ ਖ਼ੁਰਾਕ ਵਜੋਂ ਵਰਤਦੇ ਹਨ।

ਇਹ ਜਨਜਾਤੀ ਟਾਪੂ ਤੋਂ ਬਾਹਰੀ ਲੋਕਾਂ ਦੇ ਸੰਪਰਕ ਵਿਚ ਆਉਣ ਤੋਂ ਬੱਚਦੀ ਹੈ। ਉਹ ਆਧੁਨਿਕ ਮਨੁੱਖ ਤੋਂ ਡਰਦੇ ਹਨ। ਇਸ ਲਈ ਵੇਖਦੇ ਸਾਰ ਹੀ ਉਸ 'ਤੇ ਹਮਲਾ ਕਰ ਦਿੰਦੇ ਹਨ।



ਇਹ ਸਥਿਤੀ 1990 ਤੱਕ ਬਣੀ ਰਹੀ। ਬਾਅਦ ਵਿਚ ਥੋੜ੍ਹਾ ਬਹੁਤ ਸੰਪਰਕ ਬਣਾਉਣ ਦੀਆਂ ਕੋਸ਼ਿਸ਼ਾਂ ਹੋਈਆਂ, ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਸਾਡੇ ਦੁਸ਼ਮਣ ਨਹੀਂ ਹਨ।

ਇਕ ਡਾਕਟਰ ਰਤਨ ਚੰਦਰ ਕਾਰ ਨੂੰ ਉਨ੍ਹਾਂ ਵਿਚ ਘੁਲਣ-ਮਿਲਣ ਦਾ ਮੌਕਾ ਮਿਲਿਆ। ਜਿਹੜਾ ਲੋੜ ਵੇਲੇ ਉਨ੍ਹਾਂ ਦੀ ਮੱਲ੍ਹਮ-ਪੱਟੀ ਜਾਂ ਹੋਰ ਇਲਾਜ ਕਰਦਾ ਸੀ।

ਡਾਕਟਰ ਰਤਨ ਚੰਦਰ ਕਾਰ ਦੇ ਦੱਸਣ ਅਨੁਸਾਰ ਜਾਰਾਵਾਸ ਜਨਜਾਤੀ ਦੇ ਲੋਕਾਂ ਨੂੰ ਆਧੁਨਿਕ ਮਨੁੱਖ ਵਾਲੀਆਂ ਕੋਈ ਵੀ ਬਿਮਾਰੀਆਂ ਨਹੀਂ ਹਨ। ਕਿਉਂਕਿ ਉਹ ਕੁਦਰਤ ਕੋਲ, ਕੁਦਰਤ ਅਨੁਸਾਰ ਰਹਿੰਦੇ ਹਨ ਅਤੇ ਕੁਦਰਤੀ ਖ਼ੁਰਾਕ ਖਾਂਦੇ ਹਨ।

ਉਨ੍ਹਾਂ ਨੂੰ ਨਾ ਬੀ.ਪੀ. ਦੀ ਸਮੱਸਿਆ ਹੈ। ਨਾ ਸ਼ੂਗਰ ਦੀ ਸ਼ਿਕਾਇਤ ਹੈ। ਨਾ ਦਿਲ ਦੀ ਕੋਈ ਬਿਮਾਰੀ ਹੈ ਅਤੇ ਨਾ ਹੀ ਉਹ ਕੈਂਸਰ ਤੋਂ ਪੀੜਤ ਹਨ।

ਜਾਰਾਵਾਸ ਜਨਜਾਤੀ ਦੇ ਅਧਿਕਾਰਾਂ, ਸੰਸਕ੍ਰਿਤੀ ਅਤੇ ਜੀਵਨ-ਸ਼ੈਲੀ ਦੀ ਸੁਰੱਖਿਆ ਲਈ ਭਾਰਤ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਨੇ ਬਾਹਰੀ ਲੋਕਾਂ ਦੀ ਆਵਾਜਾਈ ਮੁਕੰਮਲ ਤੌਰ 'ਤੇ ਰੋਕੀ ਹੋਈ ਹੈ। ਤਾਂ ਜੋ ਉਨ੍ਹਾਂ ਦੀ ਹੋਂਦ ਅਤੇ ਸਿਹਤ ਨੂੰ ਕੋਈ ਨੁਕਸਾਨ ਨਾ ਪਹੁੰਚੇ।

ਜਾਰਾਵਾਸ ਲੋਕਾਂ ਦਾ ਕੱਦ ਛੋਟਾ, ਰੰਗ ਕਾਲਾ ਅਤੇ ਵਾਲ ਘੁੰਘਰਾਲੇ ਹਨ।

ਇਨ੍ਹਾਂ ਨੂੰ ਅੰਡੇਮਾਨ ਨਿਕੋਬਾਰ ਟਾਪੂਆਂ ਦੇ ਮੂਲ ਨਿਵਾਸੀਆਂ ਦੀ ਇਕ ਜਨਜਾਤੀ ਮੰਨਿਆ ਜਾਂਦਾ ਹੈ। ਇਹ ਜਾਤੀ ਹਜ਼ਾਰਾਂ ਸਾਲਾਂ ਤੋਂ ਇੱਥੇ ਰਹਿ ਰਹੀ ਹੈ।

ਉਨ੍ਹਾਂ ਟਾਪੂਆਂ 'ਤੇ ਯਾਤਰੀਆਂ ਦਾ ਜਾਣਾ ਸਖਤ ਮਨ੍ਹਾ ਹੈ। ਹਾਂ, ਸੜਕ ਕਿਨਾਰੇ ਇਕ ਜਗ੍ਹਾ ਤੋਂ ਜਾਰਾਵਾਸ ਲੋਕਾਂ ਨੂੰ ਵੇਖਣ ਦਾ ਮੌਕਾ ਮਿਲ ਸਕਦਾ ਹੈ। ਪਰੰਤੂ ਇਹ ਯਾਤਰੀਆਂ ਦੀ ਯਾਤਰਾ ਦਾ ਹਿੱਸਾ ਨਹੀਂ ਹੁੰਦਾ।

ਉਨ੍ਹਾਂ ਨੂੰ ਮਿਲਣ, ਉਨ੍ਹਾਂ ਦੇ ਨੇੜੇ ਜਾਣ ਜਾਂ ਖਾਣ-ਪੀਣ ਦੀ ਕੋਈ ਚੀਜ਼ ਦੇਣ ਦੀ ਸਖ਼ਤ ਮਨਾਹੀ ਹੈ।

ਜਾਰਾਵਾਸ ਜਾਤੀ ਨੂੰ ਸਭ ਤੋਂ ਖ਼ਤਰਨਾਕ ਅਤੇ ਦੁਸ਼ਮਣ ਜਨਜਾਤੀਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਭਾਵੇਂ ਸਮੇਂ ਨਾਲ ਉਨ੍ਹਾਂ ਦੇ ਵਿਵਹਾਰ ਵਿਚ ਥੋੜ੍ਹੀ-ਥੋੜ੍ਹੀ ਤਬਦੀਲੀ ਆ ਰਹੀ ਹੈ।

ਡਾਕਟਰ ਰਤਨ ਚੰਦਰ ਕਾਰ ਨੇ ਸੰਸਕ੍ਰਿਤਕ ਸਨਮਾਨ ਅਤੇ ਇਲਾਜ-ਮੁਹਾਰਤ ਦੇ ਮਾਧਿਅਮ ਰਾਹੀਂ ਉਨ੍ਹਾਂ ਦਾ ਵਿਸ਼ਵਾਸ ਜਿੱਤਿਆ।

ਖਸਰੇ ਦੀ ਮਹਾਂਮਾਰੀ ਦੌਰਾਨ ਉਨ੍ਹਾਂ ਦਾ ਇਲਾਜ ਕਰਕੇ 100 ਤੋਂ ਵਧੇਰੇ ਰੋਗੀਆਂ ਨੂੰ ਠੀਕ ਕੀਤਾ। ਡਾਕਟਰ ਕਾਰ ਨੇ ਕਦਮਤਲਾ ਹਸਪਤਾਲ ਵਿਚ ਇਕ ਵਿਸ਼ੇਸ਼ ਜਾਰਾਵਾਸ ਵਾਰਡ ਸਥਾਪਿਤ ਕੀਤਾ, ਜਿਥੇ ਉਨ੍ਹਾਂ ਦੀਆਂ ਪ੍ਰੰਪਰਿਕ ਮਾਨਤਾਵਾਂ ਨੂੰ ਆਧੁਨਿਕ ਇਲਾਜ ਨਾਲ ਇਕਮਿਕ ਕੀਤਾ।

ਡਾਕਟਰ ਕਾਰ ਦੇ ਸਮਰਪਨ ਲਈ ਉਨ੍ਹਾਂ ਨੂੰ ਸਾਲ 2023 ਵਿਚ ਪਦਮ ਸ਼੍ਰੀ ਪੁਰਸਕਾਰ ਪ੍ਰਦਾਨ ਕੀਤਾ ਗਿਆ। ਉਨ੍ਹਾਂ ਨੇ ਜਾਰਾਵਾਸ ਲੋਕਾਂ ਦੀ ਜਨਸੰਖਿਆ, ਜਿਹੜੀ 1998 'ਚ 255-260 ਸੀ, ਤੋਂ ਵਧਾ ਕੇ 560 ਤੱਕ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਜਦ 1998 'ਚ ਡਾਕਟਰ ਕਾਰ ਨੇ ਪਹਿਲੀ ਵਾਰ ਜਾਰਾਵਾਸ ਜਨਜਾਤੀ ਦੇ ਇਲਾਕੇ ਦਾ ਦੌਰਾ ਕੀਤਾ, ਤਾਂ ਉਨ੍ਹਾਂ ਵੇਖਿਆ ਕਿ ਸਿਹਤ ਪੱਖੋਂ ਉਹ ਸਾਰੇ ਚੰਗੀ ਸਥਿਤੀ ਵਿਚ ਸਨ। ਉਨ੍ਹਾਂ ਦੀ ਸਿਹਤ ਆਧੁਨਿਕ ਮਨੁੱਖ ਨਾਲੋਂ ਕਈ ਤਰ੍ਹਾਂ ਨਾਲ ਬਿਹਤਰ ਸੀ। ਕੇਵਲ ਸੱਟਾਂ-ਚੋਟਾਂ ਹੀ ਸਨ।

ਇਕ ਵਾਰ ਇਕ ਰਾਤ ਨੂੰ ਇਕ ਜਾਰਾਵਾਸ ਨੌਜਵਾਨ ਤਿਲਕ ਪਿਆ ਅਤੇ ਉਸਦਾ ਪੈਰ ਟੁੱਟ ਗਿਆ। ਉਹ ਨੇੜੇ ਦੀ ਇਕ ਬਸਤੀ ਵਿਚੋਂ ਮਿਲਿਆ।

ਬਸਤੀ ਦੇ ਲੋਕ ਉਸਨੂੰ ਪੋਰਟ ਬਲੇਅਰ ਦੇ ਹਸਪਤਾਲ ਲੈ ਗਏ। ਉਥੇ ਉਸਦਾ ਦੋ ਮਹੀਨੇ ਇਲਾਜ ਚੱਲਿਆ। ਜਦ ਉਹ ਠੀਕ ਹੋ ਗਿਆ, ਤਾਂ ਉਸਨੂੰ ਵਾਪਿਸ ਜਾਰਾਵਾਸ ਲੋਕਾਂ ਕੋਲ ਲਿਆਂਦਾ ਗਿਆ। ਉਨ੍ਹਾਂ ਦੋ ਮਹੀਨਿਆਂ ਦੌਰਾਨ ਉਸ ਭਾਈਚਾਰੇ ਨੂੰ ਲੱਗਾ ਕਿ ਉਸਦੀ ਮੌਤ ਹੋ ਗਈ ਹੈ।

ਜਦ ਉਸ ਨੌਜਵਾਨ ਨੇ ਆਪਣੇ ਲੋਕਾਂ ਨੂੰ ਦੱਸਿਆ ਕਿ ਉਸਦੀ ਕਿਵੇਂ ਦੇਖਭਾਲ ਕੀਤੀ ਗਈ ਹੈ, ਤਾਂ ਸੁਣ ਕੇ ਜਾਰਾਵਾਸ ਲੋਕਾਂ ਨੇ ਅਜਨਬੀਆਂ 'ਤੇ ਤੀਰ ਕਮਾਨ ਨਾਲ ਹਮਲੇ ਨਾ ਕਰਨ ਦਾ ਸੰਕਲਪ ਲਿਆ।

ਇੰਝ 1998 ਵਿਚ ਉਨ੍ਹਾਂ ਨੇ ਬਾਹਰੀ ਲੋਕਾਂ ਨਾਲ ਮੇਲ-ਜੋਲ ਆਰੰਭ ਕੀਤਾ। ਆਧੁਨਿਕ ਮਨੁੱਖ ਨਾਲ ਗੱਲਬਾਤ ਸ਼ੁਰੂ ਕਰਨ ਬਾਅਦ ਉਹ ਖਸਰਾ ਜਿਹੀਆਂ ਛੂਤ ਦੀਆਂ ਬਿਮਾਰੀਆਂ ਦੀ ਲਪੇਟ ਵਿਚ ਆਉਣ ਲੱਗੇ। ਕਈ ਜਾਰਾਵਾਸ ਲੋਕ ਮਰ ਰਹੇ ਸਨ। ਉਨ੍ਹਾਂ ਮਹਿਸੂਸ ਹੋਇਆ ਕਿ ਹੁਣ ਉਨ੍ਹਾਂ ਦੀ ਜਨਜਾਤੀ ਖਤਮ ਹੋ ਜਾਵੇਗੀ।

ਕੇਂਦਰ ਸਰਕਾਰ ਨੇ ਉਥੇ ਡਾਕਟਰ ਭੇਜਣ ਦਾ ਫੈਸਲਾ ਕੀਤਾ। ਡਾਕਟਰ ਦੀ ਨਿਯੁਕਤੀ ਲਈ ਇਸ਼ਤਿਹਾਰ ਦਿੱਤੇ ਗਏ ਪਰੰਤੂ ਬਹੁਤ ਘੱਟ ਹੁੰਗਾਰਾ ਮਿਲਿਆ।

ਡਾਕਟਰ ਰਤਨ ਚੰਦਰ ਕਾਰ ਪਹਿਲਾਂ ਨਾਗਾਲੈਂਡ ਵਿਚ ਕੋਨਆਕ ਜਨਜਾਤੀ ਲਈ ਕੰਮ ਕਰ ਚੁੱਕੇ ਸਨ। ਇਸ ਲਈ ਉਨ੍ਹਾਂ ਨੇ ਜਾਰਾਵਾਸ ਜਨਜਾਤੀ ਨਾਲ ਕੰਮ ਕਰਨ ਵਿਚ ਦਿਲਚਸਪੀ ਵਿਖਾਈ।

ਇੰਝ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਨਿਯੁਕਤੀ ਅੰਡੇਮਾਨ ਦੇ ਕਦਮਤਲਾ ਹਸਪਤਾਲ ਵਿਖੇ ਕਰ ਦਿੱਤੀ। ਡਾਕਟਰ ਕਾਰ ਨੇ ਇਹ ਚੁਣੌਤੀ ਸਵੀਕਾਰ ਕੀਤੀ ਅਤੇ ਖੁਦ ਨੂੰ ਜਾਰਾਵਾਸ ਜਨਜਾਤੀ ਲਈ ਸਮਰਪਿਤ ਕਰ ਦਿੱਤਾ। ਸਰਕਾਰ ਹਰ ਤਰ੍ਹਾਂ ਦਾ ਸਹਿਯੋਗ ਦੇ ਰਹੀ ਸੀ।

ਉਨ੍ਹਾਂ ਨੇ 4-5 ਮਹੀਨਿਆਂ ਵਿਚ ਉਨ੍ਹਾਂ ਦੀ ਸੰਸਕ੍ਰਿਤੀ ਨੂੰ ਸਮਝਿਆ ਅਤੇ ਭਾਸ਼ਾ ਵਿਚ ਮੁਹਾਰਿਤ ਹਾਸਲ ਕਰ ਲਈ। ਉਹ ਉਨ੍ਹਾਂ ਪ੍ਰਤੀ ਸਨੇਹ ਵਿਖਾਉਣ ਲਈ ਘਰ-ਘਰ ਗਏ।

ਜਾਰਾਵਾਸ ਜਨਜਾਤੀ ਦੀ ਆਪਣੀ ਇਲਾਜ-ਪ੍ਰਣਾਲੀ ਹੈ। ਡਾਕਟਰ ਕਾਰ ਉਸ ਤੋਂ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਦੇ ਪ੍ਰੰਪਰਿਕ ਇਲਾਜ-ਢੰਗ ਦਾ ਸਨਮਾਨ ਕਰਦੇ ਹੋਏ ਉਸਦੇ ਨਾਲ ਆਧੁਨਿਕ ਇਲਾਜ-ਪ੍ਰਣਾਲੀਆਂ ਦਾ ਪ੍ਰਯੋਗ ਕਰਨ ਲੱਗੇ। ਉਹ ਉਨ੍ਹਾਂ ਨੂੰ ਸਮਝਾਉਂਦੇ ਕਿ ਗੰਭੀਰ ਹਾਲਤ ਵਿਚ ਹਸਪਤਾਲ ਵਿਚ ਦਾਖਲ ਹੋਣਾ ਚਾਹੀਦਾ ਹੈ।

ਹਸਪਤਾਲ ਵਿਚ ਉਨ੍ਹਾਂ ਲਈ ਵੱਖਰਾ ਵਾਰਡ ਬਣਾਇਆ ਅਤੇ ਉਸਨੂੰ ਉਨ੍ਹਾਂ ਦੀਆਂ ਲੋੜਾਂ ਅਤੇ ਮਾਹੌਲ ਮੁਤਾਬਕ ਦਿੱਖ ਦਿੱਤੀ। ਪਰ ਫਿਰ ਵੀ ਉਹ ਸ਼ੁਰੂ ਵਿਚ ਉਸਨੂੰ ਜੇਲ੍ਹ ਸਮਝਦੇ ਰਹੇ।

ਉਸ ਵਾਰਡ ਵਿਚ ਕੇਵਲ ਡਾਕਟਰ ਕਾਰ ਅਤੇ ਉਨ੍ਹਾਂ ਦੀ ਟੀਮ ਨੂੰ ਹੀ ਜਾਣ ਦੀ ਇਜਾਜ਼ਤ ਸੀ ਅਤੇ ਪੁਲਿਸ 24 ਘੰਟੇ ਨਿਗਰਾਨੀ ਕਰਦੀ ਸੀ। ਇੰਝ ਇਲਾਜ ਮਿਲਣ ਨਾਲ ਇਹ ਜਨਜਾਤੀ ਖ਼ਤਮ ਹੋਣ ਤੋਂ ਬਚ ਗਈ।

ਹੁਣ ਉਥੇ ਬੱਚਿਆਂ ਲਈ ਟੀਕਾਕਰਨ ਲਾਜ਼ਮੀ ਕਰ ਦਿੱਤਾ ਗਿਆ ਹੈ।

ਇਹ ਭਾਰਤ ਦੇ ਸਭ ਤੋਂ ਪ੍ਰਾਚੀਨ ਜਨਜਾਤੀ ਸਮੂਹਾਂ ਵਿਚੋਂ ਇਕ ਹੈ। ਆਪਣੀ ਇਕਾਂਤ ਜੀਵਨ-ਸ਼ੈਲੀ ਅਤੇ ਪ੍ਰਕਿਰਤੀ ਨਾਲ ਗਹਿਰੇ ਸੰਬੰਧਾਂ ਲਈ ਪ੍ਰਸਿੱਧ ਜਾਰਾਵਾਸ ਜਨਜਾਤੀ ਨੇ ਆਪਣੀਆਂ ਪ੍ਰੰਪਰਾਵਾਂ ਨੂੰ ਸੁਰੱਖਿਅਤ ਰੱਖਿਆ ਹੈ।

ਉਹ ਜਰਵਾ ਭਾਸ਼ਾ ਬੋਲਦੇ ਹਨ, ਜਿਸਦੀ ਕੋਈ ਲਿਖਤੀ ਲਿਪੀ ਉਪਲਬੱਧ ਨਹੀਂ ਹੈ।

ਅੰਡੇਮਾਨ ਟਰੰਕ ਰੋਡ ਜਾਰਾਵਾਸ ਵਰਜਿਤ ਖੇਤਰ ਵਿਚੋਂ ਹੋ ਕੇ ਲੰਘਦੀ ਹੈ। ਇਸ ਨਾਲ ਗੈਰ-ਕਾਨੂੰਨੀ ਆਵਾਜਾਈ, ਸੋਸ਼ਨ ਅਤੇ ਜਨਜਾਤੀ ਦੇ ਲੋਕਾਂ ਦਾ ਬਿਮਾਰੀਆਂ ਦੀ ਲਪੇਟ ਵਿਚ ਆਉਣ ਦਾ ਖ਼ਤਰਾ ਵੱਧ ਗਿਆ ਹੈ।

ਭਾਰਤੀ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਸੁਰੱਖਿਆ ਦੇ ਸੰਬੰਧ ਵਿਚ ਸਖਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਬਿਨ੍ਹਾਂ ਆਗਿਆ ਦੇ ਇਸ ਖੇਤਰ ਵਿਚ ਜਾਣਾ ਸਖਤ ਮਨ੍ਹਾਂ ਹੈ।

ਆਧੁਨਿਕ ਮਨੁੱਖ ਦੇ ਕੁਝ ਕੁ ਸੰਪਰਕ ਵਿਚ ਆਉਣ ਬਾਅਦ ਭਾਵੇਂ ਉਨ੍ਹਾਂ ਨੇ ਕੁਝ ਆਧੁਨਿਕ ਵਸਤੂਆਂ ਨੂੰ ਆਪਣੇ ਜੀਵਨ ਵਿਚ ਸ਼ਾਮਿਲ ਕਰ ਲਿਆ ਹੈ, ਫਿਰ ਵੀ ਉਨ੍ਹਾਂ ਦੀ ਜੀਵਨ-ਸ਼ੈਲੀ ਕਾਫ਼ੀ ਹੱਦ ਤੱਕ ਪ੍ਰੰਪਰਿਕ ਹੀ ਹੈ।

ਉਹ ਛੋਟੇ-ਛੋਟੇ ਸਮੂਹਾਂ ਵਿਚ ਰਹਿੰਦੇ ਹਨ ਅਤੇ ਇਕ ਸਰਲ ਸਮਾਜਿਕ ਸਰੰਚਨਾ ਦਾ ਪਾਲਣ ਕਰਦੇ ਹਨ। ਉਨ੍ਹਾਂ ਦਾ ਸਮਾਜ, ਸਹਿਯੋਗ ਅਤੇ ਸਾਧਨਾਂ ਦੇ ਬਟਵਾਰੇ 'ਤੇ ਆਧਾਰਿਤ ਹੈ। ਉਹ ਪੱਤਿਆਂ ਅਤੇ ਟਹਿਣੀਆਂ ਦਾ ਪ੍ਰਯੋਗ ਕਰਕੇ ਆਰਜ਼ੀ ਟਿਕਾਣੇ ਬਣਾਉਂਦੇ ਹਨ।

ਉਹ ਆਪਸ ਵਿਚ ਭੋਜਨ ਸਾਂਝਾ ਕਰਦੇ ਹਨ। ਸਿੱਪੀਆਂ, ਮੋਤੀਆਂ ਅਤੇ ਹੱਢੀਆਂ ਤੋਂ ਬਣੇ ਪ੍ਰੰਪਰਿਕ ਗਹਿਣੇ ਪਹਿਨਦੇ ਹਨ। ਸੰਗੀਤ ਅਤੇ ਨਾਚ ਉਨ੍ਹਾਂ ਦੇ ਉਤਸਵਾਂ ਦਾ ਅਟੁੱਟ ਅੰਗ ਹੈ।

ਇਨ੍ਹਾਂ ਸੰਬੰਧੀ ਹੋਰ ਹੋਰ ਜਾਣਕਾਰੀ ਇਕੱਤਰ ਕਰਨਾ, ਖੋਜ-ਪੜਤਾਲ ਕਰਨਾ ਮਨੁੱਖੀ ਵਿਗਿਆਨ ਨੂੰ ਸਮਝਣ ਲਈ ਬੇਹੱਦ ਮਹੱਤਵਪੂਰਨ ਹੈ।

ਇਹ ਭਾਰਤੀ ਜਨਜਾਤੀ ਵਿਰਾਸਤ ਦਾ ਅਹਿਮ ਹਿੱਸਾ ਹਨ।



# ਸ਼੍ਰੋਮਣੀ ਕਮੇਟੀ ਦਾ ਕੈਲੰਡਰ ਵਿਗਿਆਨ-2

## ਹੁਣ ਇਤਿਹਾਸ ਨੂੰ ਕੌਣ ਵਿਗਾੜ ਰਿਹਾ ਹੈ?


ਸਰਬਜੀਤ ਸਿੰਘ
ਸੈਕਰਾਮੈਂਟੋ
ਪੰਜਾਬ ਮੇਲ USA

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਜਾਰੀ ਕੀਤੇ ਗਏ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ, ਹਾੜ ਵਦੀ ਏਕਮ, 16 ਹਾੜ (30 ਜੂਨ) ਦਾ ਦਰਜ ਹੈ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ ਉੱਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ, ਹਾੜ ਵਦੀ 7, 21 ਹਾੜ ਸੰਮਤ 1652 ਬਿ: (19 ਜੂਨ 1595 ਈ:, ਜੂਲੀਅਨ) ਦਰਜ ਹੈ। "Sri Guru Hargobind Sahib Ji was born at village Guru Ki Wadali (district Amritsar) on Harh Vadi 7th (21 Harh), Samvat 1652 (19th June, 1595)." (sgpc.net) ਕਮੇਟੀ ਦੇ ਕੈਲੰਡਰ ਮੁਤਾਬਕ ਹਾੜ ਵਦੀ 7, 23 ਹਾੜ (7 ਜੁਲਾਈ) ਨੂੰ ਆਵੇਗੀ। ਸਪੱਸ਼ਟ ਹੈ ਕਿ ਦੋਵੇਂ ਤਿੱਥਾਂ (ਹਾੜ ਵਦੀ 1 ਅਤੇ ਹਾੜ ਵਦੀ 7) ਠੀਕ ਨਹੀਂ ਹੋ ਸਕਦੀਆਂ। ਇਨ੍ਹਾਂ ਵਿਚੋਂ ਇਕ ਗਲਤ ਹੈ ਅਤੇ ਇਕ ਠੀਕ। ਆਉ ਵੇਖੀਏ ਕਿ ਸਹੀ ਤਿੱਥ ਕਿਹੜੀ ਹੈ?

ਜੇ ਅਸੀਂ ਹਾੜ ਵਦੀ ਏਕਮ ਨੂੰ ਸਹੀ ਮੰਨ ਕੇ ਚੱਲੀਏ, ਤਾਂ ਇਹ 14 ਹਾੜ, ਸੰਮਤ 1652 ਬਿ: (12 ਜੂਨ 1595 ਜੂਲੀਅਨ) ਬਣਦੀ ਹੈ।

ਡਾ. ਸੁਖਦਿਆਲ ਸਿੰਘ ਜੀ ਲਿਖਦੇ ਹਨ, "ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਪ੍ਰਚੱਲਿਤ ਰਵਾਇਤ ਅਨੁਸਾਰ 9 ਜੂਨ, 1595 ਈ: ਨੂੰ ਹੋਇਆ ਮੰਨਿਆ ਜਾਂਦਾ ਹੈ"। (ਗੁਰੂ ਹਰਿਗੋਬਿੰਦ ਸਾਹਿਬ; ਜੀਵਨ, ਯੁੱਧ ਅਤੇ ਯਾਤਰ, ਪੰਨਾ 15)

ਡਾ. ਦਿਲਗੀਰ ਜੀ ਦਾ ਮੰਨਣਾ ਹੈ ਕਿ ਗੁਰੂ ਜੀ ਦਾ ਜਨਮ 19 ਜੂਨ 1590 ਈ: ਨੂੰ ਹੋਇਆ ਸੀ। (ਸਿੱਖ ਤਵਾਰੀਖ, ਪੰਨਾ 225)

ਡਾ. ਇੰਦਰਜੀਤ ਸਿੰਘ ਗੋਗੋਆਣੀ ਜੀ ਮੁਤਾਬਕ ਗੁਰੂ ਜੀ ਦੀ ਜਨਮ ਤਾਰੀਖ 19 ਜੂਨ 1595 ਈ: ਹੈ। (ਗੁਰਮਿਤ ਗਿਆਨ - ਦਰਜਾ ਦੂਜਾ, ਪੰਨਾ 200)

ਗੁਰਬਿਲਾਸ ਪਾਤਸ਼ਾਹੀ 6 ਵਿਚ ਤਾਂ 21 ਹਾੜ ਸਪੱਸ਼ਟ ਤੌਰ 'ਤੇ ਲਿਖਿਆ ਹੋਇਆ ਹੈ।

ਸੰਮਤ ਸੋਲਹਿ ਸਹਸ ਬਵੰਜਾ। ਹਾੜ ਇਕੀ ਨਿਸ ਆਧੀ ਮੰਝਾ॥
ਪੁਖ ਨਿਛਤ੍ਰ ਸਿਧ ਗ੍ਰਹਿ ਸੁਖਦਾਈ। ਕ੍ਰਿਸ਼ਨ ਪਖ ਪ੍ਰਗਟੇ ਪ੍ਰਭ ਆਈ। (ਪਬਲੀਕੇਸ਼ਨ ਬਿਊਰੋ, ਪੰਨਾ 50)

ਉਪਰੋਕਤ ਤਾਰੀਖਾਂ ਦੀ ਪੜਤਾਲ ਕਰਨ 'ਤੇ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਸ਼੍ਰੋਮਣੀ ਦੀ ਵੈੱਬਸਾਈਟ, ਡਾ. ਇੰਦਰਜੀਤ ਸਿੰਘ ਗੋਗੋਆਣੀ ਵੱਲੋਂ ਅਤੇ ਗੁਰਬਿਲਾਸ ਪਾਤਸ਼ਾਹੀ 6 ਵਿਚ ਲਿਖੀ 21 ਹਾੜ, ਹਾੜ ਵਦੀ 7 ਸੰਮਤ 1652 ਬਿ:/ 19 ਜੂਨ 1595 ਈ: (ਜੂਲੀਅਨ), ਦਿਨ ਵੀਰਵਾਰ, ਤਾਰੀਖ ਸਹੀ ਹੈ। ਡਾ. ਸੁਖਦਿਆਲ ਸਿੰਘ ਨੇ ਸਾਲ (1595 ਈ:) ਸਹੀ ਲਿਖਿਆ ਹੈ ਪਰ ਤਾਰੀਖ 9 ਜੂਨ ਗਲਤ ਹੈ। 9 ਜੂਨ ਨੂੰ 4 ਹਾੜ ਜੇਠ ਸੁਦੀ 4 ਸੀ। ਡਾ. ਦਿਲਗੀਰ ਦੀ ਤਰੀਖ 21 ਹਾੜ ਮੁਤਾਬਕ 19 ਜੂਨ ਸਹੀ ਹੈ ਪਰ ਸਾਲ 1590 ਈ:, ਗਲਤ ਹੈ ਡਾ. ਦਿਲਗੀਰ ਨੇ ਸਾਲ, ਭੱਟ ਵਹੀ ਮੁਲਤਾਨੀ ਦੇ ਹਵਾਲੇ ਨਾਲ ਲਿਖਿਆ ਹੈ, "ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਅਸਾੜ ਦਿਹੁੰ ਇਕੀਸ ਗਿਆ"। ਧਿਆਨ ਰਹੇ ਇਥੇ ਸੰਮਤ 1747 ਬਿ: ਦਰਜ ਹੈ। ਇਹ 19 ਜੂਨ 1690 ਈ: ਬਣਦੀ ਹੈ। ਪੂਰੀ ਇਕ ਸਦੀ ਦਾ ਅੰਤਰ! ਹੁਣ ਸਵਾਲ ਪੈਦਾ ਹੁੰਦਾ ਹੈ ਕਿ ਹਾੜ ਵਦੀ ਏਕਮ ਕਿੱਥੋਂ ਆਈ ਹੋਵੇਗੀ?

ਦਮਦਮੀ ਟਕਸਾਲ ਦੀ ਵੱਡਅਕਾਰੀ ਕਿਤਾਬ 'ਗੁਰਬਾਣੀ ਪਾਠ ਦਰਪਣ' ਵਿਚ ਇਹ ਤਾਰੀਖ ਇਸ ਤਰ੍ਹਾਂ ਦਰਜ ਹੈ, "ਅਵਤਾਰ ਧਾਰਨ- ਸੰਮਤ 1652 ਬਿ: ਹਾੜ ਵਦੀ ਏਕਮ, ਦਿਨ ਐਤਵਾਰ, ਪੁੰਨਿਆ ਦੀ ਰਾਤ ਸੀ। 6 ਜੂਨ 1596 ਈ:, ਪੁੱਖ ਨਛੱਤ੍ਰ ਸੰਗਰਾਂਦੀ 21 ਹਾੜ" (ਪੰਨਾ 16)

ਹੋਰ ਬਹੁਤੀਆਂ ਤਾਰੀਖਾਂ ਵਾਂਗੂੰ ਦਮਦਮੀ ਟਕਸਾਲ ਦੇ ਮੁਖੀ ਇਥੇ ਵੀ ਬੁਰੀ ਤਰ੍ਹਾਂ ਉਲਝੇ ਹੋਏ ਹਨ। ਹਾੜ ਵਦੀ ਏਕਮ ਸੰਮਤ 1652 ਬਿ: ਨੂੰ ਸਹੀ ਮੰਨ ਕੇ ਚੱਲੀਏ ਤਾਂ ਇਹ 14 ਹਾੜ, 12 ਜੂਨ 1595 ਈ: (ਜੂਲੀਅਨ), ਨਛੱਤਰ ਪੂਰਵਾਖਾੜਾ ਦਿਨ ਵੀਰਵਾਰ ਸੀ। ਪੁੰਨਿਆ 11 ਜੂਨ ਦਿਨ ਬੁੱਧਵਾਰ ਨੂੰ ਸੀ। 6 ਜੂਨ 1596 ਈ: ਨੂੰ 9 ਹਾੜ ਸੀ। ਇਥੇ ਸਾਲ 1596 ਵੀ ਗਲਤ ਹੈ, 1595 ਈ: ਚਾਹੀਦਾ ਹੈ। ਪੁਖ ਨਛੱਤਰ, ਇਹ ਅੱਠਵਾ ਨਛੱਤਰ ਹੈ, ਜੋ ਕਿ ਜੇਠ ਸੁਦੀ 4, 3 ਹਾੜ, 1 ਜੂਨ ਨੂੰ ਸੀ। ਇਸ ਲਈ ਇਹ ਮੰਨਣਯੋਗ ਨਹੀਂ। ਹੋ ਸਕਦਾ ਹੈ ਕਿ ਟਕਸਾਲ ਨੇ ਪੁਖ ਨਛੱਤਰ, ਕਵੀ ਸੰਤੋਖ ਸਿੰਘ ਦੀ ਲਿਖਤ ਤੋਂ ਲਿਆ ਹੋਵੇ। ਯਾਦ ਰਹੇ 'ਗੁਰਬਿਲਾਸ ਪਾਤਸ਼ਾਹੀ 6' ਵਿਚ ਵੀ ਨਛੱਤਰ ਪੁੱਖ ਹੀ ਲਿਖਿਆ ਹੋਇਆ ਹੈ।

ਆਓ ਹੁਣ ਵੇਖੀਏ ਕਿ ਕਵੀ ਸੰਤੋਖ ਸਿੰਘ ਕੀ ਲਿਖਦਾ ਹੈ,

ਸੰਮਤ ਸੋਲਹਿ ਸੈ ਅਰੁ ਬਾਵਨ ਹਾੜ ਇਕੀਸਵੀ ਕੋ ਦਿਨ ਸੋਊ।
ਜਾਮਨੀ ਆਧਿ ਬਿਤੀਤਿ ਭਈ ਜਬਿ, ਪੁੱਖਯ ਨਿਛੱਤ ਸਮੋ ਤਬਿ ਹੋਊ।
(ਡਾ. ਅਜੀਤ ਸਿੰਘ ਔਲਖ, ਭਾਗ ਚੌਥਾ, ਪੰਨਾ 262)

ਕਵੀ ਸੰਤੋਖ ਸਿੰਘ ਜੀ ਬਹੁਤ ਹੀ ਸਪੱਸ਼ਟ ਸ਼ਬਦਾਂ ਵਿਚ ਲਿਖ ਰਹੇ ਹਨ ਕਿ ਗੁਰੂ ਜੀ ਦਾ ਜਨਮ 21 ਹਾੜ ਸੰਮਤ 1652 ਬਿ: ਨੂੰ ਹੋਇਆ ਸੀ।

ਉਪਰੋਕਤ ਚਰਚਾ ਤੋਂ ਪਿਛੋਂ ਸਹਿਜੇ ਹੀ ਇਸ ਨਤੀਜੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ 21 ਹਾੜ , ਹਾੜ ਵਦੀ 7 ਸੰਮਤ 1652 ਬਿਕ੍ਰਮੀ ਦਿਨ ਵੀਰਵਾਰ ਨੂੰ ਹੋਇਆ ਸੀ। ਜਦੋਂ ਅੰਗਰੇਜ਼ੀ ਤਾਰੀਖਾਂ ਲਿਖਣ ਦਾ ਰਿਵਾਜ਼ ਪਿਆ, ਤਾਂ ਇਹ 19 ਜੂਨ 1595 ਈ: (ਜੂਲੀਅਨ) ਲਿਖੀ ਗਈ। ਡਾ. ਗੰਡਾ ਸਿੰਘ ਜੀ ਅਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਵੀ ਇਸ ਤਾਰੀਖ ਨਾਲ ਸਹਿਮਤ ਹਨ। ਨਾਨਕਸ਼ਾਹੀ ਕੈਲੰਡਰ ਵਿਚ ਇਹ ਦਿਹਾੜਾ 21 ਹਾੜ ਦਾ ਦਰਜ ਹੈ।


ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ ਛਾਪੀ ਗਈ 1965-66 ਈ: ਦੀ ਡਾਇਰੀ ਵਿਚ 21 ਹਾੜ ਦਰਜ ਹੈ।

ਖਾਲਸਾ ਡਾਇਰੀ 1975-76 ਵਿਚ ਵੀ 21 ਹਾੜ ਹੀ ਦਰਜ ਹੈ।

"ਜਨਮ- ਹਾੜ ਵਦੀ 7, ਹਾੜ ਪ੍ਰਵਿਸ਼ਟੇ 21, ਸੰਮਤ 1652 ਬਿ: 19 ਜੂਨ 1594 ਈ: ਵੀਰਵਾਰ"।

ਸ਼੍ਰੋਮਣੀ ਕਮੇਟੀ ਨੇ ਮਾਰਚ 2010 ਈ: ਵਿਚ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਕੇ ਧੁੰਮੱਕੜਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਸੀ। ਹੈਰਾਨੀ ਹੋਈ ਜਦੋਂ ਕਮੇਟੀ ਦਾ ਸੰਮਤ 545 ਨਾਨਕਸ਼ਾਹੀ (2013-14 ਈ:) ਦਾ ਕੈਲੰਡਰ ਵੇਖਿਆ, ਤਾਂ ਉਥੇ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ 21 ਹਾੜ (5 ਜੁਲਾਈ) ਹੀ ਦਰਜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਆਪਣੀਆਂ ਕਿਤਾਬ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਸਹੀ ਤਾਰੀਖ, 21 ਹਾੜ ਦਰਜ ਕਰਦੀ ਹੈ ਪਰ ਗੁਰੂ ਜੀ ਦਾ ਪ੍ਰਕਾਸ਼ ਦਿਹਾੜ, ਦਮਦਮੀ ਟਕਸਾਲ ਦੇ ਪ੍ਰਭਾਵ ਹੇਠ ਗਲਤ ਤਿੱਥ (ਹਾੜ ਵਦੀ 1) ਨੂੰ ਮਨਾਉਂਦੀ ਹੈ। ਜੇ ਪ੍ਰਵਿਸ਼ਟਿਆਂ ਮੁਤਾਬਕ 21 ਹਾੜ ਦੀ ਬਜਾਏ, ਵਦੀ-ਸੁਦੀ ਮੁਤਾਬਕ ਹੀ ਇਹ ਦਿਹਾੜਾ ਮਨਾਉਣਾ, ਸ਼੍ਰੋਮਣੀ ਕਮੇਟੀ ਦੀ ਕੋਈ ਮਜਬੂਰੀ ਹੈ, ਤਾਂ ਘੱਟੋ-ਘੱਟ ਸਹੀ ਤਿੱਥ ਭਾਵ ਹਾੜ ਵਦੀ 7 ਨੂੰ ਤਾਂ ਮਨਾਓ। ਹੁਣ ਇਤਿਹਾਸ ਨੂੰ ਕੌਣ ਵਿਗਾੜ ਰਿਹਾ ਹੈ, ਨਾਨਕਸ਼ਾਹੀ ਕੈਲੰਡਰ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ? ਖਾਲਸਾ ਜੀ ਜਾਗੋ!



ਨਾਨਕਸ਼ਾਹੀ ਜੰਤਰੀ ਸੰਮਤ ੫੫੮

ਜੂਨ-ਜੁਲਾਈ 2026

**ਬਾਰਹ ਮਾਹਾ ਮਾਂਝ**

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥੫॥

**ਬਾਰਹ ਮਾਹਾ ਤੁਖਾਰੀ**

ਆਸਾੜੁ ਭਲਾ ਸੂਰਜੁ ਗਗਨਿ ਤਪੈ॥ ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥ ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥ ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥ ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥ ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥੮॥

**ਹਾੜ**

ਸੰਗਰਾਂਦ - ੦੧ ਹਾੜ / 15 ਜੂਨ
ਮੱਸਿਆ-੦੧ ਹਾੜ/ 15 ਜੂਨ; ੩੦ ਹਾੜ/ 14 ਜੁਲਾਈ
ਪੂਰਨਮਾਸੀ - ੧੫ ਹਾੜ / 29 ਜੂਨ

| | | | | | |
|---|---|---|---|---|---|
| ਐਤਵਾਰ Sunday | | ੭ 21 ਜੂਨ ਜੇਠ ਸੁਦੀ ੭ | ੧੪ 28 ਜੂਨ ਜੇਠ ਸੁਦੀ ੧੪ | ੨੧ 5 ਜੁਲਾਈ ਹਾੜ ਵਦੀ ੫ | ੨੮ 12 ਜੁਲਾਈ ਹਾੜ ਵਦੀ ੧੨ |
| ਸੋਮਵਾਰ Monday | ੧ 15 ਜੂਨ ਜੇਠ ਸੁਦੀ ੧ ਮੱਸਿਆ ਜੇਠ ਸੁਦੀ ੧ | ੮ 22 ਜੂਨ ਜੇਠ ਸੁਦੀ ੮ | ੧੫ 29 ਜੂਨ ਜੇਠ ਸੁਦੀ ੧੫ ਪੂਰਨਮਾਸੀ | ੨੨ 6 ਜੁਲਾਈ ਹਾੜ ਵਦੀ ੬ | ੨੯ 13 ਜੁਲਾਈ ਹਾੜ ਵਦੀ ੧੪ |
| ਮੰਗਲਵਾਰ Tuesday | ੨ 16 ਜੂਨ ਜੇਠ ਸੁਦੀ ੨ | ੯ 23 ਜੂਨ ਜੇਠ ਸੁਦੀ ੯ | ੧੬ 30 ਜੂਨ ਹਾੜ ਵਦੀ ੧ | ੨੩ 7 ਜੁਲਾਈ ਹਾੜ ਵਦੀ ੭ | ੩੦ 14 ਜੁਲਾਈ ਹਾੜ ਵਦੀ ੧੫ ਮੱਸਿਆ |
| ਬੁੱਧਵਾਰ Wednesday | ੩ 17 ਜੂਨ ਜੇਠ ਸੁਦੀ ੩ | ੧੦ 24 ਜੂਨ ਜੇਠ ਸੁਦੀ ੧੦ | ੧੭ 1 ਜੁਲਾਈ ਹਾੜ ਵਦੀ ੧ | ੨੪ 8 ਜੁਲਾਈ ਹਾੜ ਵਦੀ ੮ | ੩੧ 15 ਜੁਲਾਈ ਹਾੜ ਸੁਦੀ ੧ |
| ਵੀਰਵਾਰ Thursday | ੪ 18 ਜੂਨ ਜੇਠ ਸੁਦੀ ੪ | ੧੧ 25 ਜੂਨ ਜੇਠ ਸੁਦੀ ੧੧ | ੧੮ 2 ਜੁਲਾਈ ਹਾੜ ਵਦੀ ੨ | ੨੫ 9 ਜੁਲਾਈ ਹਾੜ ਵਦੀ ੯ | |
| ਸ਼ੁੱਕਰਵਾਰ Friday | ੫ 19 ਜੂਨ ਜੇਠ ਸੁਦੀ ੫ | ੧੨ 26 ਜੂਨ ਜੇਠ ਸੁਦੀ ੧੨ | ੧੯ 3 ਜੁਲਾਈ ਹਾੜ ਵਦੀ ੩ | ੨੬ 10 ਜੁਲਾਈ ਹਾੜ ਵਦੀ ੧੦-੧੧ | |
| ਸ਼ਨਿੱਚਰਵਾਰ Saturday | ੬ 20 ਜੂਨ ਜੇਠ ਸੁਦੀ ੬ | ੧੩ 27 ਜੂਨ ਜੇਠ ਸੁਦੀ ੧੩ | ੨੦ 4 ਜੁਲਾਈ ਹਾੜ ਵਦੀ ੪ | ੨੭ 11 ਜੁਲਾਈ ਹਾੜ ਵਦੀ ੧੨ | |

**ਗੁਰਪੁਰਬ**

| | |
|---|---|
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੦੪ ਹਾੜ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੧੬ ਹਾੜ |

**ਇਤਿਹਾਸਕ ਦਿਹਾੜੇ**

| | |
|---|---|
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | ੧੧ ਹਾੜ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ੧੫ ਹਾੜ |
| ਜੋੜ-ਮੇਲਾ ਗੁਰਦੁਆਰਾ ਸ੍ਰੀ ਰੀਠਾ ਸਾਹਿਬ | ੧੫ ਹਾੜ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | ੨੧ ਹਾੜ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | ੨੫ ਹਾੜ |

**ਭਗਤ ਸਾਹਿਬਾਨ**

| | |
|---|---|
| ਜਨਮ ਦਿਹਾੜਾ ਭਗਤ ਕਬੀਰ ਜੀ | ੧੫ ਹਾੜ |

**ਧਾਰਮਿਕ ਪ੍ਰੀਖਿਆ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਕੋਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਲੈ ਕੇ ਵਜ਼ੀਫੇ ਦਿੱਤੇ ਜਾਂਦੇ ਹਨ। ਇਹ ਪ੍ਰੀਖਿਆ ਹਰ ਸਾਲ ਫਰਵਰੀ ਵਿਚ ਹੁੰਦੀ ਹੈ। ਇਸ ਪ੍ਰੀਖਿਆ ਵਿਚ ਸ਼ਾਮਲ ਹੋਣ ਦੇ ਚਾਹਵਾਨ ਸਕੂਲ/ਕਾਲਜ ਦੇ ਵਿਦਿਆਰਥੀ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਨੂੰ ਲਿਖਣ ਜਾਂ 0183-2553956, ਐਕਸ:305 'ਤੇ ਸੰਪਰਕ ਕਰਨ।

**ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ 16 ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖ਼ਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ www.sgpc.net ਤੋਂ ਲਈ ਜਾ ਸਕਦੀ ਹੈ ਜਾਂ 0183-2553956, ਐਕਸ:305 'ਤੇ ਸੰਪਰਕ ਕੀਤਾ ਜਾ ਸਕਦਾ ਹੈ।

੪

*ਉਪਰੋਕਤ ਤਾਰੀਖਾਂ ਦੀ ਪੜਤਾਲ ਕਰਨ 'ਤੇ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਸ਼੍ਰੋਮਣੀ ਦੀ ਵੈੱਬਸਾਈਟ, ਡਾ. ਇੰਦਰਜੀਤ ਸਿੰਘ ਗੋਗੋਆਣੀ ਵੱਲੋਂ ਅਤੇ ਗੁਰਬਿਲਾਸ ਪਾਤਸ਼ਾਹੀ 6 ਵਿਚ ਲਿਖੀ 21 ਹਾੜ, ਹਾੜ ਵਦੀ 7 ਸੰਮਤ 1652 ਬਿ:/ 19 ਜੂਨ 1595 ਈ: (ਜੂਲੀਅਨ), ਦਿਨ ਵੀਰਵਾਰ, ਤਾਰੀਖ ਸਹੀ ਹੈ। ਡਾ. ਸੁਖਦਿਆਲ ਸਿੰਘ ਨੇ ਸਾਲ (1595 ਈ:) ਸਹੀ ਲਿਖਿਆ ਹੈ ਪਰ ਤਾਰੀਖ 9 ਜੂਨ ਗਲਤ ਹੈ। 9 ਜੂਨ ਨੂੰ 4 ਹਾੜ ਜੇਠ ਸੁਦੀ 4 ਸੀ। ਡਾ. ਦਿਲਗੀਰ ਦੀ ਤਰੀਖ 21 ਹਾੜ ਮੁਤਾਬਕ 19 ਜੂਨ ਸਹੀ ਹੈ ਪਰ ਸਾਲ 1590 ਈ:, ਗਲਤ ਹੈ ਡਾ. ਦਿਲਗੀਰ ਨੇ ਸਾਲ, ਭੱਟ ਵਹੀ ਮੁਲਤਾਨੀ ਦੇ ਹਵਾਲੇ ਨਾਲ ਲਿਖਿਆ ਹੈ, "ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਅਸਾੜ ਦਿਹੁੰ ਇਕੀਸ ਗਿਆ"।*

---

ਸਫਾ 1 ਦਾ ਬਾਕੀ

### ਕੈਲੀਫੋਰਨੀਆ ਦੇ 11 ਹਜ਼ਾਰ ਡਰਾਈਵਰਾਂ ਨੂੰ ਡੀ.ਐੱਮ.ਵੀ. ਵੱਲੋਂ ...

ਟੈਸਟ ਦੇ ਦਿਨ ਉਨ੍ਹਾਂ ਨੂੰ ਡੀ.ਐੱਮ.ਵੀ. ਦਾ ਅਸਲੀ ਨੋਟਿਸ ਨਾਲ ਲਿਆਉਣਾ ਵੀ ਲਾਜ਼ਮੀ ਹੋਵੇਗਾ। ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ 30 ਦਿਨਾਂ ਦੇ ਅੰਦਰ ਟੈਸਟ ਨਾ ਦੇਣ ਜਾਂ ਫੇਲ੍ਹ ਹੋਣ ਦੀ ਸੂਰਤ ਵਿਚ ਡਰਾਈਵਿੰਗ ਲਾਇਸੈਂਸ ਰੱਦ ਕੀਤਾ ਜਾ ਸਕਦਾ ਹੈ।

ਡੀ.ਐੱਮ.ਵੀ. ਦਾ ਕਹਿਣਾ ਹੈ ਕਿ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਦੀ ਪ੍ਰਕਿਰਿਆ ਦੀ ਭਰੋਸੇਯੋਗਤਾ ਅਤੇ ਪਾਰਦਰਸ਼ਤਾ ਬਣਾਈ ਰੱਖਣਾ ਉਸ ਦੀ ਜ਼ਿੰਮੇਵਾਰੀ ਹੈ। ਇਸੇ ਲਈ ਜਿੱਥੇ ਵੀ ਪ੍ਰੀਖਿਆ ਪ੍ਰਕਿਰਿਆ ਵਿਚ ਗੜਬੜ ਦਾ ਸ਼ੱਕ ਪੈਦਾ ਹੁੰਦਾ ਹੈ, ਉੱਥੇ ਲੋੜੀਂਦੀ ਕਾਰਵਾਈ ਕੀਤੀ ਜਾਂਦੀ ਹੈ।

ਜੇ ਕਿਸੇ ਡਰਾਈਵਰ ਨੂੰ ਇਹ ਨੋਟਿਸ ਮਿਲਦਾ ਹੈ, ਤਾਂ ਉਸ ਨੂੰ ਤੁਰੰਤ ਡੀ.ਐੱਮ.ਵੀ. ਨਾਲ ਸੰਪਰਕ ਕਰਕੇ ਅਪੁਆਇੰਟਮੈਂਟ ਲੈਣੀ ਚਾਹੀਦੀ ਹੈ ਅਤੇ ਨਿਰਧਾਰਤ ਸਮੇਂ ਵਿਚ ਟੈਸਟ ਪੂਰਾ ਕਰਨਾ ਚਾਹੀਦਾ ਹੈ। ਨਾਲ ਹੀ ਡੀ.ਐੱਮ.ਵੀ. ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਕੋਈ ਵਿਅਕਤੀ ਪੈਸੇ ਲੈ ਕੇ ਇਹ ਮਾਮਲਾ "ਠੀਕ ਕਰਵਾਉਣ" ਦਾ ਦਾਅਵਾ ਕਰੇ, ਤਾਂ ਉਸ ਤੋਂ ਸਾਵਧਾਨ ਰਹਿਣ ਅਤੇ ਸਿਰਫ਼ ਡੀ.ਐੱਮ.ਵੀ. ਦੀਆਂ ਅਧਿਕਾਰਤ ਹਦਾਇਤਾਂ 'ਤੇ ਹੀ ਭਰੋਸਾ ਕਰਨ।

ਇਹ ਪ੍ਰਸ਼ਾਸਕੀ ਕਾਰਵਾਈ ਹਾਲੇ ਜਾਰੀ ਹੈ ਅਤੇ ਸੰਭਵ ਹੈ ਕਿ ਆਉਣ ਵਾਲੇ ਦਿਨਾਂ 'ਚ ਡੀ.ਐੱਮ.ਵੀ. ਇਸ ਮਾਮਲੇ ਸਬੰਧੀ ਹੋਰ ਜਾਣਕਾਰੀ ਵੀ ਜਾਰੀ ਕਰੇ। ਇਸ ਲਈ ਜਿਨ੍ਹਾਂ ਲੋਕਾਂ ਨੇ ਜੁਲਾਈ 2025 ਤੋਂ ਅਪ੍ਰੈਲ 2026 ਦੇ ਵਿਚਕਾਰ ਕੈਲੀਫੋਰਨੀਆ ਵਿਚ ਲਿਖਤੀ ਡੀ.ਐੱਮ.ਵੀ. ਪ੍ਰੀਖਿਆ ਪਾਸ ਕਰਕੇ ਲਾਇਸੈਂਸ ਹਾਸਲ ਕੀਤਾ ਸੀ, ਉਨ੍ਹਾਂ ਨੂੰ ਆਪਣੀ ਡਾਕ 'ਤੇ ਨਜ਼ਰ ਰੱਖਣ ਅਤੇ ਕੋਈ ਨੋਟਿਸ ਮਿਲਣ 'ਤੇ ਉਸ ਦੀ ਤੁਰੰਤ ਪਾਲਣਾ ਕਰਨ ਦੀ ਸਲਾਹ ਦਿੱਤੀ ਗਈ ਹੈ।

# ਵਿਸ਼ਵੀਕਰਨ ਦੇ ਯੁੱਗ ਵਿਚ ਅਮਰਜੀਤ ਕੌਂਕੇ ਦੀ ਕਾਵਿ ਸੰਵੇਦਨਾ: 'ਇਸ ਧਰਤੀ 'ਤੇ ਰਹਿੰਦਿਆਂ' ਕਾਵਿ ਪੁਸਤਕ ਦੇ ਵਿਸ਼ੇਸ਼ ਸੰਦਰਭ ਵਿਚ

ਡਾ. ਜਸਪ੍ਰੀਤ ਕੌਰ
ਅਸਿਸਟੈਂਟ ਪ੍ਰੋਫ਼ੈਸਰ, ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ, 87280-15590
ਪੰਜਾਬ ਮੇਲ USA



ਇਨਸਾਨੀਅਤ, ਮਾਨਵੀਪੁਣਾਂ ਅਜਿਹੇ ਸ਼ਬਦ/ਭਾਵ ਹਨ, ਜਿਨ੍ਹਾਂ ਕਾਰਨ ਇਹ ਦੁਨੀਆਂ ਖ਼ੂਬਸੂਰਤ ਹੈ, ਜਿਉਣ ਜੋਗੀ ਤੇ ਮਾਣਨ ਜੋਗੀ ਹੈ। ਇਨ੍ਹਾਂ ਭਾਵਾਂ ਦੀ ਅਣਹੋਂਦ ਮਨੁੱਖੀ ਸਮਾਜ ਨੂੰ ਪਸ਼ੂਪੁਣੇ ਵੱਲ ਲਿਜਾਉਂਦੀ ਹੈ। ਕਵੀ ਇਸ ਗੱਲੋਂ ਹੀ ਵਿਸ਼ੇਸ਼ ਹੁੰਦੇ ਹਨ ਕਿਉਂਕਿ ਉਹ ਇਨਸਾਨੀਅਤ ਦੇ ਜਜ਼ਬੇ ਨਾਲ ਲਬਰੇਜ਼ ਭਾਵਾਂ ਨੂੰ ਵਧੇਰੇ ਸ਼ਿੱਦਤ ਨਾਲ ਮਹਿਸੂਸ ਕਰ ਸਕਦੇ ਹਨ ਤੇ ਕਾਵਿ ਕਥਨ ਦੇ ਰੂਪ ਵਿਚ ਢਾਲ ਸਕਦੇ ਹਨ। ਅਮਰਜੀਤ ਕੌਂਕੇ ਪੰਜਾਬੀ ਕਾਵਿ ਸਾਹਿਤ ਦਾ ਇਕ ਅਜਿਹਾ ਮਾਣਮੱਤਾ ਹਸਤਾਖ਼ਰ ਹੈ, ਜਿਸਦੀ ਕਵਿਤਾ ਰੂਪੀ ਦੇਹ ਵਿਚ ਇਨਸਾਨੀਅਤ, ਮਾਨਵੀਪੁਣੇ ਨਾਲ ਭਰਿਆ ਦਿਲ ਹੈ। ਉਸ ਦੀ ਸੰਵੇਦਨਸ਼ੀਲ ਦ੍ਰਿਸ਼ਟੀ ਮਨੁੱਖੀ ਸਮਾਜ ਵਿਚ ਵਾਪਰ ਰਹੇ ਹਰ ਉਸ ਕੂੜ ਵਰਤਾਰੇ ਉੱਤੇ ਤਿੱਖਾ ਵਿਅੰਗ ਕਰਦੀ ਹੈ, ਜਿਹੜਾ ਮਨੁੱਖ ਨੂੰ ਮਾਨਵੀਪੁਣੇ ਤੋਂ ਤੋੜਦਾ ਪਸ਼ੂਪੁਣੇ ਵੱਲ ਲੈ ਕੇ ਜਾਂਦਾ ਹੈ। 'ਇਸ ਧਰਤੀ 'ਤੇ ਰਹਿੰਦਿਆਂ' ਕਾਵਿ ਪੁਸਤਕ ਦਾ ਸੂਖ਼ਮ ਅਧਿਐਨ ਇਹ ਸਿੱਧ ਕਰਦਾ ਹੈ ਕਿ ਉਸ ਦੀ ਕਾਵਿਕਾਰੀ ਆਲ਼ੇ-ਦੁਆਲ਼ੇ ਵਾਪਰ ਰਹੇ ਅਸੰਵੇਦਨਸ਼ੀਲ ਵਰਤਾਰਿਆਂ ਦੀ ਕੇਵਲ ਨਿਸ਼ਾਨਦੇਹੀ ਹੀ ਨਹੀਂ ਕਰਦੀ, ਸਗੋਂ ਇਨ੍ਹਾਂ ਵਰਤਾਰਿਆਂ ਪਿੱਛੇ ਛਿਪੇ ਕਾਰਕਾਂ ਨੂੰ ਪਛਾਣਦੀ, ਕਾਵਿ ਕਥਨ ਵਿਚ ਢਾਲਦੀ, ਸੁਹਿਰਦ ਪਾਠਕਾਂ ਸਾਹਮਣੇ ਰੱਖਣ ਦਾ ਸਫਲ ਯਤਨ ਕਰਦੀ ਹੈ।


'ਇਸ ਧਰਤੀ 'ਤੇ ਰਹਿੰਦਿਆਂ' ਕਾਵਿ ਪੁਸਤਕ ਦੀਆਂ ਕਵਿਤਾਵਾਂ ਕਈ ਦਿਸ਼ਾਵਾਂ ਵਿਚ ਵਿਚਰਦੀਆਂ ਨਜ਼ਰ ਆਉਂਦੀਆਂ ਹਨ। ਇਕ ਦਿਸ਼ਾ ਉਹ ਹੈ, ਜਿਸ ਵਿਚ ਕਵੀ ਦਾ ਆਪਾ, ਕਾਵਿ-ਮਨ, ਕਾਵਿ ਰਸ ਰੂਪੀ ਅੰਮ੍ਰਿਤ ਵਿਚ ਡੁੱਬਿਆ ਨਜ਼ਰ ਆਉਂਦਾ ਹੈ। ਉਹ ਆਪਣੀ ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ, ਸਫ਼ਲਤਾਵਾਂ, ਅਸਫ਼ਲਤਾਵਾਂ, ਘਾਟਿਆਂ-ਵਾਧਿਆਂ ਤੋਂ ਦੂਰ ਇਕ ਅਜਿਹੀ ਆਤਮਿਕ ਅਵਸਥਾ ਵਿਚ ਵਿਚਰਦਾ ਨਜ਼ਰ ਆਉਂਦਾ ਹੈ, ਜਿੱਥੇ ਉਸ ਉੱਤੇ ਕਾਵਿ ਰਸ ਦੀਆਂ ਬੂੰਦਾਂ ਦੀ ਵਰਖਾ ਹੋ ਰਹੀ ਮਹਿਸੂਸ ਹੁੰਦੀ ਹੈ। ਕਵਿਤਾ ਦੇ ਰੰਗ ਵਿਚ ਭਿੱਜਿਆ ਕਵੀ 'ਅੱਜ' ਕਵਿਤਾ ਵਿਚ ਅਜਿਹੀ ਆਤਮਿਕ ਅਵਸਥਾ ਨੂੰ ਸ਼ਬਦਾਂ ਦੇ ਜਾਮੇ ਵਿਚ ਪੇਸ਼ ਕਰਦਾ, ਪਾਠਕ ਨੂੰ ਵੀ ਕਾਵਿ ਅਨੰਦ ਦਾ ਰਸ ਚਖਾ ਦਿੰਦਾ ਹੈ। ਅਜਿਹੀ ਅਵਸਥਾ ਨੂੰ ਸ਼ਬਦਾਂ ਰਾਹੀਂ ਪੇਸ਼ ਕਰਨ ਦਾ ਹੁਨਰ ਕੌਂਕੇ-ਕਾਵਿ ਦਾ ਖ਼ਾਸਾ ਹੈ। ਇਹ ਹੁਨਰ ਘੱਟ ਹੀ ਕਵੀਆ ਦੇ ਹਿੱਸੇ ਆਇਆ ਹੈ। ਉਹ ਲਿਖਦਾ ਹੈ:-

'ਕੁਝ ਯਾਦ ਨਾ ਕਰਾਓ
ਅੱਜ ਕਵਿਤਾ
ਮੇਰੇ ਮਨ 'ਚ ਨੱਚ ਰਹੀ ਹੈ
ਅੱਜ ਰੱਬ
ਮੇਰੇ ਨਾਲ ਨਾਲ
ਤੁਰਿਆ ਫਿਰਦਾ ਹੈ'।

ਆਤਮਿਕ ਅਨੰਦ ਤੇ ਕਾਵਿ ਰਸ ਦੀ ਇਸ ਸਹਿਜ ਅਵਸਥਾ ਤੋਂ ਅੱਗੇ ਉਸ ਦੀ ਕਵਿਤਾ ਆਪਣੇ ਆਪ ਨਾਲ ਸੰਵਾਦ ਰਚਾਉਂਦੀ ਨਜ਼ਰ ਆਉਂਦੀ ਹੈ। ਇੱਕਲਤਾ ਉਸਨੂੰ ਚੁੱਭਦੀ ਨਹੀਂ, ਸਗੋਂ ਉਸ ਲਈ ਵਰਦਾਨ ਵਾਂਗ ਹੈ। ਅਜਿਹੇ ਸਮੇਂ ਉਹ ਕਵਿਤਾ ਨੂੰ ਜਿਉਂਦਾ ਹੈ, ਮਹਿਸੂਸ ਕਰਦਾ ਤੇ ਮਾਣਦਾ ਹੈ। ਹਜ਼ਾਰਾਂ ਲੋਕਾਂ ਦੇ ਇਕੱਠ ਤੋਂ ਦੂਰ ਉਹ ਆਪਣੇ ਆਪ ਦਾ ਸੰਗ ਮਾਣਨ ਦੀ ਗੂੜ੍ਹ ਇੱਛਾ ਰੱਖਦਾ ਆਪਣੀ ਇਕ ਕਵਿਤਾ ਵਿਚ ਲਿਖਦਾ ਹੈ:-

'ਆਪਣੇ ਆਪ ਨਾਲ ਰਹਿਣਾ
ਆਪਣੇ ਆਪ ਨਾਲ ਜਿਉਣਾ
ਦੁਨੀਆਂ ਦਾ
ਸਭ ਤੋਂ ਦੁਰਲਭ ਸੁਖ' ।2

ਆਪੇ ਤੋਂ ਪਰ ਵਰਤਾਰਿਆਂ ਵੱਲ ਤੁਰਦੀ ਉਸ ਦੀ ਕਵਿਤਾ ਸਮਾਜ ਵਿਚ ਵਾਪਰ ਰਹੇ ਹਰ ਵਰਤਾਰੇ ਨੂੰ ਸੰਵੇਦਨਸ਼ੀਲ ਦ੍ਰਿਸ਼ਟੀ ਨਾਲ ਦੇਖਦੀ ਕਵਿਤਾ ਦਾ ਕਥਾ ਵਸਤੂ ਬਣਾਉਂਦੀ ਹੈ। ਅੱਜ ਦੇ ਤੇਜ਼ ਰਫ਼ਤਾਰ ਚਲਦੇ ਸਮੇਂ ਵਿਚ ਸਮਾਜ, ਸੱਭਿਆਚਾਰ ਵਿਚ ਵਾਪਰਦੀਆਂ ਤਬਦੀਲੀਆਂ, ਟੁੱਟਦੇ ਭਾਈਚਾਰੇ, ਮੋਹ ਮੁਹੱਬਤ ਤੋਂ ਵਿਰਵੇ ਰਿਸ਼ਤੇ, ਮਾੜੀ ਆਰਥਿਕਤਾ ਕਾਰਨ ਵਾਪਰਦੇ ਦੁਖਾਂਤ, ਪ੍ਰਦੂਸ਼ਿਤ ਵਾਤਰਾਵਰਣ, ਮਾਨਵੀਪੁਣੇ ਨੂੰ




ਲੱਗ ਰਿਹਾ ਖੋਰਾ ਇਹ ਸਭ ਕੁਝ ਉਸ ਦੀ ਕਵਿਤਾ ਵਿਚ ਬੜੇ ਸੰਵੇਦਨਸ਼ੀਲ ਢੰਗ ਨਾਲ ਪੇਸ਼ ਹੋਏ ਹਨ। ਪੰਜਾਬੀ ਸਮਾਜ ਵਿਚ ਆਈਆਂ ਇਹ ਸਭ ਅਲਾਮਤਾਂ ਦਾ ਵੱਡਾ ਕਾਰਨ ਵਿਸ਼ਵੀਕਰਨ ਦੀ ਉਹ ਪ੍ਰਕਿਰਿਆ ਨਜ਼ਰ ਆਉਂਦੀ ਹੈ, ਜਿਸਨੇ ਮਨੁੱਖ ਨੂੰ ਮਾਨਵਤਾ ਭੁਲਾ ਕੇ ਮੰਡੀ ਮਾਨਸਿਕਤਾ ਵਾਲਾ ਬਣਾ ਦਿੱਤਾ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਪਰਿਭਾਸ਼ਿਤ ਕਰਦਿਆਂ ਡਾ. ਨਾਹਰ ਸਿੰਘ ਲਿਖਦੇ ਹਨ, 'ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਵਿਚ ਕਾਰਪੋਰੇਟ ਜਗਤ ਸਭਿਆਚਾਰਾਂ ਨੂੰ ਤੇ ਲੋਕਾਂ ਦੀਆਂ ਮਾਨਸਿਕ ਭਾਵੁਕ ਸੰਰਚਨਾਵਾਂ ਨੂੰ ਮੰਡੀ ਦੇ ਤਰਕ ਨਾਲ ਆਪਣੇ ਕਲਾਵੇ ਵਿਚ ਲੈਂਦਾ ਹੈ" ।3 ਲੋਕਾਂ ਨੂੰ ਮਾਨਸਿਕ ਭਾਵੁਕ ਬਿਰਤੀਆਂ ਤੋਂ ਤੋੜ ਕੇ ਉਨ੍ਹਾਂ ਨੂੰ ਅਕਿਰਿਆਸ਼ੀਲ ਉਪਭੋਗੀ ਬਣਾਉਣਾ ਵਿਸ਼ਵੀਕਰਨ, ਮੰਡੀਵਾਦ ਦਾ ਮੂਲ ਏਜੰਡਾ ਹੈ। ਇਸ ਕਾਵਿ ਪੁਸਤਕ ਦੀਆਂ ਕਈ ਕਵਿਤਾਵਾਂ 'ਰਾਤ ਅਮਾਵਸ', 'ਕਾਲੀ ਹਨੇਰੀ', 'ਅਜਗਰ', ਮਹਿਕ ਵਿਹੂਣੇ ਫੁੱਲ, 'ਆਖਰੀ ਪੀੜ੍ਹੀ ਦੇ ਲੋਕ', 'ਖ਼ਤਰਨਾਕ ਬਿੰਬ' ਆਦਿ ਵਿਸ਼ਵੀਕਰਨ ਦੀ ਮਾਰ ਹੇਠ ਆਏ ਪੰਜਾਬੀ ਬੰਦੇ ਅਤੇ ਉਸ ਦੀ ਅਸੰਵੇਦਨਸ਼ੀਲ ਬਿਰਤੀ ਨੂੰ ਤਿੱਖੇ ਕਟਾਖ਼ਸ਼ ਨਾਲ ਪੇਸ਼ ਕਰਦੀਆਂ ਹਨ। ਉਸ ਦੇ ਵਿਅੰਗ/ ਕਟਾਖ਼ਸ਼ ਦੀ ਦਿਸ਼ਾ ਤਰਕ ਨਾਲੋਂ ਭਾਵੁਕ ਪੱਧਰ 'ਤੇ ਜ਼ਿਆਦਾ ਟੇਕ ਰੱਖਦੀ ਨਜ਼ਰ ਆਉਂਦੀ ਹੈ। 'ਰਾਤ ਅਮਾਵਸ' ਕਵਿਤਾ ਵਿਚ ਉਹ ਵਿਸ਼ਵੀਕਰਨ, ਨਵ-ਪੂੰਜੀਵਾਦ ਨੂੰ ਜ਼ਹਿਰੀਲਾ ਬਿਛੀਅਰ ਆਖਦਾ ਲਿਖਦਾ ਹੈ:-

'ਜ਼ਹਿਰੀਲੀ ਪੌਣ ਵਗੇ ਚਹੁੰ ਕੂੰਟੀਂ
ਪਾਣੀਆਂ ਦੇ ਵਿਚ ਵਿਸ਼ ਘੁਲਿਆ ਹੈ
ਲਗਦਾ ਮਾਨਵਤਾ ਦੇ ਪਿੰਡੇ
ਜ਼ਹਿਰੀਲਾ ਕੋਈ
ਬਿਛੀਅਰ ਲੜਿਆ।
ਰਿਸ਼ਤਿਆਂ ਦੇ ਵਿਚ ਨਫ਼ਰਤ ਫੁੱਟੀ
ਮੋਹ ਮੁਹੱਬਤ ਬੀਤੀਆਂ ਗੱਲਾਂ
ਨਵੀਂ ਸਦੀ ਦੇ ਮਾਨਵ ਨੇ ਹੈ
ਕੈਸਾ ਪਾਠ ਕੁਫ਼ਰ ਦਾ ਪੜ੍ਹਿਆ' ।4

'ਕਾਲੀ ਹਨੇਰੀ' ਕਵਿਤਾ ਵਿਚ ਉਹ 'ਕਾਲੀ ਹਨੇਰੀ' ਦੇ ਬਿੰਬ ਰਾਹੀਂ ਉਹ ਇਕ ਅਜਿਹਾ ਬਿਖਰਿਆ ਖਿੰਡਿਆ ਸਮਾਜ ਪੇਸ਼ ਕਰਦਾ ਹੈ, ਜਿਸ ਵਿਚ ਸੰਸਕਾਰ, ਸੱਭਿਆਚਾਰ, ਮਾਨਤਾਵਾਂ, ਸੁਪਨੇ, ਪਿਆਰ, ਮਾਨਵਤਾ, ਹਮਦਰਦੀ, ਸੰਵੇਦਨਾ ਆਦਿ ਸਭ ਕੁਝ ਖਿੰਡਦਾ, ਟੁੱਟਦਾ ਦਿਖਾਈ ਦਿੰਦਾ ਹੈ। ਡਾ. ਗੁਰਮੀਤ ਸਿੰਘ ਅਨੁਸਾਰ, 'ਵਿਸ਼ਵੀਕਰਨ ਸਾਂਝੇ ਸਭਿਆਚਾਰਕ ਅਵਚੇਤਨ ਨੂੰ ਖੰਡਤ ਕਰਕੇ ਮਨਚਾਹੀ ਦਿਸ਼ਾ ਵੱਲ ਤੋਰਨ ਦਾ ਅਮਲ ਹੈ" ।5 ਇਹ ਮਨਚਾਹੀ ਦਿਸ਼ਾ ਦਾ ਰਾਹ ਮੰਡੀ ਵੱਲ ਨੂੰ ਖੋਲ੍ਹ ਦਿੱਤਾ ਗਿਆ ਹੈ। ਇਸ ਦਾ ਪ੍ਰਭਾਵ ਪੰਜਾਬੀ ਸਮਾਜ, ਸੱਭਿਆਚਾਰ ਉੱਤੇ ਵੀ ਪ੍ਰਭਾਵੀ ਰੂਪ ਵਿਚ ਪਿਆ ਹੈ। ਕੁਦਰਤ ਦੀ ਗੋਦ 'ਚ ਪੈਦਾ ਹੋਇਆ ਪੰਜਾਬੀ ਸਭਿਆਚਾਰ ਅੱਜ ਬਾਜ਼ਾਰ ਵਿਚ ਵਸਤੂ ਵਾਂਗ ਖਰੀਦਿਆ ਤੇ ਵੇਚਿਆ ਜਾ ਰਿਹਾ ਹੈ। ਇਸ ਦੀ ਆਪਣੀ ਵਿਲੱਖਣ, ਮੌਲਿਕ ਜੀਵਨ ਸ਼ੈਲੀ ਗਵਾਚ ਗਈ ਨਜ਼ਰ ਆਉਂਦੀ ਹੈ। ਇਸ ਕਾਵਿ ਪੁਸਤਕ ਵਿਚ ਦਰਜ ਤਕਰੀਬਨ ਹਰ ਕਵਿਤਾ ਵਿਚ ਅਜਿਹੇ ਵਰਤਾਰੇ ਪ੍ਰਤੀ ਚਿੰਤਾ, ਚਿੰਤਨ ਤੇ ਵਿਅੰਗ ਕੀਤਾ ਗਿਆ ਹੈ। ਸਮਕਾਲੀ ਸਮਾਂ ਕੇਵਲ ਬਾਹਰੀ ਸਜਾਵਟ ਦਾ ਸਮਾਂ ਹੈ। ਵਸਤਾਂ ਦੀ ਬਾਹਰੀ ਸਜਾਵਟ ਵਾਂਗ ਮਨੁੱਖ ਵੀ ਆਪਣੇ ਆਪ ਨੂੰ ਜ਼ਾਹਰਾ ਤੌਰ 'ਤੇ ਖ਼ੂਬ ਸਜਾ ਕੇ ਰੱਖਦਾ ਹੈ ਪਰ ਉਸ ਦਾ ਅੰਦਰ ਉਦਾਸੀ ਤੇ ਗੁੰਝਲਾਂ ਨਾਲ ਭਰਿਆ ਹੋਇਆ ਹੈ। ਫਰੈਡ੍ਰਿਕ ਜੇਮਸਨ ਅਜਿਹੀ ਸਥਿਤੀ ਨੂੰ 'ਆਤਮਿਕ ਜਗਤ ਦਾ ਬੰਜਰਪੁਣਾ' ਆਖਦਾ ਹੈ। ਆਪਣੀ ਸੰਸਾਰ ਪ੍ਰਸਿੱਧ ਪੁਸਤਕ, 'ਪੋਸਟ ਮਾਡਰਨਿਜ਼ਮ ਔਰ ਦਾ ਕਲਚਰਲ ਲੌਜਿਕ ਆਫ਼ ਲੇਟ ਕੈਪੀਟਲਿਜ਼ਮ' (1991) ਵਿਚ ਜੇਮਸਨ ਇਤਿਹਾਸਕ ਬੋਧ, ਬਿਰਤਾਂਤ ਅਤੇ ਸਿਮ੍ਰਿਤੀ ਵਿਚ ਆਈ ਗਿਰਾਵਟ ਦੀ ਚਰਚਾ ਕਰਦਿਆਂ ਅਜੋਕੇ ਮਨੁੱਖ ਦੀ ਸੁਹਜ ਚੇਤਨਾ ਉੱਤੇ ਇਕ ਪ੍ਰਕਾਰ ਦੇ ਸਤਹੀਪਣ ਭਾਰੂ ਹੋਣ ਦੀ ਗੱਲ ਕਰਦਾ ਹੈ। ਉਹ ਆਖਦਾ ਹੈ, "ਆਤਮਿਕ ਜਗਤ ਦਾ ਇਹ ਸਤਹੀਪੁਣਾ/ਬੰਜਰਪੁਣਾ ਸਾਡੇ ਵੇਲੇ ਦੀ ਸਮਾਜਿਕ-ਆਰਥਿਕ ਵਿਵਸਥਾ ਦਾ ਸਿੱਟਾ ਹੈ"। ਇਸ ਪੁਸਤਕ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਅਜੋਕੇ ਮਨੁੱਖ ਦੇ ਮਨ ਉੱਤੇ ਉਸਰੇ ਅਜਿਹੇ ਬੰਜਰਪੁਣੇ/ਵੈਰਾਨਗੀ/ਸਤਹੀਪੁਣੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਉਸ ਦੀ ਕਵਿਤਾ ਦੀ ਵੱਖਰਤਾ ਇਹ ਹੈ ਕਿ ਉਹ ਆਪਣੀ ਕਵਿਤਾ ਦੇ ਕਾਵਿ ਪਾਤਰ ਦੀ ਅਜਿਹੀ ਸਥਿਤੀ ਨੂੰ ਬੜੇ ਸੰਵੇਦਨਸ਼ੀਲ ਤੇ ਵਿਅੰਗ ਭਰੇ ਰੂਪ ਵਿਚ ਪੇਸ਼ ਕਰਨ ਵਿਚ ਮਾਹਿਰ ਹੈ। 'ਖਿਝਿਆ ਹੋਇਆ ਆਦਮੀ' ਕਵਿਤਾ ਇਸ ਦੌਰ ਦੇ ਬੰਦੇ ਦੇ ਮਨ ਵਿਚ ਪੈਦਾ ਹੋਈਆਂ ਗੁੰਝਲਾਂ ਤੇ ਖੰਡਤ ਆਪੇ ਨੂੰ ਬੜੇ ਵਧੀਆ ਢੰਗ ਨਾਲ ਪੇਸ਼ ਕਰਦੀ ਹੈ:-

'ਉਹ ਚਿੱਟੇ 'ਤੇ ਹੀ ਨਹੀਂ
ਕਾਲ਼ੇ 'ਤੇ ਵੀ ਖਿਝ ਉਠਦਾ
ਰਾਤ 'ਤੇ ਹੀ ਨਹੀਂ
ਦਿਨ 'ਤੇ ਵੀ ਖਿਝ ਉਠਦਾ



ਝੂਠ 'ਤੇ ਤਾਂ ਖਿਝਦਾ
ਸੱਚ 'ਤੇ ਵੀ ਖਿਝ ਉਠਦਾ...
ਅੱਜ ਦੇ ਦੌਰ ਦਾ
ਉਹ ਖਿਝਿਆ ਹੋਇਆ ਆਦਮੀ
ਆਪਣੀ ਹੀ ਅਗਨ ਅੰਦਰ
ਕੁਝ ਇਸ ਤਰ੍ਹਾਂ
ਰਿਝਿਆ ਹੋਇਆ ਸੀ
ਉਹ ਕਿਸੇ ਹੋਰ ਤੋਂ ਨਹੀਂ
ਦਰਅਸਲ ਆਪਣੇ ਆਪ ਤੋਂ ਹੀ
ਖਿਝਿਆ ਹਾਇਆ ਹੈ' ।7

ਕਵੀ ਆਪਣੇ ਆਲੇ-ਦੁਆਲੇ ਵਾਪਰੀਆਂ ਘਟਨਾਵਾਂ ਅਤੇ ਉਨ੍ਹਾਂ ਘਟਨਾਵਾਂ ਵਿਚੋਂ ਉਭਰਦੀ ਅਜੋਕੇ ਮਨੁੱਖ ਦੀ ਅਮਾਨਵੀ, ਅਸੰਵੇਦਨਸ਼ੀਲ ਬਿਰਤੀ ਨੂੰ ਤਿੱਖੇ ਭਾਵੁਕ ਰੋਹ ਨਾਲ ਪੇਸ਼ ਕਰਦਾ ਹੈ। 'ਇਕ ਬਲ਼ਦੀ ਦੁਪਹਿਰ', 'ਬਿਸਾਤ', 'ਫੌਜੀ ਸਾਹਮਣੇ ਮੁੱਕਾ ਤਾਣ ਕੇ ਖੜ੍ਹੀ ਕੁੜੀ', 'ਮਗਰੂ ਦਾ ਦਾਦਾ' ਆਦਿ ਕਵਿਤਾਵਾਂ ਵਿਚ ਉਹ ਸਿਸਟਮ ਦੀ ਭ੍ਰਿਸ਼ਟਤਾ 'ਤੇ ਤਿੱਖਾ ਵਿਅੰਗ ਕਰਦਿਆਂ ਪਾਠਕ ਦੇ ਮਨੋਭਾਵੁਕ ਸੰਸਾਰ ਨੂੰ ਝੰਜੋੜਨ ਦਾ ਸਫ਼ਲ ਯਤਨ ਕਰਦਾ ਹੈ। 'ਇਕ ਬਲ਼ਦੀ ਦੁਪਹਿਰ' ਕਵਿਤਾ ਵਿਚ ਦ੍ਰਿਸ਼ ਬਿੰਬ ਦੀ ਜੁਗਤ ਦਾ ਪ੍ਰਯੋਗ ਕਰਦਿਆਂ ਉਹ ਇਕ ਅਜਿਹਾ ਭਾਵੁਕ ਕਾਵਿ ਵਾਤਾਵਰਨ ਸਿਰਜਦਾ ਹੈ, ਜਿਸ ਵਿਚ ਇਕ ਗਰੀਬ ਲਾਚਾਰ ਵਿਅਕਤੀ ਪੈਸੇ ਨਾ ਹੋਣ ਕਾਰਨ ਆਪਣੀ ਮ੍ਰਿਤ ਪਤਨੀ ਦੀ ਲਾਸ਼ ਨੂੰ ਮੋਢਿਆਂ ਉੱਤੇ ਚੁੱਕ ਜਾ ਰਿਹਾ ਹੈ। ਉਸਦੀ ਨਿੱਕੀ ਧੀ ਜ਼ਾਰੋ-ਜ਼ਾਰ ਅੱਥਰੂ ਕੇਰਦੀ ਨਾਲ ਤੁਰੀ ਜਾ ਰਹੀ ਹੈ। ਇਸ ਤੋਂ ਵੀ ਵੱਡੀ ਤ੍ਰਾਸਦੀ ਇਹ ਹੈ ਕਿ 'ਮਹਾਨ ਭਾਰਤ' ਦੇ ਲੋਕ ਉਸ ਦੀ ਸਹਾਇਤਾ ਕਰਨ ਅਤੇ ਹਮਦਰਦੀ ਦਿਖਾਉਣ ਦੀ ਥਾਂ ਉਸ ਦੀਆਂ ਫੋਟੋਆਂ ਖਿੱਚ ਰਹੇ ਹਨ ਤੇ ਫੇਸਬੁੱਕ 'ਤੇ ਪਾ ਰਹੇ ਹਨ। ਕਵਿਤਾ ਨੂੰ ਕਥਾ ਰਸ ਦੀ ਛੋਹ ਦਿੰਦਿਆਂ ਉਹ 'ਮਹਾਨ ਦੇਸ਼', ਗੌਰਵਸ਼ਾਲੀ ਸੰਸਕ੍ਰਿਤੀ, ਇਤਿਹਾਸ, ਮਿਥਿਹਾਸ, ਧਰਮ ਸਭ ਭਰਮਾਊ ਸੰਕਲਪਾਂ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦਿਆਂ ਲਿਖਦਾ ਹੈ:-

'ਉਸਦੇ ਮੋਢਿਆਂ 'ਤੇ ਸਿਰਫ਼ ਉਸਦੀ
ਬੀਵੀ ਦੀ ਲਾਸ਼ ਨਹੀਂ
ਅਣਗਿਣਤ ਲਾਸ਼ਾਂ ਨੇ
ਉਸਦੇ ਮੋਢਿਆਂ 'ਤੇ
ਇਸ ਮਹਾਨ ਦੇਸ਼ ਦੇ
ਸੱਭਿਆਚਾਰ ਦੀਆਂ
ਸੰਸਕ੍ਰਿਤੀ ਦੀਆਂ
ਮਰ ਚੁੱਕੀ ਇਨਸਾਨੀਅਤ
ਬੇਜਾਨ ਹੋਈ ਸੰਵੇਦਨਾ...
ਮੇਰੇ ਦੇਸ਼ ਦੀ ਜਨਤਾ ਤੱਕ ਰਹੀ ਉਸਨੂੰ
ਫੋਟੋਆਂ ਖਿੱਚ ਰਹੀ
ਫੇਸਬੁੱਕ 'ਤੇ ਪਾ ਰਹੀ'।

ਅਜੋਕੇ ਭੱਜ-ਦੌੜ ਵਾਲੇ ਜੀਵਨ ਪ੍ਰਬੰਧ ਨੇ ਮਨੁੱਖ ਨੂੰ ਆਪਣੇ ਆਪ ਤੋਂ, ਆਪਣੇ ਆਲੇ-ਦੁਆਲੇ ਅਤੇ ਕੁਦਰਤ ਤੋਂ ਦੂਰ ਕਰ ਦਿੱਤਾ ਹੈ। ਜਿਸ ਕਾਰਨ ਮਨੁੱਖ ਹਰ ਉਸ ਮਾਨਵੀਪੁਣੇ ਵਾਲੀ ਨਿਆਮਤ ਭਰੀ ਜੀਵਨ ਦ੍ਰਿਸ਼ਟੀ ਤੋਂ ਵਿਰਵਾ ਹੋ ਗਿਆ ਹੈ, ਜਿਸ ਦੀ ਹੋਂਦ ਇਨਸਾਨ ਦੇ ਇਨਸਾਨ ਬਣੇ ਰਹਿਣ ਲਈ ਜ਼ਰੂਰੀ ਹੈ। ਨਿਮਰਤਾ, ਤਿਆਗ ਤੇ ਸਰਬੱਤ ਦਾ ਭਲਾ ਵਰਗੀ ਸੋਚ ਦੀ ਥਾਂ ਮਨੁੱਖ ਸਵੈ ਕੇਂਦਰਿਤ ਹੋ ਗਿਆ ਹੈ। ਇਹ ਸਵੈ ਕੇਂਦਰਿਤ ਦ੍ਰਿਸ਼ਟੀ ਦਾ ਵੀ ਕੋਈ ਲਾਭ ਇਨਸਾਨ ਨੂੰ ਨਹੀਂ ਹੋਇਆ ਕਿਉਂਕਿ ਅਜਿਹਾ ਸਵੈ ਕੇਂਦਰਿਤ ਨਜ਼ਰੀਆ ਇਕ ਖੰਡਿਤ ਤੇ ਟੋਟਿਆਂ ਵਿਚ ਵੰਡੇ ਆਪੇ ਨੂੰ ਜਨਮ ਦਿੰਦਾ ਹੈ। ਅਜਿਹੇ ਖੰਡਿਤ ਆਪੇ ਤੇ ਅਸੰਵੇਦਨਸ਼ੀਲ ਬਿਰਤੀ ਦੇ ਨਤੀਜੇ ਕਿੰਨੇ ਕੁ ਭਿਆਨਕ ਹੋ ਸਕਦੇ ਹਨ। ਇਸ ਨੂੰ ਦੱਲਣ ਲਈ ਕਵੀ ਨੇ ਕਾਵਿ ਚਿੱਤਰ ਦੀ ਜੁਗਤ ਦਾ ਪ੍ਰਯੋਗ ਆਪਣੀ ਇਕ ਕਵਿਤਾ 'ਇਕ ਖੰਡਿਤ ਸ਼ਹਿਰ ਦੀ ਗਾਥਾ' ਵਿਚ ਕੀਤਾ ਗਿਆ ਹੈ। ਪੂਰੀ ਕਵਿਤਾ ਭਵਿੱਖ ਵਿਚ ਵਿਚਰਦੀ ਪਾਠਕ ਦੇ ਮਨ ਨੂੰ ਝੰਜੋੜ ਦਿੰਦੀ ਹੈ। ਸੱਤ ਦਰਿਆਵਾਂ ਦੀ ਧਰਤੀ ਪੰਜਾਬ ਦੇ ਉਜਾੜੇ ਦਾ ਇਹ ਭਵਿੱਖੀ ਕਾਵਿ ਚਿੱਤਰ ਮਨ ਨੂੰ ਅੰਦਰ ਤੱਕ ਡਰਾ ਦਿੰਦਾ ਹੈ। ਮੁੜ ਕੁਦਰਤ ਨਾਲ ਜੁੜਨ ਤੇ ਪੰਜਾਬੀ ਸੱਭਿਆਚਾਰ ਦੀਆਂ ਨਰੋਈਆਂ ਕਦਰਾਂ-ਕੀਮਤਾਂ ਨੂੰ ਮੁੜ ਜਿਉਂਦਾ ਕਰਨ ਦਾ ਲੁਪਤ ਸੰਦੇਸ਼ ਇਸ ਕਵਿਤਾ ਦਾ ਹਾਸਿਲ ਹੈ।

ਉਪਰੋਕਤ ਵਿਚਾਰ ਚਰਚਾ ਦੇ ਅਧਾਰ ਉੱਤੇ ਅਸੀਂ ਆਖ ਸਕਦੇ ਹਾਂ ਕਿ ਅਨੇਕਾਂ ਰੰਗਾਂ ਵਿਚ ਰੰਗੀ ਇਹ ਕਵਿਤਾ ਮਾਨਵਤਾ, ਇਨਸਾਨੀਅਤ ਦਾ ਸੰਦੇਸ਼ ਦਿੰਦੀ ਹੈ। ਅਮਰਜੀਤ ਕੌਂਕੇ ਦੀ ਕਵਿਤਾ ਦਾ ਇਕ ਹੋਰ ਉਘੜਵਾਂ ਪੱਖ ਇਹ ਹੈ ਕਿ ਉਹ ਆਪਣੇ ਕਾਵਿ ਜਜ਼ਬਾਤਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਣ ਵੇਲੇ ਆਪਣੀ ਵਿਦਵਤਾ ਸਥਾਪਿਤ ਕਰਨ ਦਾ ਯਤਨ ਨਹੀਂ ਕਰਦਾ, ਸਗੋਂ ਆਮ ਪਾਠਕ ਨੂੰ ਵੀ ਕਾਵਿ ਰਸ ਨਾਲ ਜੁੜਨ ਦਾ ਮੌਕਾ ਪ੍ਰਦਾਨ ਕਰਦਾ ਹੈ। ਇਹ ਉਸ ਦੀ ਕਵਿਤਾ ਦਾ ਹਾਸਿਲ ਹੈ।

ਹਵਾਲੇ:-

1. ਅਮਰਜੀਤ ਕੌਂਕੇ, 'ਇਸ ਧਰਤੀ 'ਤੇ ਰਹਿੰਦਿਆਂ', ਪ੍ਰਤੀਕ ਪ੍ਰਕਾਸ਼ਨ, ਪਟਿਆਲਾ, 2025. ਪੰਨਾ-103
2. ਉਹੀ, ਪੰਨਾ-126
3. ਨਾਹਰ ਸਿੰਘ (ਡਾ.), 'ਪੰਜਾਬ ਦੀ ਲੋਕਧਾਰਾ ਚਿੰਤਨ ਤੇ ਚੇਤਨਾ', ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2018. ਪੰਨਾ-36
4. ਅਮਰਜੀਤ ਕੌਂਕੇ, 'ਇਸ ਧਰਤੀ 'ਤੇ ਰਹਿੰਦਿਆਂ', ਉਹੀ, ਪੰਨਾ-147
5. ਗੁਰਮੀਤ ਸਿੰਘ (ਡਾ.), 'ਲੋਕਧਾਰਾ ਪਰੰਪਰਾ ਤੇ ਆਧੁਨਿਕਤਾ' ਨਾਨਕ ਸਿੰਘ ਪੁਸਤਕਮਾਲਾ ਪ੍ਰਕਾਸ਼ਕ, ਅੰਮ੍ਰਿਤਸਰ, 2006. ਪੰਨਾ-62
6. ਵਿਜੈ ਕੁਮਾਰ, 'ਹਨੇਰੇ ਸਮੇਂ ਵਿਚ ਵਿਚਾਰ'(ਹਿੰਦੀ), ਪੰਜਾਬੀ ਅਨੁ. ਇਕਬਾਲ ਸਿੰਘ ਗੋਦਾਰਾ(ਡਾ.), ਰਵੀ ਦੱਤ ਕੌਸ਼ਿਕ (ਡਾ.), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, 2016. ਪੰਨਾ-106
7. ਅਮਰਜੀਤ ਕੌਂਕੇ, 'ਇਸ ਧਰਤੀ 'ਤੇ ਰਹਿੰਦਿਆਂ', ਉਹੀ, ਪੰਨਾ-130
8. ਉਹੀ, ਪੰਨਾ-22-23.

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA

# ਦੂਜਿਆਂ ਦੇ ਕੰਮ ਆਉਣ ਦਾ ਚਾਅ



ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ ਹਨ, ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ ਹਨ। ਆਪਣੇ ਆਪ ਲਈ ਤਾਂ ਹਰ ਇਨਸਾਨ ਜੀਊਂਦਾ ਹੈ, ਪਰ ਮਹਾਨ ਮਨੁੱਖ ਉਹ ਹੁੰਦੇ ਹਨ, ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਉਨ੍ਹਾਂ ਸ਼ਹੀਦਾਂ ਦੀਆਂ ਮੜੀਆਂ 'ਤੇ ਸਦਾ ਹੀ ਮੇਲੇ ਲੱਗਦੇ ਹਨ, ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ ਸ਼ਹੀਦੀਆਂ ਪਾ ਜਾਂਦੇ ਹਨ। ਇਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ, ਨਾਂ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ ਹੈ, ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁਝ ਕਰ ਜਾਂਦੇ ਹਨ।

ਪਰ ਦੁੱਖ ਦੀ ਗੱਲ ਇਹ ਹੈ ਕਿ ਕੁਝ ਲੋਕ ਦੂਜਿਆਂ ਦੀ ਖਾਤਰ ਆਪਣਾ ਸਭ ਕੁਝ ਵਾਰ ਜਾਂਦੇ ਹਨ ਤੇ ਕੁਝ ਉਹ ਲੋਕ ਹਨ, ਜਿਹੜੇ ਆਪਣੇ ਆਪ ਲਈ ਦੂਜਿਆਂ ਦਾ ਸਭ ਕੁਝ ਨਸ਼ਟ ਕਰ ਜਾਂਦੇ ਹਨ, ਭਾਵ ਆਪਣੀ ਖੁਦਗਰਜ਼ੀ ਲਈ ਉਹ ਕੁਝ ਵੀ ਕਰ ਸਕਦੇ ਹਨ। ਦੁਨੀਆਂ ਵਿਚ ਜੋ ਕੁਝ ਵੀ ਮਾੜਾ ਜਾਂ ਚੰਗਾ ਹੋਇਆ ਹੈ, ਜੋ ਹੋ ਰਿਹਾ ਹੈ ਅਤੇ ਜਾਂ ਹੋਵੇਗਾ, ਉਹ ਚੰਗੇ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਅੱਜ ਦੁਨੀਆਂ ਵਿਚ ਜੋ ਕੁਝ ਵੀ ਚੰਗਾ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜੋ ਮਾੜਾ ਹੈ ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਜਿਵੇਂ ਸਮਾਜ ਵਿਚ ਸੱਚ, ਇਨਸਾਫ, ਆਜ਼ਾਦੀ, ਖੁਸ਼ਹਾਲੀ, ਅਮਨ ਹੈ, ਤਾਂ ਇਹ ਸਭ ਕੁਝ ਚੰਗੇ ਬੰਦਿਆਂ ਕਰਕੇ ਹੀ ਹੈ। ਜਿਨ੍ਹਾਂ ਲੋਕਾਂ ਨੂੰ ਅਸੀਂ ਮਾਨਵਵਾਦੀ ਤੇ ਨੈਤਿਕਤਾਵਾਦੀ, ਭਾਵ ਪਰਉਪਕਾਰੀ ਆਖਦੇ ਹਾਂ। ਇਸਦੇ ਉਲਟ ਜੋ ਕੁਝ ਵੀ ਸਮਾਜ ਵਿਚ ਮਾੜਾ ਵਾਪਰ ਰਿਹਾ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੈ। ਜਿਵੇਂ ਕਤਲੋਗਾਰਤ, ਲੁੱਟ-ਖਸੁੱਟ, ਬਲਾਤਕਾਰ, ਭ੍ਰਿਸ਼ਟਾਚਾਰ, ਬੇਈਮਾਨੀ, ਬਦਅਮਨੀ। ਇਹ ਸਭ ਕੁਝ ਆਰੰਭ ਤੋਂ ਹੀ ਬਦੀ-ਨੇਕੀ ਦੀ ਲੜਾਈ ਚਲਦੀ ਆ ਰਹੀ ਹੈ। ਜੇਕਰ ਇਸ ਸੰਸਾਰ ਵਿਚ ਮਾੜੇ ਬੰਦੇ ਨਾ ਹੁੰਦੇ ਅਤੇ ਚੰਗੇ ਬੰਦੇ ਹੀ ਹੁੰਦੇ, ਤਾਂ ਅੱਜ ਦੀ ਦੁਨੀਆਂ ਕੁਝ ਹੋਰ ਹੀ ਹੁੰਦੀ, ਭਾਵ ਇਹ ਦੁਨੀਆਂ ਸਵਰਗ ਹੁੰਦੀ, ਜਿਸ ਵਿਚ ਹਰ ਇੱਕ ਨੂੰ ਕੁੱਲੀ, ਗੱਲੀ ਤੇ ਜੁੱਲੀ, ਇਨਸਾਨ ਆਜ਼ਾਦੀ, ਬਰਾਬਰਤਾ, ਸਾਂਝੀਵਾਲਤਾ, ਅਮਨ, ਸ਼ਾਂਤੀ ਤੇ ਖੁਸ਼ਹਾਲੀ ਪ੍ਰਾਪਤ ਹੁੰਦੀ ਪਰ ਅਜਿਹਾ ਹੋਣਾ ਸੌਖੀ ਗੱਲ ਨਹੀਂ ਹੈ, ਭਾਵ ਇੱਕ ਮਨੁੱਖ ਪੂਰਨ ਮਨੁੱਖ ਹੋਣਾ ਬਹੁਤ ਔਖਾ ਹੈ।



ਗੁਰਬਾਣੀ ਵਿਚ ਵੀ ਮਨੁੱਖਾਂ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਗਈਆਂ ਹਨ, ਜਿਵੇਂ ਮਨਮੁਖ ਤੇ ਗੁਰਮੁਖਿ, ਭਾਵ ਕਿਰਦਾਰ ਪੱਖੋਂ ਚੰਗੇ ਤੇ ਮਾੜੇ ਮਨੁੱਖ, ਜਿਨ੍ਹਾਂ ਦਾ ਸੰਬੰਧ ਬਦੀ ਤੇ ਨੇਕੀ ਨਾਲ ਹੈ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ Evel ਤੇ Good ਆਖਦੇ ਹਾਂ। ਹੁਣ ਜੇਕਰ ਮਾੜਿਆਂ ਬੰਦਿਆਂ ਭਾਵ ਮਨਮੁਖਾਂ ਦੀ ਲਿਸਟ ਬਣਾਈ ਜਾਵੇ, ਤਾਂ ਇਸ ਵਿਚ ਮੁੱਖ ਤੌਰ 'ਤੇ ਇਹ ਹਨ - ਮੂਰਖ, ਅਗਿਆਨੀ, ਖੁਦਗਰਜ਼, ਈਰਖਾਵਾਦੀ, ਅਹੰਕਾਰੀ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਅਤੇ ਅਕ੍ਰਿਤਘਣ।

ਹਜ਼ਾਰਾਂ ਸਾਲ ਰੋਤੀ ਹੈ ਨਰਗਿਸ ਅਪਨੀ ਬੇਨੂਰੀ ਪੇ

ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਗੁਰਬਾਣੀ ਵਿਚ ਵੀ ਮਨੁੱਖਾਂ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਗਈਆਂ ਹਨ, ਜਿਵੇਂ ਮਨਮੁਖ ਤੇ ਗੁਰਮੁਖਿ, ਭਾਵ ਕਿਰਦਾਰ ਪੱਖੋਂ ਚੰਗੇ ਤੇ ਮਾੜੇ ਮਨੁੱਖ, ਜਿਨ੍ਹਾਂ ਦਾ ਸੰਬੰਧ ਬਦੀ ਤੇ ਨੇਕੀ ਨਾਲ ਹੈ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ Evel ਤੇ Good ਆਖਦੇ ਹਾਂ। ਹੁਣ ਜੇਕਰ ਮਾੜਿਆਂ ਬੰਦਿਆਂ ਭਾਵ ਮਨਮੁਖਾਂ ਦੀ ਲਿਸਟ ਬਣਾਈ ਜਾਵੇ, ਤਾਂ ਇਸ ਵਿਚ ਮੁੱਖ ਤੌਰ 'ਤੇ ਇਹ ਹਨ - ਮੂਰਖ, ਅਗਿਆਨੀ, ਖੁਦਗਰਜ਼, ਈਰਖਾਵਾਦੀ, ਅਹੰਕਾਰੀ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਅਤੇ ਅਕ੍ਰਿਤਘਣ।

ਇਨ੍ਹਾਂ ਵਿਚੋਂ ਮੂਰਖ ਅਗਿਆਨੀ ਤੇ ਬੇਸਮਝ ਮਨੁੱਖਾਂ ਨੇ ਮਨੁੱਖੀ ਘਾਣ ਇੰਨਾ ਨਹੀਂ ਕੀਤਾ, ਜਿਨ੍ਹਾਂ ਖੁਦਗਰਜ਼ ਭਾਵ ਸਵਾਰਥੀ ਤੇ ਪਾਖੰਡੀਆਂ ਨੇ ਕੀਤਾ ਹੈ। ਮਾੜਾ ਆਦਮੀ ਸਿੱਧਾ ਮਨੁੱਖ ਨੂੰ ਹਾਨੀ ਪਹੁੰਚਾਉਂਦਾ ਹੈ ਅਤੇ ਉਸਦਾ ਪਤਾ ਹੁੰਦਾ ਹੈ ਕਿ ਉਹ ਬੁਰਾ ਹੀ ਹੈ, ਉਸ ਉਪਰ ਆਦਮੀ ਵਿਸ਼ਵਾਸ ਨਹੀਂ ਕਰਦਾ। ਪਾਖੰਡੀ, ਅਖੌਤੀ ਤੇ ਭੇਖੀ ਮਨੁੱਖ ਲੁੱਕ ਕੇ ਸਮਾਜ ਨੂੰ ਹਾਨੀ ਪਹੁੰਚਾਉਂਦਾ ਹੈ। ਉਹ ਸ਼ਕਲ ਮੋਮਨਾ ਤੇ ਕਰਤੂਤਿ ਕਾਫਰਾਂ ਹੁੰਦਾ ਹੈ। ਇਹ ਲੋਕ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਇਹ ਲੋਕ ਮੂੰਹ ਦੇ ਮਿੱਠੇ ਤੇ ਦਿਲ ਦੇ ਮਾੜੇ ਹੁੰਦੇ ਹਨ। ਇਸੇ ਤਰ੍ਹਾਂ ਹੀ ਅਹੰਕਾਰੀ ਤੇ ਈਰਖਾਵਾਦੀ ਲੋਕ ਵੀ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਅਹੰਕਾਰੀ ਮਨੁੱਖ ਸਮਾਜ ਵਿਚ ਘ੍ਰਿਣਾ ਤੇ ਬਦਅਮਨੀ ਉਤਪੰਨ ਕਰਦੇ ਹਨ, ਜਿਸ ਵਿਚੋਂ ਈਰਖਾ ਦਾ ਜਨਮ ਹੁੰਦਾ ਹੈ ਅਤੇ ਕਈ ਵਾਰੀ ਈਰਖਾ ਦੂਜੇ ਦੀ ਚੰਗਿਆਈ ਨੂੰ ਦੇਖਦੇ ਹੀ ਉਤਪੰਨ ਹੁੰਦੀ ਹੈ ਪਰ ਈਰਖਾ ਕਿਸੇ ਪ੍ਰਕਾਰ ਦੀ ਵੀ ਹੋਵੇ, ਬਹੁਤ ਭੈੜੀ ਹੈ। ਈਰਖਾਵਾਦੀ ਮਨੁੱਖ ਦੂਜੇ ਨੂੰ ਮਾੜਾ ਬਣਾਉਣ ਲਈ ਤੇ ਆਪ ਚੰਗਾ ਬਣਨ ਲਈ ਪਤਾ ਨਹੀਂ ਕੀ-ਕੀ ਪਾਪੜ ਵੇਲਦਾ ਹੈ।

ਇਸੇ ਤਰ੍ਹਾਂ ਹੀ ਦੁਸ਼ਟ ਤੇ ਪਾਪੀ ਲੋਕਾਂ ਨਾਲ ਵੀ ਇਤਿਹਾਸ ਭਰਿਆ ਪਿਆ ਹੈ, ਜਿਵੇਂ ਦੁਸ਼ਟ ਪਾਪੀ ਔਰੰਗਜ਼ੇਬ, ਚੰਗੇਜ਼ ਤੇ ਹਿਟਲਰ ਆਦਿ। ਵਰਤਮਾਨ ਸਮੇਂ ਵਿਚ ਭਾਰਤ ਦੀ 1947 ਦੀ ਵੰਡ, 1984 ਦਾ ਸਿੱਖਾਂ ਦਾ ਘੱਲੂਘਾਰਾ ਅਤੇ ਗੁਜਰਾਤ ਦਾ ਕਾਂਡ ਆਦਿ ਦੁਸ਼ਟ ਪਾਪੀ ਲੋਕਾਂ ਦੀ ਹੀ ਦੇਣ ਹੈ।

ਮਹਾਰਾਜਾ ਰਣਜੀਤ ਸਿੰਘ ਵਰਗੀ ਵਿਲੱਖਣ ਸ਼ਖਸੀਅਤ ਨੂੰ ਵੀ ਇਨ੍ਹਾਂ ਖੁਦਗਰਜ਼, ਗੱਦਾਰ ਤੇ ਪੱਥਰ ਦਿਲ ਲੋਕਾਂ ਨੇ ਨਹੀਂ ਬਖਸ਼ਿਆ ਅਤੇ ਸਿੱਖ ਰਾਜ ਦੇ ਪਤਨ ਦਾ ਕਾਰਣ ਵੀ ਅਜਿਹੇ ਲੋਕ ਸਿੱਧ ਹੋਏ। ਅਜਿਹੇ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਕਰਤੂਤਿ ਪਸੂ ਕੀ ਮਾਨਸ ਜਾਤਿ ਆਖਿਆ ਹੈ। ਖੁਦਗਰਜ਼ ਆਦਮੀਆਂ ਬਾਰੇ ਇੱਕ ਘਟਨਾ ਜਰਮਨੀ ਵਿਚ ਹਿਟਲਰ ਵੇਲੇ ਦੀ ਬੜੀ ਪ੍ਰਸਿੱਧ ਹੈ। ਜਦੋਂ ਹਿਟਲਰ ਲੋਕਾਂ ਤੇ ਅਕਹਿ ਤੇ ਅਸਹਿ ਅੱਤਿਆਚਾਰ ਕਰ ਰਿਹਾ ਸੀ, ਤਾਂ ਇਹ ਘਟਨਾਂ ਇੱਕ ਗਿਰਜਾਘਰ ਪਾਦਰੀ ਦੀ ਹੈ। ਹਿਟਲਰ ਨੇ ਯਹੂਦੀਆਂ 'ਤੇ ਅੱਤਿਆਚਾਰ ਕੀਤੇ। ਪਾਦਰੀ ਕਹਿਣ ਲੱਗਾ ਕਿ ਮੈਂ ਕਿਹੜਾ ਯਹੂਦੀ ਹਾਂ, ਮੈਨੂੰ ਕੀ ਹੈ? ਫਿਰ ਟਰੇਡ ਯੂਨੀਅਨਜ਼ ਨਾਲ ਵੀ ਅਜਿਹਾ ਹੋਇਆ। ਪਾਦਰੀ ਫਿਰ ਵੀ ਚੁੱਪ ਰਿਹਾ। ਫਿਰ ਕਮਿਊਨਿਸਟਾਂ 'ਤੇ ਅੱਤਿਆਚਾਰ ਹੋਏ ਅਤੇ ਪਾਦਰੀ ਦਾ ਕਹਿਣਾ ਸੀ ਕਿ ਮੈਂ ਕਿਹੜਾ ਕਮਿਊਨਿਸਟ ਹਾਂ, ਮੈਨੂੰ ਕੀ? ਸੋ ਮੈਨੂੰ ਕੀ ਗੱਲ ਬਹੁਤ ਭੈੜੀ ਹੈ। ਇਹ ਆਮ ਜ਼ਿੰਦਗੀ ਵਿਚ ਵੀ ਸੁਣਨ ਨੂੰ ਆਉਂਦੀ ਹੈ ਕਿ ਸਾਨੂੰ ਕੀ? ਇਹ ਇਸ ਤਰ੍ਹਾਂ ਦੀ ਜਿਵੇਂ ਘਰ ਲੱਗੇ ਤਾਂ ਅੱਗ, ਬਾਹਰ ਲੱਗੇ ਤਾਂ ਬਸੰਤਰ। ਇਹ ਲੋਕ ਜਦੋਂ ਜ਼ੁਲਮ ਹੁੰਦਾ ਹੈ, ਤਾਂ ਸ਼ੁਗਲ ਸਮਝਦੇ ਹਨ, ਪਰ ਜਦੋਂ ਆਪਣੀ ਵਾਰੀ ਆਉਂਦੀ ਹੈ, ਤਾਂ ਫਿਰ ਪਤਾ ਲੱਗਦਾ ਹੈ। ਇਸੇ ਤਰ੍ਹਾਂ ਇਸ ਪਾਦਰੀ ਨਾਲ ਹੋਈ। ਜਦੋਂ ਉਸ ਦੀ ਵਾਰੀ ਆਈ, ਤਾਂ ਉਸਦਾ ਕੋਈ ਵੀ ਨਹੀਂ ਰਿਹਾ ਸੀ, ਉਸ ਨੂੰ ਬਚਾਉਣ ਲਈ।

ਇਸ ਲਈ ਮਨੁੱਖ ਨੂੰ ਸੁਆਰਥੀ ਨਹੀਂ ਹੋਣਾ ਚਾਹੀਦਾ, ਸਗੋਂ ਹਮਦਰਦ, ਦਿਆਲੂ, ਕ੍ਰਿਪਾਲੂ, ਪਰਉਪਕਾਰੀ ਭਾਵ ਮਾਨਵਵਾਦੀ ਤੇ ਨੈਤਿਕਤਾਵਾਦੀ ਹੋਣਾ ਚਾਹੀਦਾ ਹੈ। Be humanitarian, ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ ਚਾਹੀਦਾ ਹੈ। ਜਿੰਨੀ ਵੀ ਅਸੀਂ ਦੂਜਿਆਂ ਦੀ ਸਹਾਇਤਾ ਕਰ ਸਕਦੇ ਹਾਂ, ਕਰੀਏ। ਆਪਣੇ ਲਈ ਘੱਟ, ਦੂਜਿਆਂ ਲਈ ਜ਼ਿਆਦਾ ਜਿਊਣਾ ਸਿੱਖੋ। ਕੋਈ ਮਨੁੱਖ ਕਿਵੇਂ ਮਰਿਆ, ਪ੍ਰਸ਼ਨ ਇਹ ਨਹੀਂ, ਪ੍ਰਸ਼ਨ ਇਹ ਹੈ ਕਿ ਕੋਈ ਮਨੁੱਖ ਜੀਵਿਆ ਕਿਵੇਂ ਹੈ? ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

"ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ ॥"

ਗਲਤ ਕੰਮ ਨਾ ਕਰੋ, ਕਿਸੇ ਦਾ ਬੁਰਾ ਨਾ ਕਰੋ, ਕਿਸੇ ਦਾ ਦਿਲ ਨਾ ਦੁਖਾਓ, ਕਿਸੇ ਨਾਲ ਧੋਖਾ ਨਾ ਕਰੋ, ਭੈੜੀ ਸੰਗਤ ਨਾ ਕਰੋ, ਅਹੰਕਾਰ ਤੇ ਈਰਖਾ ਦਾ ਤਿਆਗ ਕਰੋ। ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ ਦੇ ਧਾਰਨੀ ਬਣੋ। ਕਿਸੇ ਦੀ ਇੱਛਾ ਅਤੇ ਸ਼ਾਨ ਦੇ ਵਿਰੁੱਧ ਕੋਈ ਗੱਲ ਨਾ ਕਰੋ।

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥"

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥"

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥"

"ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥"

ਮਨੁੱਖ ਨੂੰ ਬੁਰੇ ਕੰਮਾਂ ਤੋਂ ਬਚਣ ਲਈ ਰੱਬ ਦਾ ਡਰ, ਸਮਾਜ ਦੀ ਸ਼ਰਮ, ਇੱਜ਼ਤ ਤੇ ਅਣਖ ਦਾ ਖਿਆਲ ਰੱਖਣਾ ਚਾਹੀਦਾ ਹੈ।

# ਪਛਤਾਵਾ ਜ਼ਿੰਦਗੀ ਦਾ

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA





ਪਛਤਾਵਾ ਸ਼ਬਦ ਜਦ ਸਾਡੇ ਦਿਮਾਗ 'ਤੇ ਆ ਕੇ ਤੈਰਨ ਲੱਗ ਜਾਵੇ, ਤਾਂ ਅਸੀਂ ਬਹੁਤ ਵਾਰ ਸੋਚਦੇ ਹਾਂ ਕਿ ਇਹ ਪਛਤਾਵਾ ਸ਼ਬਦ ਸਾਡੇ ਦਿਲ ਦਿਮਾਗ 'ਤੇ ਇੰਨਾ ਕਿਉਂ ਚੜ੍ਹ ਕੇ ਬੋਲਦਾ ਹੈ। ਜੇਕਰ ਪਛਤਾਵੇ ਦੀ ਵਿਆਖਿਆ ਕਰਨੀ ਹੋਵੇ, ਤਾਂ ਸ਼ਾਇਦ ਬਹੁਤ ਲੰਬਾ ਸਮਾਂ ਲੱਗ ਜਾਵੇ ਕਿ ਪਛਤਾਵਾ ਅਸਲ ਵਿਚ ਹੈ ਕੀ। ਜੇਕਰ ਪਛਤਾਵੇ ਨੂੰ ਅਸਲ ਢੰਗ ਦੇ ਨਾਲ ਮਾਪਣਾ ਹੋਵੇ, ਤਾਂ ਸ਼ਾਇਦ ਕਿੰਨਾ ਸਮਾਂ ਲੱਗ ਜਾਵੇ ਜਾਂ ਕਿੰਨੇ ਸਫੇ ਭਰ ਜਾਣ। ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਨੇ ਪਛਤਾਵੇ ਦੀ ਵਿਆਖਿਆ ਕੀਤੀ ਹੈ ਪਰ ਪਛਤਾਵਾ ਆਪਣੇ ਆਪ ਦੇ ਅੰਦਰ ਇੱਕ ਐਸਾ ਸ਼ਬਦ ਹੈ, ਜੋ ਸਾਨੂੰ ਸਦੀਆਂ ਤੱਕ ਯਾਦ ਰਹਿੰਦਾ। ਕੁੱਲ ਮਿਲਾ ਕੇ ਦੁਨਿਆਵੀ ਖੇਤਰ ਦੇ ਅੰਦਰ ਕਿਸੇ ਨਾ ਕਿਸੇ ਇਨਸਾਨ ਨੂੰ ਹਰ ਮੋੜ 'ਤੇ ਆ ਕੇ ਪਛਤਾਵੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਹਰ ਇੱਕ ਦੀ ਆਪੋ ਆਪਣੀ ਸੋਚ ਹੈ ਕਿ ਉਸ ਨੇ ਪਛਤਾਵਾ ਸ਼ਬਦ ਨੂੰ ਕਿਵੇਂ ਸੋਚਣਾ ਤੇ ਕਿਵੇਂ ਮਾਪਣਾ ਹੈ। ਕਈ ਇਨਸਾਨ ਪਛਤਾਵਾ ਬਹੁਤ ਜ਼ਿਆਦਾ ਕਰਦੇ ਹਨ ਪਰ ਕਈ ਇਨਸਾਨ ਪਛਤਾਵੇ ਨੂੰ ਆਮ ਗੱਲ ਮੰਨਦੇ ਹਨ ਅਤੇ ਉਹ ਪਛਤਾਵਾ ਕਰਦੇ ਹੀ ਨਹੀਂ।

ਬਹੁਤ ਸਾਰੇ ਇਨਸਾਨ ਜ਼ਿੰਦਗੀ ਅੰਦਰ ਅਜਿਹੇ ਹਨ, ਜਿਨ੍ਹਾਂ ਨੇ ਪਛਤਾਵਾ ਸ਼ਬਦ ਭੋਗਿਆ ਤੇ ਵੇਖਿਆ ਹੈ ਅਤੇ ਕਈ ਇਨਸਾਨ ਅਜਿਹੇ ਹਨ, ਜੋ ਪਛਤਾਵੇ ਨੂੰ ਮੰਨਣ ਤੋਂ ਇਨਕਾਰੀ ਹਨ। ਜਿਵੇਂ ਅਸੀਂ ਉੱਪਰ ਲਿਖਿਆ ਹੈ ਕਿ ਪਛਤਾਵੇ ਦੇ ਮਾਮਲੇ 'ਤੇ ਸਭ ਦੀ ਸੋਚ ਵੱਖੋ-ਵੱਖਰੀ ਹੈ। ਇਹ ਵੀ ਸੱਚ ਹੈ ਕਿ ਬਹੁਤ ਸਾਰੇ ਇਨਸਾਨਾਂ ਨੂੰ ਆਪਦੀ ਜ਼ਿੰਦਗੀ ਦੇ ਅੰਦਰ ਕਿਸੇ ਨਾ ਕਿਸੇ ਮੋੜ 'ਤੇ ਆ ਕੇ ਪਛਤਾਵੇ ਦਾ ਅਜਿਹਾ ਸਾਹਮਣਾ ਕਰਨਾ ਪੈਂਦਾ ਹੈ ਕਿ ਉਹ ਤੜਫ ਉਠਦਾ ਹੈ। ਉਸ ਨੂੰ ਕਿਸੇ ਸੱਜਣ ਵੱਲੋਂ ਦਿੱਤੇ ਧੋਖੇ ਸਦਕਾ ਪਛਤਾਵਾ ਕਰਨਾ ਪੈਂਦਾ ਹੈ ਜਾਂ ਜਿੰਦਗੀ ਦੇ ਅੰਦਰ ਆਪਣੇ ਦੋਸਤ ਮਿੱਤਰ ਵੱਲੋਂ ਦਿੱਤੇ ਧੋਖੇ ਦੇ ਸਦਕਾ ਪਛਤਾਵੇ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਵਾਰ ਕਿਸੇ ਵੀ ਇਨਸਾਨ ਦੇ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਉਹ ਜ਼ਿੰਦਗੀ ਤੋਂ ਤੰਗ ਆ ਕੇ ਪਛਤਾਵਾ ਸ਼ਬਦ ਦੇ ਲੜ ਲੱਗ ਕੇ ਆਪਣੀ ਜਿੰਦਗੀ ਅੰਦਰ ਉਹ ਕੁਝ ਕਰ ਬੈਠਦਾ ਹੈ, ਜੋ ਹਰ ਕਿਸੇ ਨੂੰ ਮਨਜ਼ੂਰ ਨਹੀਂ ਹੁੰਦਾ। ਪਛਤਾਵਾ ਸ਼ਬਦ ਇੱਕ ਅਜਿਹਾ ਸ਼ਬਦ ਹੈ, ਜੋ ਕਹਿਣ ਨੂੰ ਭਾਵੇਂ ਚਾਰ ਅੱਖਰਾਂ ਦਾ ਹੈ ਪਰ ਉਸਦੇ ਅਰਥ ਬਹੁਤ ਵੱਡੇ ਹਨ।

ਅਜੋਕੇ ਸਮੇਂ ਅੰਦਰ ਦੁਨੀਆਂ ਬਹੁਤ ਬਹੁਰੰਗੀ ਹੈ। ਬਹੁਤ ਲੋਕ ਜ਼ਿੰਦਗੀ ਦੇ ਅੰਦਰ ਘੱਟ ਹਨ, ਜੋ ਤੁਹਾਡਾ ਦੁੱਖ ਸੁਣਦੇ ਹਨ ਤੇ ਤੁਹਾਨੂੰ ਆਪਣਾ ਮੰਨਦੇ ਹਨ। ਨਹੀਂ ਤਾਂ ਇੱਥੇ ਸਾਰਿਆਂ ਨੂੰ ਆਪੋ-ਆਪਣਾ ਦੁੱਖ ਸਤਾ ਰਿਹਾ ਹੈ। ਬਹੁਤ ਸਾਰੇ ਸੱਜਣ ਅਜਿਹੇ ਹਨ, ਜਿਨ੍ਹਾਂ ਨੂੰ ਜ਼ਿੰਦਗੀ ਅੰਦਰ ਮਾਂ-ਪਿਓ ਵੱਲੋਂ ਦੁੱਖ ਦਿੱਤਾ ਜਾਂਦਾ ਹੈ। ਭਾਵੇਂ ਕਿ ਮਾਂ-ਪਿਓ ਕੋਈ ਵੀ ਚਾਹ ਕੇ ਆਪਣੇ ਪੁੱਤਰ ਨੂੰ ਦੁੱਖ ਨਹੀਂ ਦਿੰਦਾ ਪਰ ਹਾਲਾਤ ਹੀ ਇਦਾਂ ਦੇ ਬਣ ਜਾਂਦੇ ਹਨ ਕਿ ਕੋਈ ਵੀ ਪੁੱਤਰ ਆਪਣੇ ਮਾਂ-ਪਿਓ ਤੋਂ ਇਨਕਾਰੀ ਨਹੀਂ ਹੋਣਾ ਚਾਹੁੰਦਾ ਪਰ ਹਾਲਾਤ ਅਜਿਹੇ ਬਣਾ ਦਿੰਦੇ ਹਨ ਕਿ ਇਹ ਬਹੁਤ ਵੱਡੇ ਪੱਧਰ 'ਤੇ ਸਾਡੀ ਦੁਨੀਆਂ ਅੰਦਰ ਵਾਪਰ ਰਿਹਾ ਹੈ ਕਿ ਪੁੱਤ ਪਿਓ ਤੋਂ ਦੁਖੀ ਹੈ ਜਾਂ ਪਿਓ ਪੁੱਤ ਤੋਂ ਦੁਖੀ ਹੈ। ਰਿਸ਼ਤੇ ਨਾਤੇ ਟੁੱਟ ਰਹੇ ਹਨ। ਦੋਸਤ ਦੀਆਂ ਮਿੱਤਰਤਾਵਾਂ ਖਤਮ ਹੋ ਰਹੀਆਂ ਹਨ ਅਤੇ ਰਿਸ਼ਤੇ ਤੜਾਕ ਤੜਾਕ ਕਰਕੇ ਟੁੱਟ ਰਹੇ ਹਨ। ਪਿਛਲੇ ਸਮੇਂ ਤੋਂ ਇਹ ਵੀ ਵੇਖਣ ਵਿਚ ਆਇਆ ਹੈ ਕਿ ਪਤੀ ਪਤਨੀ ਦੇ ਰਿਸ਼ਤੇ ਵਿਚ ਵੀ ਬਹੁਤ ਵੱਡੀ ਖੜੋਤ ਆ ਰਹੀ ਹੈ। ਮਾਪੇ ਬੱਚਿਆਂ ਦਾ ਦੁੱਖ ਦੇਖ ਕੇ ਪਛਤਾ ਰਹੇ ਹਨ ਤੇ ਬੱਚੇ ਮਾਪਿਆਂ ਦਾ ਦੁੱਖ ਦੇਖ ਕੇ ਝੂਰ ਰਹੇ ਹਨ ।

ਪਤੀ ਪਤਨੀ ਦੇ ਰਿਸ਼ਤੇ ਵਿਚ ਆ ਰਹੀ ਤਰੇੜ ਨੇ ਬਹੁਤ ਸਾਰੇ ਘਰਾਂ ਨੂੰ ਬਰਬਾਦੀ ਦੇ ਆਲਮ 'ਤੇ ਖੜ੍ਹਾ ਕਰ ਦਿੱਤਾ ਹੈ। ਕਈ ਸੱਜਣ ਆਪਣੇ ਹੀ ਪਰਿਵਾਰ ਤੋਂ ਇੰਨਾ ਦੁਖੀ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਵੀ ਜ਼ਿੰਦਗੀ ਅੰਦਰ ਪਛਤਾਵੇ ਤੋਂ ਬਿਨਾਂ ਕੁਝ ਵੀ ਪੱਲੇ ਨਹੀਂ ਰਹਿੰਦਾ। ਇਸ ਰਿਸ਼ਤੇ ਦੇ ਵਿਚ ਦੋਵਾਂ ਜੀਆਂ ਨੂੰ ਅਦਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਗਲਤੀ ਕਿਸੇ ਦੀ ਹੋਵੇ, ਭੋਗਣੀ ਪੈਂਦੀ ਹੈ ਸਾਰਿਆਂ ਨੂੰ, ਇਹ ਵੀ ਸੱਚ ਹੈ। ਬਹੁਤ ਬਾਰ ਪਰਿਵਾਰ ਦਾ ਇੱਕ ਜੀਅ ਕਿਸੇ ਦੂਜੇ ਵਿਅਕਤੀ ਦੇ ਧੱਕੇ ਚੜ੍ਹ ਕੇ ਆਪਣੀ ਜ਼ਿੰਦਗੀ ਤਬਾਹ ਕਰਨ ਦਾ ਰਸਤਾ ਚੁਣ ਲੈਂਦਾ ਹੈ। ਉਹ ਬਹੁਤ ਮੰਦਭਾਗੀ ਗੱਲ ਹੈ। ਆਪਣੇ ਹੱਸਦੇ-ਵਸਦੇ ਪਰਿਵਾਰ ਨੂੰ ਛੱਡ ਕੇ ਕਿਸੇ ਦੂਸਰੇ ਵਿਅਕਤੀ ਦੇ ਕਹੇ ਲੱਗ ਕੇ ਆਪਣੇ ਪਰਿਵਾਰ ਨੂੰ ਖਤਮ ਕਰ ਲੈਣਾ, ਤੋੜ ਲੈਣਾ, ਵਿਛੋੜਾ ਪਾ ਲੈਣਾ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦਾ। ਕੋਈ ਵੀ ਗੱਲ ਬੈਠ ਕੇ ਹੱਲ ਕੀਤੀ ਜਾ ਸਕਦੀ ਹੈ। ਆਮ ਤੌਰ 'ਤੇ ਭਾਵੇਂ ਅਜਿਹੀਆਂ ਘਟਨਾਵਾਂ ਸਾਡੇ ਸਮਾਜ ਅੰਦਰ ਵਾਪਰਦੀਆਂ ਰਹਿੰਦੀਆਂ ਹਨ ਪਰ ਇਹ ਸਾਡੇ ਮੱਥੇ 'ਤੇ ਕਲੰਕ ਹਨ।

ਇਨ੍ਹਾਂ ਘਟਨਾਵਾਂ ਦੇ ਵਾਪਰਨ ਤੋਂ ਬਾਅਦ ਕਿਸੇ ਵੀ ਇਨਸਾਨ ਲਈ ਫੇਰ ਸ਼ੁਰੂ ਹੁੰਦੀ ਹੈ ਨਮੋਸ਼ੀ ਭਰੀ ਦਾਸਤਾਨ, ਜਿਸ ਦੀ ਬਦੌਲਤ ਅਦਾਲਤਾਂ ਦੇ ਵਿਚ ਜਾ ਕੇ ਕਿਸੇ ਵੀ ਇਨਸਾਨ ਦਾ ਦਮ ਘੁੱਟ ਜਾਂਦਾ ਹੈ। ਉਸ ਦਾ ਖਰਚਾ ਹੁੰਦਾ ਹੈ, ਦੋਵਾਂ ਧਿਰਾਂ ਦੇ ਰੁਪਈਏ ਲੱਗਦੇ ਹਨ ਅਤੇ ਪਰਿਵਾਰ ਕੰਗਾਲੀ ਤੱਕ ਪਹੁੰਚ ਜਾਂਦਾ ਹੈ। ਇਹ ਸਿਲਸਿਲਾ ਪਿਛਲੇ ਲੰਬੇ ਸਮੇਂ ਤੋਂ ਸਾਡੇ ਸਮਾਜ ਦੇ ਅੰਦਰ ਚੱਲ ਰਿਹਾ ਹੈ। ਜਦੋਂ ਅਸੀਂ ਕਿਸੇ ਦੂਜੇ ਵਿਅਕਤੀ ਦੇ ਲੜ ਲੱਗ ਕੇ ਆਪਣੇ ਪਰਿਵਾਰ ਨੂੰ ਖਰਾਬ ਕਰਦੇ ਹਾਂ, ਤਾਂ ਫਿਰ ਉਸਦਾ ਸੰਤਾਪ ਸਾਨੂੰ ਭੋਗਣਾ ਪੈਂਦਾ ਹੈ। ਇਹ ਸੱਚੀ ਗੱਲ ਹੈ ਕਿ ਇਨਸਾਨ ਤੋਂ ਗਲਤੀਆਂ ਹੋ ਜਾਂਦੀਆਂ ਹਨ। ਉਨ੍ਹਾਂ ਨੂੰ ਬੈਠ ਕੇ ਹੱਲ ਕਰ ਲੈਣਾ ਹੀ ਮਨੁੱਖਤਾ ਦੀ ਨਿਸ਼ਾਨੀ ਹੈ, ਨਹੀਂ ਤਾਂ ਸਮਾਂ ਸਾਨੂੰ ਮਾਫ ਨਹੀਂ ਕਰਦਾ। ਬਹੁਤ ਸਾਰੇ ਇਨਸਾਨ ਨਸ਼ੇ ਦੀ ਲੱਤ ਤੋਂ ਪਰੇਸ਼ਾਨ ਹੋ ਕੇ ਪਛਤਾਵਾ ਕਰਦੇ ਹਨ। ਅਸੀਂ ਆਮ ਤੌਰ 'ਤੇ ਸਮਾਜ ਦੇ ਅੰਦਰ ਵੇਖਦੇ ਹਾਂ ਕਿ ਬਹੁਤ ਘਟਨਾਵਾਂ ਸਾਨੂੰ ਨਮੋਸ਼ੀ ਦਾ ਸਾਹਮਣਾ ਕਰਵਾਉਂਦੀਆਂ ਹਨ, ਸਾਡੇ ਪਰਿਵਾਰਾਂ ਨੂੰ ਬੇਇੱਜ਼ਤੀ ਮਹਿਸੂਸ ਹੁੰਦੀ ਹੈ ਪਰ ਅਸੀਂ ਕਦੇ ਵੀ ਇਨ੍ਹਾਂ ਗੱਲਾਂ 'ਤੇ ਧਿਆਨ ਨਹੀਂ ਦਿੰਦੇ।

ਅਸੀਂ ਕਦੇ ਸੋਚਿਆ ਹੈ ਕਿ ਜਦ ਅਸੀਂ ਕਿਸੇ ਵੀ ਅਜਿਹੇ ਰਾਹ 'ਤੇ ਤੁਰਦੇ ਹਾਂ, ਜੋ ਬਰਬਾਦੀ ਦਾ ਸਾਹਮਣਾ ਕਰਦਾ ਹੈ, ਤਾਂ ਫਿਰ ਉਸ ਤੋਂ ਬਾਅਦ ਸਾਡੇ ਮਾਂ-ਪਿਓ, ਸਾਡੇ ਪਰਿਵਾਰ ਦੇ ਮੈਂਬਰ ਅਤੇ ਸਾਡੇ ਬੱਚਿਆਂ ਦਾ ਕੀ ਹਾਲ ਹੁੰਦਾ ਹੈ, ਕਹਿਣ ਦੀ ਲੋੜ ਨਹੀਂ। ਇਹ ਬੇਹੱਦ ਦਰਦ ਭਰੀ ਦਾਸਤਾਨ ਹੈ, ਜੋ ਬਹੁਤ ਸਾਰੇ ਇਨਸਾਨਾਂ ਨੂੰ ਤੋੜ ਦਿੰਦੀ ਹੈ ਪਰ ਕਈ ਇਨਸਾਨ ਅਜਿਹੇ ਵੀ ਹਨ, ਜੋ ਆਪਣੇ ਦ੍ਰਿੜ੍ਹ ਇਰਾਦਿਆਂ ਸਦਕਾ ਮੁਸੀਬਤਾਂ ਤੇ ਮੁਸ਼ੱਕਤਾਂ ਨੂੰ ਘਾਲ ਕੇ ਜ਼ਿੰਦਗੀ ਸਰ ਕਰਨ ਦਾ ਜਿਗਰਾ ਰੱਖਦੇ ਹਨ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਪ੍ਰਮਾਤਮਾ ਹੁੰਦਾ ਹੈ ਅਤੇ ਵਾਹਿਗੁਰੂ ਉਨ੍ਹਾਂ ਦੀ ਮਦਦ ਕਰਦਾ ਹੈ। ਮਾਲਕ ਮਿਹਰ ਕਰੇ ਪਰਿਵਾਰ ਨਾ ਟੁੱਟਣ, ਅਸੀਂ ਤਾਂ ਇਹੀ ਕਾਮਨਾ ਕਰਦੇ ਹਾਂ ਕਿ ਪਰਿਵਾਰ ਜੁੜੇ ਰਹਿਣ। ਕਿਉਂਕਿ ਪਰਿਵਾਰ ਦੇ ਨਾਲ ਹੀ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਭਵਿੱਖ ਜੁੜਿਆ ਹੁੰਦਾ ਹੈ। ਪਰ ਜਦ ਕਿਸੇ 'ਤੇ ਇੱਦਾਂ ਦੀ ਮੁਸੀਬਤ ਪੈਂਦੀ ਹੈ, ਉਸ ਦੇ ਵਿਚ ਕਿਸੇ ਵੀ ਇਨਸਾਨ ਨੂੰ ਡੋਲਣਾ ਨਹੀਂ ਚਾਹੀਦਾ ਕਿਉਂਕਿ ਗਲਤੀ ਕਰਨ ਵਾਲਾ ਹੀ ਪਛਤਾਉਂਦਾ ਹੈ।

ਸੋ ਸਾਨੂੰ ਸਮਾਜ ਅੰਦਰ ਇੱਕੋ ਗੱਲ ਸਮਝਣੀ ਚਾਹੀਦੀ ਹੈ ਕਿ ਗੁਰੂ ਸਾਹਿਬਾਨ ਦੇ ਫਲਸਫੇ ਤੋਂ ਸੇਧ ਲੈ ਕੇ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੁਰੂ ਸਾਹਿਬ ਤੋਂ ਕੋਈ ਉੱਤੇ ਨਹੀਂ। ਸਾਨੂੰ ਪਵਿੱਤਰ ਬਾਣੀ ਪੜ੍ਹ ਕੇ ਉਸਦੇ ਫਲਸਫੇ ਅਨੁਸਾਰ ਚੱਲਣਾ ਚਾਹੀਦਾ ਹੈ। ਇਹੀ ਸਦੀਵੀ ਸੱਚ ਹੈ ਕਿਉਂਕਿ ਜੇਕਰ ਅਸੀਂ ਗਲਤ ਰਸਤਾ ਚੁਣ ਕੇ ਬਾਅਦ ਵਿਚ ਪਛਤਾਵਾ ਕਰਦੇ ਹਾਂ, ਤਾਂ ਉਸਦਾ ਵੀ ਕੋਈ ਫਾਇਦਾ ਨਹੀਂ। ਹਾਂ ਇਨਸਾਨ ਤੋਂ ਗਲਤੀਆਂ ਹੁੰਦੀਆਂ ਰਹਿੰਦੀਆਂ ਹਨ, ਇਨਸਾਨ ਗਲਤੀਆਂ ਦਾ ਪੁਤਲਾ ਹੈ ਪਰ ਜ਼ਿੰਦਗੀ ਦੇ ਅੰਦਰ ਇੱਕ ਵਾਰ ਪਛਤਾਉਂਦਾ ਜ਼ਰੂਰ ਹੈ, ਜਿਸ ਨੇ ਗਲਤੀ ਕੀਤੀ ਹੁੰਦੀ ਹੈ। ਇਸ ਲਈ ਗਲਤੀ ਸੋਚ ਕੇ ਕਰੋ। ਪਰਿਵਾਰ ਨਾ ਤਬਾਹ ਕਰੋ। ਜਿਸ ਨੇ ਗਲਤੀ ਕੀਤੀ ਨਹੀਂ ਹੁੰਦੀ, ਉਸ ਨੂੰ ਪਛਤਾਵਾ ਨਹੀਂ ਹੁੰਦਾ। ਇਸ ਲਈ ਚੰਗਾ ਹੋਵੇ, ਜੇਕਰ ਪਛਤਾਵਾ ਕਰਕੇ ਵੀ ਇਨਸਾਨ ਉਸ ਸੱਚੇ ਮਾਲਕ ਦੀ ਅਰਾਧਨਾ ਕਰਦਾ ਰਹੇ। ਇਹ ਜ਼ਿੰਦਗੀ ਹੈ, ਇਸੇ ਤਰ੍ਹਾਂ ਚੱਲਦੀ ਹੈ। ਇਸੇ ਲਈ ਆਓ ਸਾਰੇ ਗੁਰੂ ਸਾਹਿਬ ਦੇ ਫਲਸਫੇ ਤੋਂ ਸੇਧ ਲੈ ਕੇ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰੀਏ।

# ਪਸੀਨੇ ਦਾ ਵਿਗਿਆਨ: ਸਰੀਰ ਦਾ ਕੁਦਰਤੀ ਏਅਰ ਕੰਡੀਸ਼ਨਰ

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ
ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ
ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA





ਗਰਮੀਆਂ ਦੇ ਦਿਨਾਂ ਵਿਚ, ਕਸਰਤ ਕਰਦੇ ਸਮੇਂ ਜਾਂ ਕਿਸੇ ਤਣਾਅਪੂਰਨ ਸਥਿਤੀ ਵਿਚ ਸਾਡੇ ਸਰੀਰ ਤੋਂ ਪਸੀਨਾ ਆਉਣਾ ਇੱਕ ਆਮ ਗੱਲ ਹੈ। ਅਕਸਰ ਲੋਕ ਪਸੀਨੇ ਨੂੰ ਸਿਰਫ਼ ਗਰਮੀ, ਬੇਆਰਾਮੀ ਜਾਂ ਬਦਬੂ ਨਾਲ ਜੋੜਦੇ ਹਨ, ਪਰ ਅਸਲ ਵਿਚ ਪਸੀਨਾ ਮਨੁੱਖੀ ਸਰੀਰ ਦੀ ਇੱਕ ਅਦਭੁੱਤ ਅਤੇ ਬਹੁਤ ਮਹੱਤਵਪੂਰਨ ਜੈਵਿਕ ਪ੍ਰਕਿਰਿਆ ਹੈ। ਇਹ ਸਾਡੇ ਸਰੀਰ ਦਾ ਕੁਦਰਤੀ ਏਅਰ ਕੰਡੀਸ਼ਨਰ ਹੈ, ਜੋ ਸਰੀਰ ਦਾ ਤਾਪਮਾਨ ਨਿਯੰਤਰਿਤ ਰੱਖਣ ਅਤੇ ਸਾਨੂੰ ਤੰਦਰੁਸਤ ਬਣਾਈ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਮਨੁੱਖੀ ਸਰੀਰ ਦਾ ਆਮ ਤਾਪਮਾਨ ਲਗਭਗ 37 ਡਿਗਰੀ ਸੈਲਸੀਅਸ ਹੁੰਦਾ ਹੈ। ਜਦੋਂ ਬਾਹਰੀ ਤਾਪਮਾਨ ਵੱਧ ਜਾਂਦਾ ਹੈ ਜਾਂ ਸਰੀਰਕ ਮਿਹਨਤ ਕਾਰਨ ਸਰੀਰ ਵਧੇਰੇ ਗਰਮੀ ਪੈਦਾ ਕਰਦਾ ਹੈ, ਤਾਂ ਸਰੀਰ ਨੂੰ ਇਸ ਵਾਧੂ ਗਰਮੀ ਨੂੰ ਬਾਹਰ ਕੱਢਣ ਦੀ ਲੋੜ ਹੁੰਦੀ ਹੈ। ਇਸ ਸਮੇਂ ਪਸੀਨਾ ਸਾਡੀ ਮਦਦ ਕਰਦਾ ਹੈ। ਚਮੜੀ ਵਿਚ ਮੌਜੂਦ ਲੱਖਾਂ ਪਸੀਨਾ ਗ੍ਰੰਥੀਆਂ ਪਾਣੀ ਅਤੇ ਲੂਣ ਵਾਲਾ ਤਰਲ ਪਦਾਰਥ ਬਾਹਰ ਕੱਢਦੀਆਂ ਹਨ। ਜਦੋਂ ਇਹ ਤਰਲ ਚਮੜੀ ਦੀ ਸਤ੍ਹਾ ਤੋਂ ਭਾਫ਼ ਬਣ ਕੇ ਉੱਡਦਾ ਹੈ, ਤਾਂ ਇਹ ਸਰੀਰ ਦੀ ਗਰਮੀ ਵੀ ਨਾਲ ਲੈ ਜਾਂਦਾ ਹੈ, ਜਿਸ ਨਾਲ ਸਰੀਰ ਠੰਢਾ ਹੋ ਜਾਂਦਾ ਹੈ।

ਮਨੁੱਖੀ ਸਰੀਰ ਵਿਚ ਮੁੱਖ ਤੌਰ 'ਤੇ ਦੋ ਕਿਸਮ ਦੀਆਂ ਪਸੀਨਾ ਗ੍ਰੰਥੀਆਂ ਹੁੰਦੀਆਂ ਹਨ—ਇਕ੍ਰਾਈਨ ਅਤੇ ਐਪੋਕ੍ਰਾਈਨ। ਇਕ੍ਰਾਈਨ ਗ੍ਰੰਥੀਆਂ ਪੂਰੇ ਸਰੀਰ ਵਿਚ ਫੈਲੀਆਂ ਹੁੰਦੀਆਂ ਹਨ ਅਤੇ ਤਾਪਮਾਨ ਨੂੰ ਨਿਯੰਤਰਿਤ ਕਰਨ ਦਾ ਮੁੱਖ ਕੰਮ ਕਰਦੀਆਂ ਹਨ। ਐਪੋਕ੍ਰਾਈਨ ਗ੍ਰੰਥੀਆਂ ਬਗਲਾਂ ਅਤੇ ਸਰੀਰ ਦੇ ਕੁਝ ਹੋਰ ਹਿੱਸਿਆਂ ਵਿਚ ਹੁੰਦੀਆਂ ਹਨ ਅਤੇ ਇਹ ਖਾਸ ਤੌਰ 'ਤੇ ਤਣਾਅ, ਡਰ ਜਾਂ ਭਾਵਨਾਤਮਕ ਉਤੇਜਨਾ ਦੌਰਾਨ ਸਰਗਰਮ ਹੁੰਦੀਆਂ ਹਨ।

ਇੱਕ ਦਿਲਚਸਪ ਗੱਲ ਇਹ ਹੈ ਕਿ ਪਸੀਨਾ ਖੁਦ ਬਦਬੂਦਾਰ ਨਹੀਂ ਹੁੰਦਾ। ਸਰੀਰ ਤੋਂ ਆਉਣ ਵਾਲੀ ਬਦਬੂ ਅਸਲ ਵਿਚ ਚਮੜੀ 'ਤੇ ਮੌਜੂਦ ਬੈਕਟੀਰੀਆ ਕਾਰਨ ਪੈਦਾ ਹੁੰਦੀ ਹੈ। ਜਦੋਂ ਇਹ ਬੈਕਟੀਰੀਆ ਪਸੀਨੇ ਵਿਚ ਮੌਜੂਦ ਜੈਵਿਕ ਪਦਾਰਥਾਂ ਨੂੰ ਤੋੜਦੇ ਹਨ, ਤਾਂ ਖਾਸ ਕਿਸਮ ਦੀ ਗੰਧ ਪੈਦਾ ਹੁੰਦੀ ਹੈ। ਇਸ ਲਈ ਸਫ਼ਾਈ ਰੱਖਣ ਨਾਲ ਸਰੀਰ ਦੀ ਬਦਬੂ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

ਪਸੀਨਾ ਸਿਰਫ਼ ਸਰੀਰ ਨੂੰ ਠੰਢਾ ਕਰਨ ਦਾ ਕੰਮ ਹੀ ਨਹੀਂ ਕਰਦਾ, ਸਗੋਂ ਇਹ ਸਰੀਰ ਵਿਚ ਪਾਣੀ ਅਤੇ ਖਣਿਜਾਂ ਦੇ ਸੰਤੁਲਨ ਨੂੰ ਬਣਾਈ ਰੱਖਣ ਵਿਚ ਵੀ ਮਦਦ ਕਰਦਾ ਹੈ। ਪਸੀਨੇ ਰਾਹੀਂ ਥੋੜ੍ਹੀ ਮਾਤਰਾ ਵਿਚ ਸੋਡੀਅਮ, ਪੋਟਾਸ਼ੀਅਮ ਅਤੇ ਹੋਰ ਲੂਣ ਵੀ ਬਾਹਰ ਨਿਕਲਦੇ ਹਨ। ਜੇਕਰ ਬਹੁਤ ਜ਼ਿਆਦਾ ਪਸੀਨਾ ਆਵੇ, ਤਾਂ ਸਰੀਰ ਵਿਚ ਪਾਣੀ ਅਤੇ ਇਲੈਕਟ੍ਰੋਲਾਈਟਸ ਦੀ ਘਾਟ ਹੋ ਸਕਦੀ ਹੈ, ਜਿਸ ਕਾਰਨ ਡੀਹਾਈਡ੍ਰੇਸ਼ਨ ਹੋਣ ਦਾ ਖਤਰਾ ਵੱਧ ਜਾਂਦਾ ਹੈ। ਇਸ ਲਈ ਗਰਮ ਮੌਸਮ ਜਾਂ ਕਸਰਤ ਦੌਰਾਨ ਕਾਫ਼ੀ ਮਾਤਰਾ ਵਿਚ ਪਾਣੀ ਪੀਣਾ ਜ਼ਰੂਰੀ ਹੁੰਦਾ ਹੈ।

ਵਿਗਿਆਨੀਆਂ ਦੇ ਅਨੁਸਾਰ ਮਨੁੱਖਾਂ ਦੀ ਪਸੀਨਾ ਕੱਢਣ ਦੀ ਸਮਰੱਥਾ ਹੋਰ ਬਹੁਤ ਸਾਰੇ ਜਾਨਵਰਾਂ ਨਾਲੋਂ ਵੱਧ ਵਿਕਸਿਤ ਹੈ। ਇਹੀ ਵਿਸ਼ੇਸ਼ਤਾ ਮਨੁੱਖੀ ਵਿਕਾਸ ਵਿਚ ਇੱਕ ਮਹੱਤਵਪੂਰਨ ਕਾਰਕ ਰਹੀ ਹੈ। ਮੰਨਿਆ ਜਾਂਦਾ ਹੈ ਕਿ ਸਾਡੇ ਪੂਰਵਜ਼ ਲੰਬੀਆਂ ਦੂਰੀਆਂ ਤੱਕ ਦੌੜ ਸਕਦੇ ਸਨ ਅਤੇ ਗਰਮ ਮੌਸਮ ਵਿਚ ਵੀ ਸ਼ਿਕਾਰ ਕਰ ਸਕਦੇ ਸਨ ਕਿਉਂਕਿ ਉਨ੍ਹਾਂ ਦਾ ਸਰੀਰ ਪਸੀਨੇ ਰਾਹੀਂ ਆਪਣੇ ਆਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਠੰਢਾ ਰੱਖ ਸਕਦਾ ਸੀ।

ਪਸੀਨਾ ਸਾਡੀਆਂ ਭਾਵਨਾਵਾਂ ਨਾਲ ਵੀ ਜੁੜਿਆ ਹੋਇਆ ਹੈ। ਇਮਤਿਹਾਨ, ਇੰਟਰਵਿਊ, ਜਨਤਕ ਭਾਸ਼ਣ ਜਾਂ ਕਿਸੇ ਡਰਾਉਣੀ ਸਥਿਤੀ ਵਿਚ ਹਥੇਲੀਆਂ ਅਤੇ ਮੱਥੇ 'ਤੇ ਆਉਣ ਵਾਲਾ ਪਸੀਨਾ ਸਰੀਰ ਦੀ "ਲੜੋ ਜਾਂ ਭੱਜੋ" ਪ੍ਰਤੀਕਿਰਿਆ ਦਾ ਹਿੱਸਾ ਹੁੰਦਾ ਹੈ। ਇਹ ਸਰੀਰ ਨੂੰ ਸੰਭਾਵਿਤ ਚੁਣੌਤੀ ਜਾਂ ਖਤਰੇ ਲਈ ਤਿਆਰ ਕਰਦਾ ਹੈ।

ਅੱਜਕੱਲ੍ਹ ਵਿਗਿਆਨੀ ਪਸੀਨੇ ਨੂੰ ਸਿਹਤ ਦੀ ਨਿਗਰਾਨੀ ਲਈ ਵੀ ਵਰਤਣ ਦੀ ਕੋਸ਼ਿਸ਼ ਕਰ ਰਹੇ ਹਨ। ਨਵੇਂ ਸਮਾਰਟ ਸੈਂਸਰ ਪਸੀਨੇ ਦਾ ਵਿਸ਼ਲੇਸ਼ਣ ਕਰਕੇ ਸਰੀਰ ਵਿਚ ਗਲੂਕੋਜ਼, ਇਲੈਕਟ੍ਰੋਲਾਈਟਸ ਅਤੇ ਹੋਰ ਮਹੱਤਵਪੂਰਨ ਤੱਤਾਂ ਦੀ ਜਾਣਕਾਰੀ ਦੇ ਸਕਦੇ ਹਨ। ਭਵਿੱਖ ਵਿਚ ਇਹ ਤਕਨਾਲੋਜੀ ਕਈ ਬਿਮਾਰੀਆਂ ਦੀ ਪਛਾਣ ਅਤੇ ਨਿਗਰਾਨੀ ਨੂੰ ਹੋਰ ਆਸਾਨ ਬਣਾ ਸਕਦੀ ਹੈ।

ਹਾਲਾਂਕਿ ਪਸੀਨਾ ਸਰੀਰ ਲਈ ਬਹੁਤ ਲਾਭਦਾਇਕ ਹੈ, ਪਰ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਪਸੀਨਾ ਆਉਣਾ ਕਈ ਵਾਰ ਸਿਹਤ ਸੰਬੰਧੀ ਸਮੱਸਿਆਵਾਂ ਦਾ ਸੰਕੇਤ ਵੀ ਹੋ ਸਕਦਾ ਹੈ। ਇਸ ਲਈ ਜੇਕਰ ਪਸੀਨੇ ਵਿਚ ਅਸਾਧਾਰਨ ਤਬਦੀਲੀਆਂ ਨਜ਼ਰ ਆਉਣ ਤਾਂ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।

ਪਸੀਨਾ ਮਨੁੱਖੀ ਸਰੀਰ ਦੀ ਇੱਕ ਸਾਧਾਰਣ ਜਿਹੀ ਲੱਗਣ ਵਾਲੀ, ਪਰ ਬੇਹੱਦ ਮਹੱਤਵਪੂਰਨ ਪ੍ਰਕਿਰਿਆ ਹੈ। ਇਹ ਸਾਨੂੰ ਗਰਮੀ ਤੋਂ ਬਚਾਉਂਦਾ ਹੈ, ਸਰੀਰ ਦਾ ਸੰਤੁਲਨ ਬਣਾਈ ਰੱਖਦਾ ਹੈ ਅਤੇ ਸਾਡੀ ਜੀਵਨ-ਰੱਖਿਆ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਅਗਲੀ ਵਾਰ ਜਦੋਂ ਤੁਹਾਡੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਚਮਕਣ, ਤਾਂ ਯਾਦ ਰੱਖੋ ਕਿ ਇਹ ਸਿਰਫ਼ ਪਾਣੀ ਨਹੀਂ, ਸਗੋਂ ਕੁਦਰਤ ਵੱਲੋਂ ਦਿੱਤਾ ਗਿਆ ਇੱਕ ਅਦਭੁੱਤ ਵਿਗਿਆਨਕ ਤੋਹਫ਼ਾ ਹੈ, ਜੋ ਹਰ ਪਲ ਤੁਹਾਡੇ ਸਰੀਰ ਦੀ ਰੱਖਿਆ ਕਰ ਰਿਹਾ ਹੈ।

## ਛੇਵੇਂ ਪਾਤਸ਼ਾਹ ਜੀ ਦੇ 431ਵੇਂ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥

ਲੇਖਕ:- ਬਾਬਾ ਬੁੱਢਾ ਵੰਸ਼ਜ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ
'ਗੁਰੂ ਕੀ ਵਡਾਲੀ'
99880-66466
ਪੰਜਾਬ ਮੇਲ USA



ਮੀਰੀ ਪੀਰੀ ਦੇ ਮਾਲਕ, ਅਕਾਲ ਤਖ਼ਤ ਦੇ ਸਿਰਜਣਹਾਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਿਹਿ ਅਤੇ ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖ ਤੋਂ ਨਗਰ ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 19 ਜੂਨ ਸੰਨ 1595 ਈ: (21 ਹਾੜ ਵਦੀ 7 ਸੰਮਤ 1652) ਨੂੰ ਰਾਤ 12 ਵੱਜਕੇ 20 ਮਿੰਟ 'ਤੇ ਹੋਇਆ ਸੀ।

ਪੰਚਮ ਪਾਤਸ਼ਾਹ ਜੀ ਉਸ ਸਮੇਂ ਪਿੰਡ ਨੱਤਾਂ ਦੀ ਵਡਾਲੀ ਦੇ ਬਾਹਰ ਵਾਰ ਇਕ ਬੇਰੀ ਦੇ ਦਰੱਖਤ ਹੇਠ ਲਾਏ ਤੰਬੂ ਵਿਚ ਸੰਗਤਾਂ ਸਮੇਤ ਅੰਮ੍ਰਿਤ ਵੇਲੇ ਦੀ ਬੰਦਗੀ ਵਿਚ ਲੀਨ ਸਨ। ਨੱਤਾਂ ਦੀ ਵਡਾਲੀ ਦੇ ਸੇਵਕ ਜ਼ਿਮੀਦਾਰ ਭਾਈ ਭਾਗੂ ਜੀ ਨੇ ਪੰਚਮ ਪਾਤਸ਼ਾਹ ਜੀ ਨੂੰ ਉਨ੍ਹਾਂ ਦੇ ਵਾੜੇ ਰੂਪੀ ਘਰ ਵਿਚ ਮਾਤਾ ਗੰਗਾ ਜੀ ਦੀ ਕੁੱਖੋਂ ਬਾਲਕ ਹਰਗੋਬਿੰਦ ਜੀ ਦੇ ਜਨਮ ਲੈਣ ਦੀ ਖੁਸ਼ਖਬਰੀ ਸੁਣਾਈ, ਤਾਂ ਪੰਚਮ ਪਾਤਸ਼ਾਹ ਜੀ ਨੇ ਓਸੇ ਵੇਲੇ ਅਕਾਲ ਪੁਰਖ ਜੀ ਦਾ ਸ਼ੁਕਰਾਨਾ ਕਰਦੇ ਹੋਏ ਚਾਰ ਪਦਾਂ ਵਾਲੇ ਸ਼ਬਦ ਦੀ ਰਚਨਾ ਕੀਤੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੯੬ ਅੰਗ (ਪੰਨਾ-396) 'ਤੇ ਸੁਸ਼ੋਭਿਤ ਹੈ:----(ਆਸਾ ਮਹਲਾ ੫ ॥ ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥ ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥ ੧॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ ਰਹਾਉ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥ ਮਿਟਿਆ ਸੋਗੁ ਮਹਾ ਅਨੰਦੁ ਥੀਆ॥ ਗੁਰਬਾਣੀ ਸਖੀ ਅਨੰਦੁ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥ ੨॥ ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥ ਮਨਿ ਚਿੰਦਿਆ ਸਤਿਗੁਰੂ ਦਿਵਾਇਆ॥ ਭਏ ਅਚਿੰਤ ਏਕ ਲਿਵ ਲਾਇਆ॥ ੩॥ ਜਿਉ ਬਾਲਕੁ ਪਿਤਾ ਊਪਰਿ ਕਰੇ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ॥ ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ॥ ੪॥ ੭॥ ੧੦੧॥...(ਇਸ ਪਵਿੱਤਰ ਸ਼ਬਦ ਦੀ ਰਚਨਾ ਕਰਨ ਵਾਲੇ ਸਥਾਨ 'ਤੇ ਹੀ ਗੁ: ਸ੍ਰੀ ਛੇਹਰਟਾ ਸਾਹਿਬ ਸਥਿਤ ਹੈ)



ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ



ਗੁ: ਜਨਮ ਅਸਥਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰੂ ਕੀ ਵਡਾਲੀ

ਇਥੇ ਇਹ ਵਰਨਣਯੋਗ ਹੈ ਕਿ ਪੰਚਮ ਪਾਤਸ਼ਾਹ ਜੀ ਬਾਬਾ ਬੁੱਢਾ ਸਾਹਿਬ ਜੀ ਵਲੋਂ ਬੀੜ ਬਾਬਾ ਬੁੱਢਾ ਸਾਹਿਬ ਵਿਖੇ 21 ਅਸੂ 1594 ਈ: ਨੂੰ ਪਹਿਲੇ ਦਿਨ ਮਾਤਾ ਗੰਗਾ ਜੀ ਨੂੰ ਬੋਲੇ ਬੋਲ ਕਿ "ਗੁਰੂ ਕਿਆ ਨੂੰ ਕੀ ਭਾਜੜਾਂ ਪੈ ਗਈਆਂ" ਦੀ ਪੂਰਤੀ ਕਰਨ ਲਈ ਆਪਣੇ ਅੰਮ੍ਰਿਤਸਰ ਵਾਲੇ ਗੁਰੂ ਕੇ ਮਹਿਲਾ ਤੋਂ ਭਾਜੜ ਰੂਪ ਵਿਚ ਇਸ ਅਸਥਾਨ 'ਤੇ ਤੰਬੂ ਲਾਕੇ ਠਹਿਰੇ ਸਨ।

ਦੂਸਰਾ ਵਿਚਾਰ ਹੈ ਕਿ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵਲੋਂ ਆਪ ਜੀ ਨੂੰ ਬਖਸ਼ੀ ਗੁਰਗੱਦੀ ਕਰਕੇ ਵੀ ਵੱਡਾ ਪੁੱਤਰ ਪ੍ਰਿਥੀਚੰਦ ਅਤੇ ਉਸਦੀ ਪਤਨੀ ਬੀਬੀ ਕਰਮੋਂ ਪੰਚਮ ਪਾਤਸ਼ਾਹ ਨਾਲ ਬਹੁਤ ਜ਼ਿਆਦਾ ਈਰਖਾ ਕਰਨ ਲੱਗ ਪਏ ਸਨ। ਇਕ ਦਿਨ ਬੀਬੀ ਕਰਮੋ ਅਤੇ ਪ੍ਰਿਥੀ ਚੰਦ ਨੇ ਮਾਤਾ ਗੰਗਾ ਜੀ ਨੂੰ ਜਹਾਨ ਤੋਂ ਬੇ-ਔਲਾਦ ਅਤੇ ਔਂਤਰੀ ਜਾਣ ਦੇ ਮੇਹਣੇ ਮਾਰੇ, ਤਾਂ ਮਾਤਾ ਗੰਗਾ ਜੀ ਨੇ ਆਪਣੇ ਪਤੀ ਪੰਚਮ ਪਾਤਸ਼ਾਹ ਜੀ ਨੂੰ ਆਪਣੇ ਘਰ ਔਲਾਦ ਬਖਸ਼ਣ ਲਈ ਬੇਨਤੀ ਕੀਤੀ।

ਨਿਮਰਤਾ ਦੇ ਪੁੰਜ ਪੰਚਮ ਗੁਰੂ ਜੀ ਨੇ ਮਾਤਾ ਗੰਗਾ ਜੀ ਨੂੰ ਅੰਮ੍ਰਿਤਸਰ ਤੋਂ 19-20 ਕਿਲੋਮੀਟਰ ਦੀ ਦੂਰੀ 'ਤੇ ਸ. ਗੁਰੂ ਨਾਨਕ ਦੇਵ ਜੀ ਦੇ ਵਰੋਸਾਏ ਅਤੇ ਗੁਰੂ ਘਰ ਦੀਆਂ ਸੇਵਾਵਾਂ ਵਿਚ ਸਦਾ ਤੱਤਪਰ ਰਹਿਣ ਵਾਲੇ ਬ੍ਰਹਮਗਿਆਨੀ ਬਾਬਾ ਬੁੱਢਾ ਸਾਹਿਬ ਜੀ ਕੋਲ ਝਬਾਲ ਨੇੜੇ 'ਬੀੜ' ਵਿਖੇ ਅਸ਼ੀਰਵਾਦ ਲੈਣ ਲਈ ਬਚਨ ਕੀਤਾ। ਮਾਤਾ ਗੰਗਾ ਜੀ ਨੇ ਨਿਮਰਤਾ ਨਾਲ ਜਾਣ ਦੀ ਬਜਾਏ ਰੱਥ 'ਤੇ ਚੜ੍ਹਕੇ ਪੂਰੀ ਸ਼ਾਨ ਨਾਲ ਕਈ ਪ੍ਰਕਾਰ ਦੇ ਪਦਾਰਥ ਤੇ ਸੇਵਕਾਂ ਆਦਿ ਨੂੰ ਨਾਲ ਲੈ ਕੇ ਜੰਗਲ-ਨੁਮਾ 'ਬੀੜ' ਵਿਚ ਬਾਬਾ ਬੁੱਢਾ ਸਾਹਿਬ ਕੋਲ ਪਹੁੰਚਣਾ ਕੀਤਾ ਪਰ ਮਾਤਾ ਜੀ ਨੂੰ ਬਾਬਾ ਜੀ ਦੇ 'ਗੁਰੂ ਕਿਆਂ ਨੂੰ ਕਿੱਥੋਂ ਭਾਜੜਾਂ ਪੈ ਗਈਆਂ' ਵਾਲੇ ਬਚਨਾਂ ਬਾਰੇ ਪਤਾ ਲੱਗਣ ਕਰਕੇ ਮਾਤਾ ਜੀ ਨੇ ਝਕਦੇ ਹੋਏ ਬਾਬਾ ਬੁੱਢਾ ਜੀ ਨੂੰ ਪੁੱਤਰ ਦੀ ਦਾਤ ਹਿੱਤ ਅਸ਼ੀਰਵਾਦ ਦੀ ਬੇਨਤੀ ਕੀਤੀ, ਤਾਂ ਬਾਬਾ ਜੀ ਨੇ ਮਾਤਾ ਜੀ ਨੂੰ ਕਿਹਾ ਕਿ ਮੈਂ ਤਾਂ ਗੁਰੂ ਘਰ ਦਾ ਨਿਮਾਣਾ ਜਿਹਾ ਘਾਹੀ ਸੇਵਕ ਹਾਂ, ਔਲਾਦ ਦੀ ਦਾਤ ਦੀ ਬਖਸ਼ਿਸ਼ ਤਾਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਹੀ ਕਰ ਸਕਦੇ ਹਨ।

ਮਾਤਾ ਜੀ ਨੇ ਵਾਪਸ ਸ੍ਰੀ ਅੰਮ੍ਰਿਤਸਰ ਆ ਕੇ ਸਾਰੀ ਵਾਰਤਾ ਪੰਚਮ ਪਾਤਸ਼ਾਹ ਜੀ ਨੂੰ ਦੱਸੀ, ਤਾਂ ਦਿਆਲੂ ਗੁਰੂ ਜੀ ਨੇ ਆਪਣੇ ਮਹਿਲ ਮਾਤਾ ਗੰਗਾ ਜੀ ਨੂੰ ਜੁਗਤ ਸਮਝਾਈ ਕਿ ਆਪਣੇ ਹੱਥੀਂ ਮਿੱਸੇ ਪ੍ਰਸ਼ਾਦੇ, ਗੰਢੇ, ਲੱਸੀ ਆਦਿ ਲੰਗਰ ਲੈ ਕੇ ਨਿਮਰਤਾ ਨਾਲ ਨੰਗੇ ਪੈਰੀਂ ਸੀਮਤ ਸੇਵਾਦਾਰਾਂ ਨਾਲ ਬਾਬਾ ਬੁੱਢਾ ਸਾਹਿਬ ਜੀ ਕੋਲ ਜਾਵੋ। ਗੁਰੂ ਜੀ ਦੇ ਬਚਨ ਮੰਨਦੇ ਹੋਏ ਦੂਸਰੇ ਦਿਨ 22 ਅਸੂ 1594 ਈ: ਵਾਲੇ ਦਿਨ ਮਾਤਾ ਗੰਗਾ ਜੀ ਕੁਝ ਟਹਿਲਣਾ ਨੂੰ ਨਾਲ ਲੈ ਕੇ ਨੰਗੇ ਪੈਰੀਂ ਗੁਰਬਾਣੀ ਪੜ੍ਹਦੇ ਹੋਏ ਸੀਸ ਉਤੇ ਮਿੱਸੇ ਪ੍ਰਸ਼ਾਦੇ, ਲੱਸੀ ਅਤੇ ਗੰਢੇ ਆਦਿ ਰੱਖਕੇ ਬਾਬਾ ਬੁੱਢਾ ਜੀ ਕੋਲ ਪੁੱਤਰ ਦੀ ਦਾਤ ਦਾ ਅਸ਼ੀਰਵਾਦ ਲੈਣ ਲਈ 'ਬਾਬੇ ਦੀ ਬੀੜ' (ਨਗਰ ਠੱਠਾ ਦੇ ਬਾਹਰਵਾਰ) ਪਹੁੰਚੇ। ਬਾਬਾ ਜੀ ਨੇ ਮਾਤਾ ਜੀ ਵਲੋਂ ਆਪਣੇ ਹੱਥੀ ਪਕਾਏ ਮਿੱਸੇ ਪ੍ਰਸ਼ਾਦੇ ਛੱਕਦੇ ਹੋਏ ਇਕ ਗੰਢੇ 'ਤੇ ਮੁੱਕਾ ਮਾਰਦੇ ਹੋਏ ਸ਼ੁੱਭ ਬਚਨ ਕੀਤਾ ਕਿ ਆਪ ਜੀ ਦੇ ਗ੍ਰਿਹਿ ਬਹੁਤ ਬਲਵਾਨ ਤੇ ਜੋਧਾ ਪੁੱਤਰ ਪ੍ਰਗਟ ਹੋਵੇਗਾ:— ("ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ। ਜਾਂਕੋ ਬਲ ਗੁਨ ਕਿਨ੍ਹੂੰ ਨ ਸੋਧਾ। ਰੂਪੇ ਛੱਕੇ ਸੁ ਜੈਸ ਮਰੋਰੇ। ਤੁਰਕ ਸੀਸ ਤੈਸੇ ਬਹੁ ਤੋਰੇ"-- ਗੁਰ ਬਿਲਾਸ ਪਾ: ਛੇਵੀਂ)।

ਇਸ ਤਰ੍ਹਾਂ ਪੰਚਮ ਪਾਤਸ਼ਾਹ ਜੀ ਦੀ ਆਪਣੀ ਵਰਤਾਈ ਲੀਲਾ ਅਨੁਸਾਰ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਕੋਲੋਂ ਮਿਲੇ ਵਰ ਸਦਕਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ "ਨੱਤਾਂ ਦੀ ਵਡਾਲੀ" ਵਿਖੇ ਭਾਈ ਭਾਗੂ ਜੀ ਦੇ ਵਾਧੇ ਰੂਪੀ ਘਰ ਵਿਚ ਹੋਇਆ ਸੀ, ਜਿਸ ਪਿੰਡ ਦਾ ਨਵਾਂ ਨਾਮ ਬਾਬਾ ਬੁੱਢਾ ਸਾਹਿਬ ਜੀ ਨੇ ਮੋਹੜਾ ਗੱਡਕੇ "ਗੁਰੂ ਕੀ ਵਡਾਲੀ" ਰੱਖਿਆ ਸੀ।

ਛੇਂਵੇ ਪਾਤਸ਼ਾਹ ਜੀ ਦੇ ਪ੍ਰਕਾਸ਼ ਲੈਣ ਦੀ ਖ਼ੁਸ਼ੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪਿੰਡ ਦੀ ਜੂਹ ਵਿਚ ਬਾਬਾ ਬੁੱਢਾ ਜੀ ਦੀ ਅੰਸ਼ ਬੰਸ਼ 'ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ' ਦੀ ਦੇਖ-ਰੇਖ ਵਿਚ ਪੰਜ ਖੂਹ (ਦੋ ਹਰਟਾ, ਤਿੰਨ ਹਰਟਾ, ਚਾਰ ਹਰਟਾ, ਪੰਜ ਹਰਟਾ ਅਤੇ ਛੇ ਹਰਟਾ) ਲਗਵਾਏ। ਲਗਭਗ 3 ਸਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਰਿਵਾਰ ਸਮੇਤ ਗੁਰੂ ਕੀ ਵਡਾਲੀ ਵਿਚ ਨਿਵਾਸ ਕੀਤਾ:—("ਵਡਾਲੀ ਮਹਿ ਸਤਿਗੁਰ ਰਹੇ ਤੀਨ ਬਰਸ ਸੁਖ ਪਾਈ। ਸੁਧਾ ਸਰੋਵਰ ਪੁਨ ਅਏ ਬਾਜੇ ਅਨਿਕ ਬਜਾਈ"-ਗੁਰ ਬਿਲਾਸ ਪਾ: ਛੇਵੀਂ)। ਤਿੰਨ ਸਾਲ ਦੀ ਅਵਸਥਾ ਤੱਕ ਬਾਲਕ ਹਰਿਗੋਬਿੰਦ ਜੀ ਨੇ ਆਪਣੇ ਤਾਏ ਪ੍ਰਿਥੀਚੰਦ ਅਤੇ ਤਾਈ ਕਰਮੋਂ ਵਲੋਂ ਆਪ ਜੀ ਨੂੰ ਮਾਰਨ ਹਿੱਤ ਅੰਮ੍ਰਿਤਸਰ ਤੋਂ ਗੁਰੂ ਕੀ ਵਡਾਲੀ ਵਿਖੇ ਭੇਜੇ ਲੋਭੀ ਪਾਪੀਆਂ ਦੇ ਕਾਰਨਾਮਿਆਂ ਨੂੰ ਅਸਫਲ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਦਾ ਉਧਾਰ ਵੀ ਕੀਤਾ, ਜਿਨ੍ਹਾਂ ਵਿਚ ਸੋਭੀ ਦਾਈ ਅਤੇ ਸਪੇਰੇ ਵਲੋਂ ਛੱਡੇ ਜ਼ਹਿਰੀਲੇ ਸੱਪ ਅਤੇ ਬ੍ਰਾਹਮਣ ਰਸੋਈਆ ਸ਼ਾਮਲ ਸਨ।

**ਵਰਨਣਯੋਗ ਹੈ ਕਿ ਪੰਚਮ ਪਾਤਸ਼ਾਹ ਜੀ ਬਾਬਾ ਬੁੱਢਾ ਸਾਹਿਬ ਜੀ ਵਲੋਂ ਬੀੜ ਬਾਬਾ ਬੁੱਢਾ ਸਾਹਿਬ ਵਿਖੇ 21 ਅਸੂ 1594 ਈ: ਨੂੰ ਪਹਿਲੇ ਦਿਨ ਮਾਤਾ ਗੰਗਾ ਜੀ ਨੂੰ ਬੋਲੇ ਬੋਲ ਕਿ "ਗੁਰੂ ਕਿਆ ਨੂੰ ਕੀ ਭਾਜੜਾਂ ਪੈ ਗਈਆਂ" ਦੀ ਪੂਰਤੀ ਕਰਨ ਲਈ ਆਪਣੇ ਅੰਮ੍ਰਿਤਸਰ ਵਾਲੇ ਗੁਰੂ ਕੇ ਮਹਿਲਾ ਤੋਂ ਭਾਜੜ ਰੂਪ ਵਿਚ ਇਸ ਅਸਥਾਨ 'ਤੇ ਤੰਬੂ ਲਾਕੇ ਠਹਿਰੇ ਸਨ। ਦੂਸਰਾ ਵਿਚਾਰ ਹੈ ਕਿ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵਲੋਂ ਆਪ ਜੀ ਨੂੰ ਬਖਸ਼ੀ ਗੁਰਗੱਦੀ ਕਰਕੇ ਵੀ ਵੱਡਾ ਪੁੱਤਰ ਪ੍ਰਿਥੀਚੰਦ ਅਤੇ ਉਸਦੀ ਪਤਨੀ ਬੀਬੀ ਕਰਮੋਂ ਪੰਚਮ ਪਾਤਸ਼ਾਹ ਨਾਲ ਬਹੁਤ ਜ਼ਿਆਦਾ ਈਰਖਾ ਕਰਨ ਲੱਗ ਪਏ ਸਨ।**

# ਪ੍ਰੋ. ਸ਼ੇਰ ਸਿੰਘ ਕੰਵਲ ਦਾ ਕਾਵਿ ਸੰਗ੍ਰਹਿ 'ਤਿਲ਼ਫੁੱਲ' ਗੁੱਝੇ ਤੀਰਾਂ ਦਾ ਪੁਲੰਦਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com





ਪ੍ਰੋ. ਸ਼ੇਰ ਸਿੰਘ ਕੰਵਲ ਸਥਾਪਤ ਪਰਵਾਸੀ ਸ਼ਾਇਰ ਹੈ। ਉਸ ਦੀਆਂ ਹੁਣ ਤੱਕ ਡੇਢ ਦਰਜਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਗਿਆਰਾਂ ਕਾਵਿ ਸੰਗ੍ਰਹਿ, ਇੱਕ ਗ਼ਜ਼ਲ ਸੰਗ੍ਰਹਿ, ਦੋ ਵਿਅੰਗ ਸੰਗ੍ਰਹਿ, ਇੱਕ ਕਿੱਸਾ ਕਾਵਿ ਅਤੇ ਤਿੰਨ ਵਾਰਤਕ ਦੀਆਂ ਪੁਸਤਕਾਂ ਸ਼ਾਮਲ ਹਨ। ਪੜਚੋਲ ਅਧੀਨ ਉਸਦਾ ਕਾਵਿ ਸੰਗ੍ਰਹਿ 'ਤਿਲ਼ਫੁੱਲ' ਵਿਅੰਗ-ਵਹਿਣ ਅਤੇ ਕਾਵਿ-ਰੰਗ ਦੀ ਖ਼ੁਸ਼ਬੋ ਵਾਲਾ ਹੈ। ਹੈਰਾਨੀ ਤੇ ਸੰਤੁਸ਼ਟੀ ਦੀ ਗੱਲ ਹੈ ਕਿ ਪ੍ਰੋ. ਸ਼ੇਰ ਸਿੰਘ ਕੰਵਲ ਰਹਿੰਦਾ ਤਾਂ ਪਰਵਾਸ ਵਿਚ ਹੈ, ਪ੍ਰੰਤੂ ਪੰਜਾਬ ਨਾਲ ਉਸਦਾ ਮੋਹ, ਉਸਦੀਆਂ ਕਵਿਤਾਵਾਂ ਤੋਂ ਸਾਫ਼ ਝਲਕਦਾ ਹੈ। ਉਸਦਾ ਕਾਵਿ ਸੰਗ੍ਰਹਿ ਪੜ੍ਹਨ ਤੋਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਸਨੇ ਪੰਜਾਬ ਵਿਚ ਰਹਿੰਦਿਆਂ ਹੋਇਆਂ ਸਾਰਾ ਕੁਝ ਅੱਖੀਂ ਵੇਖਿਆ ਹੈ। ਕਾਵਿ ਸੰਗ੍ਰਹਿ ਦੇ ਪਹਿਲੇ 115 ਪੰਨਿਆਂ ਵਿਚ ਵਿਅੰਗਾਤਮਿਕ ਕਵਿਤਾਵਾਂ ਹਨ, ਜਿਨ੍ਹਾਂ ਵਿਚ ਵਰਤਮਾਨ ਸਮਾਜਿਕ, ਰਾਜਨੀਤਿਕ, ਆਰਥਿਕ, ਸੱਭਿਆਚਾਰਕ ਅਤੇ ਹੋਰ ਵਿਸੰਗਤੀਆਂ ਨੂੰ ਵਿਅੰਗ ਦੀ ਪਾਣ ਦੇ ਕੇ ਤਿੱਖੇ ਤੀਰ ਮਾਰੇ ਗਏ ਹਨ, ਤਾਂ ਜੋ ਪੰਜਾਬੀਆਂ ਵਿਚ ਆਪਣੀ ਅਮੀਰ ਵਿਰਾਸਤ 'ਤੇ ਪਹਿਰਾ ਦੇਣ ਦੀ ਭਾਵਨਾ ਪੁਨਰ ਸੁਰਜੀਤ ਹੋ ਸਕੇ। ਪਹਿਲਾ ਭਾਗ ਬਹੁਤ ਹੀ ਬੇਬਾਕੀ ਨਾਲ ਲਿਖਿਆ ਗਿਆ ਹੈ। ਸ਼ਾਇਰ ਦੇ ਆਪਣੇ ਮਨ ਦਾ ਗੁੱਸਾ ਸੰਸਾਰ ਦੀ ਵਰਤਮਾਨ ਸਥਿਤੀ ਬਾਰੇ ਕਵਿਤਾਵਾਂ ਵਿਚੋਂ ਝਲਕਦਾ ਹੈ। ਪ੍ਰੋ. ਸ਼ੇਰ ਸਿੰਘ ਕੰਵਲ ਦੇ ਇਹ ਸ਼ਿਅਰ ਪੰਜਾਬ, ਦੇਸ਼ ਅਤੇ ਸੰਸਾਰ ਵਿਚ ਵਾਪਰਨ ਵਾਲੀ ਹਰ ਘਟਨਾ ਦੇ ਪ੍ਰਤੀਕਰਮ ਵਜੋਂ ਲਿਖੇ ਗਏ ਹਨ। ਇਹ ਸ਼ਿਅਰ ਕਿਸੇ ਇੱਕ ਸਮੇਂ ਅਤੇ ਸਥਾਨ ਦੀ ਤਰਤੀਬ ਅਨੁਸਾਰ ਨਹੀਂ ਹਨ। ਕਦੀ ਪੰਜਾਬ ਦੀ ਘਟਨਾ ਸੰਬੰਧੀ, ਕਦੀ ਦੇਸ਼ ਅਤੇ ਕਦੀ ਸੰਸਾਰ ਵਿਚ ਵਾਪਰੀ ਕਿਸੇ ਵੀ ਘਟਨਾ ਜਾਂ ਸਮੱਸਿਆ ਹੋਵੇ ਉਸ ਬਾਰੇ ਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਕਵੀ ਨੇ ਇਤਨੀ ਬੇਬਾਕੀ ਨਾਲ ਲਿਖਿਆ ਹੈ ਕਿ ਸਿਆਸਤਦਾਨਾਂ ਦੇ ਨਾਮ ਲਿਖੇ ਗਏ ਹਨ। ਵੈਸੇ ਬਹੁਤੀ ਵਾਰੀ ਅਕਾਲੀ ਦਲ ਦੇ ਬਾਦਲ ਧੜੇ ਅਤੇ ਵਰਤਮਾਨ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਬਾਰੇ ਸ਼ਿਅਰ ਹਨ। ਵਿਅੰਗ ਦੇ ਤੀਰ ਇਤਨੇ ਤਿੱਖੇ ਹਨ ਕਿ ਪਾਠਕਾਂ ਵਿਚ ਵੀ ਜੋਸ਼ ਭਰ ਦਿੰਦੇ ਹਨ। ਇਨ੍ਹਾਂ ਵਿਚ ਮੁੱਖ ਤੌਰ 'ਤੇ ਕੇਂਦਰ ਸਰਕਾਰ ਦੇ ਪੰਜਾਬੀਆਂ ਨਾਲ ਲਗਾਤਾਰ ਕੀਤੇ ਜਾ ਰਹੇ ਵਿਤਕਰਿਆਂ ਦਾ ਪਰਦਾਫਾਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸ਼ਾਇਰ ਨੇ ਸ਼੍ਰੋਮਣੀ ਅਕਾਲੀ ਦਲ ਵਰਗੀ ਜੁਝਾਰੂਆਂ ਦੀ ਪਾਰਟੀ ਦੀ ਸਰਕਾਰ ਵੱਲੋਂ ਅਵੇਸਲੇਪਣ ਅਤੇ ਗ਼ੈਰ ਸੰਜੀਦਗੀ ਵਾਲੀਆਂ ਨੀਤੀਆਂ ਨੂੰ ਆੜੇ ਹੱਥੀਂ ਲਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ 'ਤੇ ਇੱਕ ਪਰਿਵਾਰ ਦੇ ਕਬਜ਼ੇ ਨੂੰ ਪੰਜਾਬ ਦੀ ਅਧੋਗਤੀ ਦਾ ਕਾਰਨ ਕਿਹਾ ਗਿਆ ਹੈ। ਅਕਾਲੀ ਸਰਕਾਰ ਦਾ ਸਿੱਖ ਸਿਧਾਂਤਾਂ ਅਤੇ ਸਿੱਖ ਸੰਸਥਾਵਾਂ ਨੂੰ ਅਣਡਿੱਠ ਕਰਕੇ ਉਨ੍ਹਾਂ ਦੀ ਬੇਕਦਰੀ, ਜਥੇਦਾਰਾਂ ਦਾ ਸਿੱਖ ਪ੍ਰੰਪਰਾਵਾਂ ਤੋਂ ਪਾਸਾ ਵੱਟਣਾ, ਪੰਥਕ ਪਹਿਰੇਦਾਰੀ ਨੂੰ ਤਿਲਾਂਜ਼ਲੀ ਦੇਣਾ ਅਤੇ ਨੇਤਾਵਾਂ ਦੀ ਚਮਚਾਗਿਰੀ ਕਰਨ ਨੂੰ ਆਪਣੀਆ ਕਵਿਤਾਵਾਂ ਦੇ ਵਿਸ਼ੇ ਬਣਾਕੇ ਵਿਅੰਗਾਤਮਿਕ ਹੁਜਾਂ ਮਾਰੀਆਂ ਗਈਆਂ ਹਨ। ਧਾਰਮਿਕ ਰਹਿਬਰ ਸਿੱਖ ਸਿਧਾਂਤਾਂ ਤੇ ਪ੍ਰੰਪਰਾਵਾਂ ਦੇ ਵਿਰੁੱਧ ਕਾਰੋਬਾਰ ਕਰ ਰਹੇ ਹਨ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਣ ਕਰਕੇ ਪੰਜਾਬੀ ਅਤਿਅੰਤ ਦੁੱਖੀ ਤੇ ਬੇਬਸ ਵਿਖਾਏ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸਿਆਸੀ ਦਖ਼ਲਅੰਦਾਜ਼ੀ ਨੇ ਸਿੱਖੀ ਦਾ ਘਾਣ ਕੀਤਾ ਹੈ। ਪੰਜਾਬ ਵਿਚ ਸਿੱਖਾਂ ਦੀ ਆਬਾਦੀ ਘੱਟਣ 'ਤੇ ਵੀ ਚਿੰਤਾ ਪ੍ਰਗਟ ਕੀਤੀ ਗਈ ਹੈ। ਕੇਂਦਰ ਵਿਚ ਇੱਕ ਮੰਤਰੀ ਬਣਨ ਲਈ ਪੰਜਾਬ ਨੂੰ ਗਹਿਣੇ ਕਰ ਦਿੱਤਾ। ਸਾਰੀਆਂ ਪਾਰਟੀਆਂ ਦੇ ਨੇਤਾਵਾਂ ਦੀਆਂ ਗ਼ਲਤੀਆਂ ਨੂੰ ਨੰਗਿਆਂ ਕੀਤਾ ਗਿਆ ਹੈ, ਕਿਸੇ ਵੀ ਸਿਆਸੀ ਪਾਰਟੀ ਦੇ ਨੇਤਾ ਨੂੰ ਬਖ਼ਸ਼ਿਆ ਨਹੀਂ ਗਿਆ, ਪ੍ਰੰਤੂ ਚੰਗਾ ਕੰਮ ਕਰਨ ਵਾਲਿਆਂ ਦੀ ਪ੍ਰਸ਼ੰਸਾ ਵੀ ਕੀਤੀ ਗਈ ਹੈ। ਪੰਜਾਬ ਦੇ ਨੇਤਾ ਆਪਣੇ ਆਪਨੂੰ ਪੰਜਾਬ ਦੇ ਖੈਰ ਖਵਾਹ ਕਹਿੰਦੇ ਹਨ, ਪ੍ਰੰਤੂ ਅਸਲ ਵਿਚ ਪੰਜਾਬ ਦਾ ਨੁਕਸਾਨ ਕਰਨ ਦੇ ਜ਼ਿੰਮੇਵਾਰ ਹੀ ਉਹ ਹਨ। ਸ਼ਾਇਰ ਨੇ ਇਕੱਲੇ ਪੰਜਾਬ ਦੇ ਨੇਤਾਵਾਂ ਦੇ ਭ੍ਰਿਸ਼ਟਾਚਾਰ ਦੀ ਹੀ ਗੱਲ ਨਹੀਂ ਕੀਤੀ, ਸਗੋਂ ਸਮੁੱਚੇ ਦੇਸ਼ ਦੇ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਦੇ ਪੋਲ ਖੋਲ੍ਹੇ ਹਨ। ਜ਼ਾਅਲੀ ਨੇਤਾ ਤੇ ਉਨ੍ਹਾਂ ਦੀਆਂ ਜ਼ਾਅਲੀ ਡਿਗਰੀਆਂ ਬਾਰੇ ਵੀ ਕਿੰਤੂ-ਪ੍ਰੰਤੂ ਕੀਤਾ ਹੈ। ਡੇਰਾਵਾਦ ਨੇ ਸਿੱਖ ਸਿਧਾਂਤਾਂ ਨੂੰ ਠੇਸ ਪਹੁੰਚਾਈ ਹੈ ਅਤੇ ਡੇਰਾਵਾਦ ਦੀ ਪ੍ਰਫੁਲਤਾ ਦੇ ਨੁਕਸਾਨ ਦਾ ਵੀ ਹੰਦੇਸ਼ਾ ਪ੍ਰਗਟ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਤਾਰਨ ਲਈ ਸੰਸਾਰ ਦਾ ਭ੍ਰਮਣ ਪੈਦਲ ਯਾਤਰਾ ਕਰਕੇ ਕੀਤਾ ਸੀ, ਪ੍ਰੰਤੂ ਅੱਜ ਦੇ ਬਾਬੇ ਜਹਾਜ਼ਾਂ ਦੇ ਝੂਟੇ ਲੈਂਦੇ ਹਨ ਤੇ ਲੋਕਾਈ ਦਾ ਭਲਾ ਵੀ ਨਹੀਂ ਕਰਦੇ, ਸਗੋਂ ਬੇਵਕੂਫ਼ ਬਣਾਕੇ ਲੁੱਟਦੇ ਹਨ। ਡੇਰਾਵਾਦ ਦਾ ਪ੍ਰਫੁੱਲਤ ਹੋਣਾ ਸਿਆਸਤਦਾਨਾਂ ਦੀ ਵੋਟਾਂ ਦੀ ਰਾਜਨੀਤੀ ਦਾ ਨਤੀਜਾ ਹੈ। ਸਿਆਸੀ ਮਾਫ਼ੀਆ ਭਾਰੂ ਹੋ ਗਿਆ ਹੈ। ਸਾਰੇ ਸਿਆਸਤਦਾਨ ਇੱਕੋ ਬੇੜੀ ਦੇ ਚੱਟੇ ਵੱਟੇ ਹਨ। ਕਿਸਾਨ ਖ਼ੁਦਕਸ਼ੀਆਂ ਚਿੰਤਾ ਦਾ ਵਿਸ਼ਾ ਹਨ। ਪੰਜਾਬ ਦੀ ਖ਼ੁਸ਼ਹਾਲੀ ਨੂੰ ਗ੍ਰਹਿਣ ਲੱਗਣ 'ਤੇ ਨਸ਼ਿਆਂ ਦੇ ਪ੍ਰਕੋਪ ਦਾ ਜ਼ਿਕਰ ਕਰਦਾ ਸ਼ਾਇਰ ਲਿਖਦਾ ਹੈ:

ਵਿੰਹਦੇ-ਵਿੰਹਦੇ ਬਦਲਿਆ ਵੇਖੋ ਕਿਵੇਂ ਪੰਜਾਬ।
ਬਿਲਕੁੱਲ ਚਿੱਟਾ ਹੋ ਗਿਆ ਸੂਹਾ ਫੁੱਲ ਗੁਲਾਬ।
ਸੂਹਾ ਫੁੱਲ ਗੁਲਾਬ ਕਿਵੇਂ ਚਿੱਟੇ ਨੇ ਖਾਧਾ।
ਰਹਿੰਦੇ ਤਾਈਂ ਖਾ ਗਿਆ ਹੈ ਬਾਦਲ-ਵਾਧਾ।

ਪੰਜਾਬ ਵਿਚ ਨਸ਼ਿਆਂ ਦਾ ਛੇਵਾਂ ਦਰਿਆ ਚੱਲ ਰਿਹਾ ਹੈ। ਇਹ ਦਰਿਆ ਸਿਆਸਤਦਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਦਾ ਨਤੀਜਾ ਹੈ। ਸਿਆਸਤਦਾਨਾਂ ਖਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਨੂੰ ਸ਼ਾਇਰ ਜ਼ਿੰਮੇਵਾਰ ਕਹਿੰਦਾ ਹੈ:

ਨਸ਼ਾ ਪੰਜਾਬ ਨੂੰ ਪੱਟੀ ਜਾਵੇ ਜਾਂ ਪੱਟਦੀ ਅੱਜ ਰੈਲੀ।
ਧਰਤ ਗੁਰਾਂ ਦੀ ਪੱਟੀ ਜਾਂਦੇ ਲੀਡਰ ਹੋਗੇ ਵੈਲੀ।
ਲੀਡਰ ਹੋਗੇ ਵੈਲੀ ਇਨ੍ਹਾਂ 'ਚੋਂ ਮੁਖੀ ਅਕਾਲੀ।
ਧਰਕੇ ਵਰਤਣ ਧਰਮ ਬਾਗ਼ ਨੂੰ ਖਾਗੇ ਮਾਲੀ।

ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਲੋਕ ਪੰਥਕ ਸਰਕਾਰ ਕਹਿੰਦੇ ਹਨ, ਪ੍ਰੰਤੂ ਇਹ ਨਾਮ ਦੀ ਹੀ ਪੰਥਕ ਹੈ। ਪੰਥਕ ਸਰਕਾਰ ਬਾਰੇ ਇਹ ਸ਼ਿਅਰ ਇਸ ਪ੍ਰਕਾਰ ਲਿਖਿਆ ਹੈ:

ਵਿੱਚ ਪੰਜਾਬ ਦੇ ਸਾਰੇ ਆਖਣ ਮੈਂ 'ਪੰਥਕ ਸਰਕਾਰ'।
ਪਰ ਇਸ ਪੰਥਕ ਫ਼ੱਤੋ ਦੇ ਹਨ ਭੈੜੇ ਯਾਰ।
ਪੰਥਕ ਪੱਤਾ ਖੇਡ੍ਹਦਾ ਸਮੇਂ 'ਤੇ ਬਾਦਲ ਆਣ।
ਮੂਰਖ ਹੀ ਹਨ ਸਿੱਖ ਜੇ ਫਿਰ ਮੂਰਖ ਬਣ ਜਾਣ।
ਹੁਣ ਬਾਦਲ ਨੂੰ ਯਾਦ ਆਂਵਦਾ ਰਹਿ ਰਹਿ ਪੰਥ ਏਜੰਡਾ।
ਨਿਕਲੇ ਜੀਭ ਤੇ ਹੱਥੂ ਆਵੇ ਦਿਸੇ ਦਿੱਲੀ ਦਾ ਡੰਡਾ।

ਭ੍ਰਿਸ਼ਟਾਚਾਰ ਸੰਬੰਧੀ ਕਵੀ ਕਹਿੰਦਾ ਹੈ ਕਿ ਲਾਲਚ ਇਤਨਾ ਵੱਧ ਗਿਆ ਹੈ ਕਿ ਹਰ ਪਾਸੇ ਪੈਸਾ ਹੀ ਪੈਸਾ ਇਕੱਠਾ ਕਰਨ ਦੀ ਗੱਲ ਹੋ ਰਹੀ ਹੈ:

ਰੇਤਾ ਖਾਧੀ ਬਜਰੀ ਖਾਧੀ ਰੱਜ ਅਜੇ ਨਹੀਂ ਆਇਆ।
ਉਤੇ ਪਾਉਣ ਲਈ ਬਾਲਣ ਵਾਂਗੂੰ ਜੋੜ ਲਿਆ ਸਰਮਾਇਆ।

ਕਾਂਗਰਸ ਪਾਰਟੀ ਦੀ ਫੁੱਟ ਦਾ ਜ਼ਿਕਰ ਕਰਦਾ ਕਵੀ ਲਿਖਦਾ ਹੈ:

ਦੇਸ਼ ਪੰਜਾਬ ਦਾ ਹਾਲ ਦੇਖਲੋ ਜਿਸ ਨੂੰ 'ਕਾਲੀ' ਲੁੱਟਣ।
ਕਾਂਗਰਸੀਏ ਵੀ ਕਹੀ ਕੁਹਾੜੀ ਇਕ ਦੂਜੇ ਨੂੰ ਕੱਟਣ।

ਦੇਸ਼ ਵਿਚ ਭਗਵਾਂ ਭਾਰੂ ਹੋ ਗਿਆ ਹੈ, ਮਨਮਾਨੀਆਂ ਕਰ ਰਿਹਾ ਹੈ ਅਤੇ ਸਮੁੱਚੇ ਦੇਸ਼ ਨੂੰ ਭਗਵੇਂ ਰੰਗ ਵਿਚ ਰੰਗਣ ਦੀਆਂ ਨੀਤੀਆਂ ਬਣਾ ਰਿਹਾ ਹੈ। ਪਰਜਾ ਬੇਬਸ ਹੈ, ਕਿਉਂਕਿ ਰਾਜ ਭਾਗ ਵਿਚ ਬਹੁਮਤ ਹੀ ਜ਼ਿਆਦਾ ਹੈ। ਕਿਸੇ ਵੀ ਸਿਆਸਤਦਾਨ ਨੂੰ ਬੋਲਣ ਨਹੀਂ ਦਿੱਤਾ ਜਾ ਰਿਹਾ ਹੈ। ਜਿਹੜਾ ਬੋਲਦਾ ਉਸਨੂੰ ਜੇਲ੍ਹਾਂ ਦਾ ਡਰ ਬਣਾਇਆ ਹੋਇਆ ਹੈ। ਭਗਵਾਂਕਰਨ ਵਾਲੀ ਸਰਕਾਰ ਦੀ ਧੱਕੇਸ਼ਾਹੀ ਬਾਰੇ ਸ਼ਾਇਰ ਲਿਖਦਾ ਹੈ :

ਜਣੇ-ਖਣੇ ਨੂੰ ਕਹਿਣ ਸਾਧ-ਸਿੱਧੇ ਹੋ ਜਾਓ।
ਜੇ ਭਾਰਤ ਵਿਚ ਰਹਿਣਾ ਰਿੜ੍ਹਕੇ ਸ਼ਰਨ 'ਚ ਆਓ।
ਰਿੜ੍ਹਕੇ ਸ਼ਰਨ 'ਚ ਆਓ ਆਪਣੇ ਧਰਮ ਨੂੰ ਭੁੱਲੋ।
ਭਾਅ ਘਟਾ ਕੇ ਆਪਣਾ ਸੰਘ ਦੇ ਤੱਕੜ ਤੁੱਲੋ।

ਧਰਮ ਦੀ ਰਾਜਨੀਤੀ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਦਾ ਜ਼ਿਕਰ ਕਰਦਾ ਕਵੀ ਲਿਖਦਾ ਹੈ ਕਿ ਉਹ ਭਾਰਤ ਵਿਚ ਪਾਰਟੀ ਦਾ ਰਾਜ ਬਰਕਰਾਰ ਰੱਖਣ ਲਈ ਵੋਟਾਂ ਬਟੋਰਨ ਵਾਸਤੇ ਭਗਵਾਂਕਰਨ ਕਰ ਰਿਹਾ ਹੈ। ਕਵੀ ਲਿਖਦਾ ਹੈ:-

ਗੀਤਾ ਕੌਮੀ ਗ੍ਰੰਥ ਥਾਪਣਾ ਮੰਦਰ ਰਾਮ ਬਣਾਉਣਾ।
ਮੁੱਛਣੀਆਂ ਵੋਟਾਂ, ਭਾਰਤ ਉਤੇ ਭਗਵਾਂ ਹੈ ਲਹਿਰਾਉਣਾ।

ਦੂਜੇ ਭਾਗ ਕਾਵਿ ਰੰਗ ਵਿਚ 7 ਕਵਿਤਾਵਾਂ ਹਨ, ਜਿਨ੍ਹਾਂ ਵਿਚ ਬਾਬਾ ਦੀਪ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਲੋਕਾਂ ਦੀ ਕਦਰ ਦੀ ਦਾਸਤਾਂ ਅਤੇ ਬਾਕੀ ਪੰਜ ਕਵਿਤਾਵਾਂ ਵਿਚ ਵਰਤਮਾਨ ਪੰਜਾਬ ਦੀ ਤ੍ਰਾਸਦੀ ਦੇ ਸੰਤਾਪ ਬਾਰੇ ਦੁੱਖ ਪ੍ਰਗਟ ਕੀਤਾ ਗਿਆ ਹੈ।




**132 ਪੰਨਿਆਂ, 395 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਯੂਨੀਸਟਾਰ ਬੁਕਸ ਪ੍ਰਾਈਵੇਟ ਲਿ: ਮੋਹਾਲੀ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ : ਪ੍ਰੋ.ਸ਼ੇਰ ਸਿੰਘ ਕੰਵਲ: 6024822276**

ਕਾਵਿ ਸੰਗ੍ਰਹਿ ਦੇ ਪਹਿਲੇ 115 ਪੰਨਿਆਂ ਵਿਚ ਵਿਅੰਗਾਤਮਿਕ ਕਵਿਤਾਵਾਂ ਹਨ, ਜਿਨ੍ਹਾਂ ਵਿਚ ਵਰਤਮਾਨ ਸਮਾਜਿਕ, ਰਾਜਨੀਤਿਕ, ਆਰਥਿਕ, ਸੱਭਿਆਚਾਰਕ ਅਤੇ ਹੋਰ ਵਿਸੰਗਤੀਆਂ ਨੂੰ ਵਿਅੰਗ ਦੀ ਪਾਣ ਦੇ ਕੇ ਤਿੱਖੇ ਤੀਰ ਮਾਰੇ ਗਏ ਹਨ, ਤਾਂ ਜੋ ਪੰਜਾਬੀਆਂ ਵਿਚ ਆਪਣੀ ਅਮੀਰ ਵਿਰਾਸਤ 'ਤੇ ਪਹਿਰਾ ਦੇਣ ਦੀ ਭਾਵਨਾ ਪੁਨਰ ਸੁਰਜੀਤ ਹੋ ਸਕੇ। ਪਹਿਲਾ ਭਾਗ ਬਹੁਤ ਹੀ ਬੇਬਾਕੀ ਨਾਲ ਲਿਖਿਆ ਗਿਆ ਹੈ। ਸ਼ਾਇਰ ਦੇ ਆਪਣੇ ਮਨ ਦਾ ਗੁੱਸਾ ਸੰਸਾਰ ਦੀ ਵਰਤਮਾਨ ਸਥਿਤੀ ਬਾਰੇ ਕਵਿਤਾਵਾਂ ਵਿਚੋਂ ਝਲਕਦਾ ਹੈ। ਪ੍ਰੋ. ਸ਼ੇਰ ਸਿੰਘ ਕੰਵਲ ਦੇ ਇਹ ਸ਼ਿਅਰ ਪੰਜਾਬ, ਦੇਸ਼ ਅਤੇ ਸੰਸਾਰ ਵਿਚ ਵਾਪਰਨ ਵਾਲੀ ਹਰ ਘਟਨਾ ਦੇ ਪ੍ਰਤੀਕਰਮ ਵਜੋਂ ਲਿਖੇ ਗਏ ਹਨ। ਇਹ ਸ਼ਿਅਰ ਕਿਸੇ ਇੱਕ ਸਮੇਂ ਅਤੇ ਸਥਾਨ ਦੀ ਤਰਤੀਬ ਅਨੁਸਾਰ ਨਹੀਂ ਹਨ।

PUNJAB MAIL USA

TV Channel, Newspaper, Radio

24 Hours 7 Days




All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at

+1-916-320-9444





FOR SALE & PURCHASE OF ANY KIND OF PROPERTY



RE/MAX

Outstanding Agents
Outstanding Results®

DRE Lic. # 01215931 (Broker)

Gurjatinder S. Randhawa

REALTOR CA DRE licence # 01490567

916-320-9444